ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਕਲਾਸ : ਬੀ. ਏ. (ਅਰਥ ਵਿਗਿਆਨ)** **ਸਮੈਸਟਰ ਤੀਜਾ**

**ਪੇਪਰ : ਮੈਕਰੋਇਕਨਾਮਿਕਸ ਅਤੇ ਸਰਬਜਨਕ ਵਿੱਤ** **ਯੂਨਿਟ : 2**

**ਮੀਡੀਅਮ : ਪੰਜਾਬੀ**

ਪਾਠ ਨੰ.

2.1 : ਸਰਕਾਰੀ ਵਿੱਤ ਅਤੇ ਇਸ ਦੀ ਮਹੱਤਤਾ
2.2 : ਸਰਕਾਰੀ ਖਰਚ : ਸਿਧਾਂਤ, ਵਾਧੇ ਦੇ ਕਾਰਣ ਅਤੇ ਪ੍ਰਭਾਵ
2.3 : ਕਰਾਂ ਦਾ ਵਰਗੀਕਰਨ
2.4 : ਕਰ ਨਿਰਧਾਰਣ ਦੇ ਨਿਯਮ
2.5 : ਸਰਕਾਰੀ ਰਿਣ : ਭਾਰ, ਕਿਸਮਾਂ ਅਤੇ ਰਿਣ ਚੁਕਾਈ
2.6 : ਘਾਟੇ ਦਾ ਵਿੱਤੀਕਰਨ
2.7 : ਕਰ ਦਾ ਅਸਰ ਅਤੇ ਆਪਤਨ
2.8 : ਕਰਯੋਗ ਸਮਰੱਥਾ ਅਤੇ ਇਸ ਦੇ ਨਿਰਧਾਰਕ

**Department website : www.pbidde.org**

## B.A. PART-II (THIRD SEMESTER)

## MACRO ECONOMICS AND PUBLIC FINANCE

**For Regular Students,** lectures to be delivered: 9 Periods per week, 6 periods' theory and 3 period's tutorials (45 minutes each)

**For Regular Students**
Maximum Marks: 100
Internal Assessment: 25 Marks
External Assessment: 75 Marks

Time Allowed: 3 Hours
Pass Marks: 35%
Teaching Hours (For Regular Students): 55

**For Private and Distance Education Students**
Maximum Marks: 100

### INSTRUCTIONS FOR PAPER SETTERS

For ***Regular Students,*** the question paper will consist of three sections: A, B and C. Sections. A and B will have four questions each. Each question shall carry 12 marks. Section C will consist of 09 short answer type questions which will cover the entire syllabus uniformly and will carry 27 marks in all. Each short answer type question will carry 3 marks. The candidates are required to give answer of each short type question in about 100 words.

For ***Private and Distance Education Students***, the question paper will consist of three sections: A, B and C. Sections. A and B will have four questions each. Each question shall carry 16 marks. Section C will consist of 09 short answer type questions which will cover the entire syllabus uniformly and will carry 36 marks in all. Each short answer type question will carry 4 marks. The candidates are required to give answer of each short type question in about 100 words.

### INSTRUCTIONS FOR THE CANDIDATES

Candidates are required to attempt five questions in all selecting two questions from each of the Section A and B and the entire section C.

### SECTION -A

Distinction between Micro and Macro Economics. Determination of Income and Employment: Classical and Keynesian Models. Consumption and Investment Functions: Average and Marginal Propensity to consume: Static and dynamic Multiplier. Investment: Types, Investment demand schedule and factors affecting investment decisions.

### SECTION-B

Introduction to Public Finance: Nature, Scope and its Importance. Public Expenditure: Principles, Effects of Public Expenditure on Production and Distribution, Causes for the growth of Public expenditure.
Taxation: Classification, Canons and Characteristics of a good tax system. Incidence and Impact of Taxation: Demand and Supply Theory and Modern theory. Public Debt: Its Types and Role. Burden and Methods of Redemption of Public Debt. Deficit Financing: Objectives and Limitations.

### RECOMMENED READINGS

1. T.F. Durnbarg and McDougal: Macro Economics, McGraw Hill, New York, 1976 (full book).
2. O.P.Sharma: Macro Economics (Punjabi Medium), Punjabi University, Patiala.
3. M.C.Vaish, Macro Economic Theory, Oxford University Press.
4. Harvey J and Johnsson M: Introduction to Macro Economics, McMillan and London.

### SUPPLEMENTARY READINGS

1. Gardner Ackley: Macro Economic Theory, Macmillan, New York, 1985 (Full book).
2. C.W.Baird: Elements of Macro Economics, West Publishing Company, 1977 (Ch.2.11)
3. A.R. Musgrave and P.B.Musgrave : Public Finance in Theory and Practice, McGraw Hill, International Student's Edition, 1976, Chs. 9 and 16-20.
4. H.Dalton : Principles of Public Finance, London, Routeledge and Kegan Paul, 1936.
5. ਹਿਊ ਡਾਲਟਨ (ਅਨੁ. ਉਪਿੰਦਰਜੀਤ ਕੌਰ) : ਸਰਕਾਰੀ ਵਿੱਤ ਤੇ ਸਿਧਾਂਤ, ਪੰਜਾਬੀ ਯੂਨੀਵਰਸਿਟੀ, ਪਟਿਆਲਾ.

Professor & Head,
Department of Economics,
Punjabi University,Patiala(Pb.)-1470..

ਬੀ.ਏ. ਭਾਗ ਦੂਜਾ (ਸਮੈਸਟਰ ਤੀਜਾ) ਅਰਥ ਵਿਗਿਆਨ
ਸਰਬਜਨਕ ਵਿੱਤ

ਪਾਠ ਨੰਬਰ : **2.1** ਲੇਖਿਕਾ : ਡਾ. ਹਰਵਿੰਦਰ ਕੌਰ

Last updated on 5 May, 2023

## ਸਰਕਾਰੀ ਵਿੱਤ ਅਤੇ ਇਸ ਦੀ ਮਹੱਤਤਾ

**2.1.1 ਪਾਠ ਦੇ ਉਦੇਸ਼**
**2.1.2 ਜਾਣ ਪਛਾਣ**
**2.1.3 ਸਰਕਾਰੀ ਵਿੱਤ ਦਾ ਭਾਵ**
**2.1.4 ਸਰਕਾਰੀ ਵਿੱਤ ਦੀਆਂ ਪਰਿਭਾਸ਼ਾਵਾਂ**
**2.1.5 ਸਰਕਾਰੀ ਵਿੱਤ ਦਾ ਖੇਤਰ**
**2.1.6 ਸਰਕਾਰੀ ਵਿੱਤ ਅਤੇ ਨਿਜੀ ਵਿੱਤ ਵਿਚ ਅੰਤਰ**
**2.1.7 ਸਰਕਾਰੀ ਵਿੱਤ ਦੀ ਮਹੱਤਤਾ (ਆਰਥਿਕ ਅਤੇ ਸਮਾਜਿਕ)**
**2.1.8 ਸਰਕਾਰੀ ਵਿੱਤ ਦੇ ਨਿਯਮ**
**2.1.9 ਸਾਰਾਂਸ਼**
**2.1.10 ਛੋਟੇ ਪ੍ਰਸ਼ਨ**
**2.1.11 ਵੱਡੇ ਪ੍ਰਸ਼ਨ**
**2.1.12 ਪੜ੍ਹਨਯੋਗ ਪੁਸਤਕਾਂ**

### 2.1.1 ਪਾਠ ਦੇ ਉਦੇਸ਼

1 ਸਰਕਾਰੀ ਵਿੱਤ ਦੀਆਂ ਪਰਿਭਾਸ਼ਾਵਾਂ ਬਾਰੇ ਜਾਣਨਾ
2 ਸਰਕਾਰੀ ਵਿੱਤ ਅਤੇ ਨਿੱਜੀ ਵਿੱਤ ਵਿੱਚ ਅੰਤਰ ਬਾਰੇ ਜਾਣਨਾ
3 ਸਰਕਾਰੀ ਵਿੱਤ ਦੀ ਮਹੱਤਤਾ ਬਾਰੇ ਪਤਾ ਲਗਾਉਂਣਾ
4 ਸਰਕਾਰੀ ਵਿੱਤ ਦੇ ਨਿਯਮਾਂ ਬਾਰੇ ਜਾਣਨਾਂ

**2.1.2 ਜਾਣ ਪਛਾਣ** : ਸਰਕਾਰੀ ਵਿੱਤ ਦਾ ਅਧਿਐਨ ਸਰਕਾਰ ਦੇ ਪੱਖ ਤੋਂ ਅਰਥ-ਸ਼ਾਸਤਰ ਦਾ ਅਧਿਐਨ ਹੈ ਅਤੇ ਕਿਸੇ ਰਾਸ਼ਟਰ ਦੇ ਸਮਾਜਿਕ-ਆਰਥਿਕ ਵਿਕਾਸ ਵਿਚ ਸਰਕਾਰ ਦੀ ਭੂਮਿਕਾ ਬੜੀ ਅਹਿਮ ਅਤੇ ਵਿਸ਼ਾਲ ਹੈ। ਜੇਕਰ ਇਸ ਸੰਦਰਭ ਵਿੱਚ ਪਿਛਾਂਹ ਵੱਲ ਝਾਤੀ ਮਾਰੀ ਜਾਵੇ ਤਾਂ ਪਤਾ ਚਲਦਾ ਹੈ ਕਿ ਅਠਾਰਵੀਂ ਅਤੇ ਉਨੀਵੀਂ ਸਦੀ ਵਿਚ ਸਰਕਾਰ ਦੀ ਭੂਮਿਕਾ ਬਹੁਤ ਸੀਮਿਤ ਸੀ। ਸਨਾਤਨੀ ਅਰਥ-ਸ਼ਾਸਤਰੀਆਂ ਦਾ ਵਿਸ਼ਵਾਸ਼ ''ਸਰਕਾਰ ਦੀ ਨਾਂ ਦਖਲ-ਅੰਦਾਜ਼ੀ ਦੀ ਨੀਤੀ'' (Laissez-Faire Policy) ਵਿਚ ਸੀ ਅਤੇ ਉਹਨਾਂ ਨੇ ਸਰਕਾਰ ਦੇ ਘੱਟੋ-ਘੱਟ ਕਾਰਜਾਂ ਦੀ ਹਮਾਇਤ ਕੀਤੀ ਸੀ। ਸਾਰੇ ਆਰਥਿਕ ਫੈਸਲੇ ਮੰਗ ਅਤੇ ਪੂਰਤੀ ਦੀਆਂ ਮੰਡੀ ਸ਼ਕਤੀਆਂ ਉਤੇ ਨਿਰਭਰ ਕਰਦੇ ਸਨ। ਭਾਵੇਂ ਨਵ-ਸਨਾਤਨੀ ਆਰਥਿਕ ਵਿਚਾਰਧਾਰਾ ਨੇ ਅਜਿਹੀ ਸਰਕਾਰੀ ਭੂਮਿਕਾ ਵਿੱਚ ਆਮਦਨ ਅਤੇ ਧਨ ਦੀ ਅਸਮਾਨ ਵੰਡ ਨੂੰ ਘਟਾਉਣ, ਜਨਤਾ ਨੂੰ ਜਰੂਰੀ ਬੁਨਿਆਦੀ ਲਾਭ ਮੁਹੱਈਆ ਕਰਾਉਣ ਅਤੇ ਗਰੀਬਾਂ ਨੂੰ ਸਮਾਜਿਕ ਲਾਭ ਦੇਣ ਵਰਗੇ ਉਦੇਸ਼ ਸ਼ਾਮਿਲ ਕਰਕੇ ਇਸ ਨੂੰ ਸਮਾਜਿਕ ਨਿਆਂ ਦੇ ਖੇਤਰ ਤੱਕ ਵਿਸਤ੍ਰਿਤ ਕਰ ਦਿੱਤਾ ਸੀ, ਪਰ ਸਰਕਾਰ ਦੀ ਆਰਥਿਕ ਗਤੀਵਿਧੀਆਂ ਕੇਵਲ 1930 ਦੇ ਵੱਡੇ ਆਰਥਿਕ ਮੰਦਵਾੜੇ ਦੌਰਾਨ ਅਤੇ ਉਪਰੰਤ ਹੀ ਠੋਸ ਰੂਪ ਵਿਚ ਵਧੀਆਂ। ਇਹ ਪਾਇਆ ਗਿਆ ਕਿ ਸੀਮਤ ਸਾਧਨਾਂ ਦੀ ਵੰਡ ਅਤੇ ਆਰਥਿਕ ਉਤਾਰ-ਚੜ੍ਹਾਵਾਂ ਨੂੰ ਨਿਯੰਤਰਣ ਵਿਚ ਲਿਆਉਣ ਲਈ ਮੰਡੀ ਅਰਥ-ਵਿਵਸਥਾ ਬੁਨਿਆਦੀ ਤੌਰ ਤੇ ਇਕ ਕੁਸ਼ਲ ਵਿਵਸਥਾ ਨਹੀਂ ਸੀ। ਕੇਂਨਜ਼ੀਅਨ ਅਰਥ-ਸ਼ਾਸਤਰੀਆਂ ਨੇ ਵੱਡੇ ਮੰਦਵਾੜੇ ਕਾਰਨ ਉਤਪੰਨ ਕਠਿਨਾਈਆਂ ਦਾ ਹੱਲ ਪੇਸ਼ ਕੀਤਾ ਅਤੇ ਇਸ ਗੱਲ ਤੇ ਬਲ ਦਿੱਤਾ ਕਿ ਰੋਜ਼ਗਾਰ ਅਤੇ ਰਾਸ਼ਟਰੀ

ਆਮਦਨ ਵਿਚ ਸਥਿਰਤਾ ਲਿਆਉਣ ਲਈ ਸਰਕਾਰ ਨੂੰ ਨਿਸ਼ਚੇ ਹੀ ਜਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਜੰਗ ਉਪਰੰਤ ਸਾਲਾਂ ਵਿੱਚ ਸਰਕਾਰ ਦੀ ਭੂਮਿਕਾ, ਵਿਸ਼ੇਸ ਤੌਰ ਤੇ ਵਿਕਾਸਸ਼ੀਲ ਦੇਸ਼ਾਂ ਦੇ ਆਰਥਿਕ ਵਿਕਾਸ ਲਈ ਸਰਕਾਰ ਦੁਆਰਾ ਸ਼ੁਰੂ ਕੀਤੀ ਆਰਥਿਕ ਯੋਜਨਾਬੰਦੀ ਦੇ ਖੇਤਰ ਵਿੱਚ ਵਧੀ।

ਇਸ ਤਰ੍ਹਾਂ ਸਪਸ਼ਟ ਹੈ ਕਿ ਕਲਾਸੀਕਲ ਅਰਥ-ਸ਼ਾਸ਼ਤਰੀਆਂ ਦੇ ਸਮੇਂ ਸਰਕਾਰੀ ਵਿੱਤ ਦਾ ਘੇਰਾ ਕੁਝ ਕੰਮਾਂ ਲਈ ਸੀਮਤ ਸੀ, ਪ੍ਰੰਤੂ ਸਮੇਂ ਦੇ ਗੇੜ ਨਾਲ ਸਰਕਾਰ ਦੇ ਕੰਮਾਂ ਕਾਰਾਂ ਵਿਚ ਬਹੁਤ ਵਾਧਾ ਹੋ ਗਿਆ। ਸਾਡੀ ਜ਼ਿੰਦਗੀ ਵਿਚ ਹਰ ਪੜਾਅ ਤੇ ਸਰਕਾਰੀ ਦਖਲ ਆਮ ਨਜ਼ਰ ਆਉਂਦਾ ਹੈ। ਡਾ. ਸ਼ਰਮਾ ਅਨੁਸਾਰ, 'ਆਧੁਨਿਕ ਸਰਕਾਰ ਦੇਸ਼ ਵਿਚ ਰਹਿ ਰਹੇ ਵਿਅਕਤੀਆਂ ਦੀਆਂ ਜਨਮ ਤੋਂ ਲੈ ਕੇ ਮੌਤ ਤੱਕ ਦੀਆਂ ਕ੍ਰਿਆਵਾਂ ਦਾ ਧਿਆਨ ਰੱਖਦੀ ਹੈ। ਉਦਾਹਰਣ ਵਜੋਂ ਸਰਕਾਰ (ਸਥਾਨਕ) ਬੱਚੇ ਦੇ ਜਨਮ ਤੋਂ ਪਹਿਲਾਂ ਹੀ ਮਾਂ ਨੂੰ ਬੱਚੇ ਦੀ ਸਿਹਤ ਸਬੰਧੀ ਅਤੇ ਮਾਂ ਦੀ ਸਿਹਤ ਬਾਰੇ ਜਾਣਕਾਰੀ ਦੇਣਾ ਸ਼ੁਰੂ ਕਰ ਦਿੰਦੀ ਹੈ। ਬੱਚੇ ਦੇ ਜਨਮ ਤੇ ਜੱਚਾ-ਬੱਚਾ ਦੀਆਂ ਸਹੂਲਤਾਂ ਦਾ ਪ੍ਰਬੰਧ ਕਰਦੀ ਹੈ, ਉਸ ਨੂੰ ਲੋੜੀਂਦੀਆਂ ਡਾਕਟਰੀ ਸਹੂਲਤਾਂ ਪ੍ਰਦਾਨ ਕਰਦੀ ਹੈ। ਬੱਚੇ ਦੇ ਖੇਲਣ ਲਈ ਪਬਲਿਕ ਪਾਰਕਾਂ, ਚੰਗੇ ਪਾਣੀ, ਦੁੱਧ, ਸਿਹਤ ਸਫਾਈ ਅਤੇ ਟੀਕੇ ਆਦਿ ਦਾ ਪ੍ਰਬੰਧ ਕਰਦੀ ਹੈ। ਜਿਸ ਸਮੇਂ ਬੱਚਾ ਸਕੂਲ ਜਾਣ ਦੇ ਯੋਗ ਹੋ ਜਾਂਦਾ ਹੈ ਤਾਂ ਉਸ ਦੀ ਪੜ੍ਹਾਈ ਲਈ ਸਕੂਲ, ਕਾਲਜ ਅਤੇ ਯੂਨੀਵਰਸਿਟੀ ਦਾ ਪ੍ਰਬੰਧ ਕਰਦੀ ਹੈ। ਸਿੱਖਿਆ ਪ੍ਰਾਪਤ ਕਰਨ ਪਿਛੋਂ ਜਿਸ ਸਮੇਂ ਵਿਅਕਤੀ ਨੂੰ ਰੁਜ਼ਗਾਰ ਦੀ ਭਾਲ ਹੁੰਦੀ ਹੈ ਉਸ ਸਮੇਂ ਉਸ ਨੂੰ ਰੁਜ਼ਗਾਰ ਦੇਣ ਦੀ ਜਿੰਮੇਵਾਰੀ ਵੀ ਸਰਕਾਰ ਦੀ ਹੈ, ਭਾਵ ਜਾਂ ਤਾਂ ਉਸ ਨੂੰ ਰੁਜ਼ਗਾਰ ਦੁਆਏ ਜਾਂ ਫਿਰ ਬੇਰੁਜ਼ਗਾਰੀ ਭੱਤਾ ਦੇਵੇ। ਕੰਮ ਕਰਦੇ ਸਮੇਂ ਵਿਅਕਤੀ ਜੇਕਰ ਕਿਸੇ ਦੁਰਘਟਨਾ ਦਾ ਸ਼ਿਕਾਰ ਹੋ ਜਾਂਦਾ ਹੈ ਤਾਂ ਉਸ ਨੂੰ ਅਪਾਹਜ ਭੱਤਾ ਦੇਣ ਦੀ ਜ਼ਿੰਮੇਵਾਰੀ ਸਰਕਾਰ ਦੀ ਹੈ। ਬੁਢਾਪੇ ਵਿਚ ਬੁਢਾਪਾ ਪੈਨਸ਼ਨ ਦੇਣ ਦੀ ਜ਼ਿੰਮੇਵਾਰੀ ਸਰਕਾਰ ਦੀ ਹੈ ਅਤੇ ਮੌਤ ਤੋਂ ਪਿੱਛੋਂ ਜੇ ਵਿਅਕਤੀ ਦਾ ਕੋਈ ਵਾਲੀਵਾਰਸ ਨਹੀਂ ਤਾਂ ਉਸ ਦੀ ਆਖਰੀ ਰਸਮ ਭਾਵ ਅੰਤਿਮ ਸੰਸਕਾਰ ਵੀ ਸਰਕਾਰ ਹੀ ਕਰਦੀ ਹੈ।''

ਇਨ੍ਹਾਂ ਕੰਮਾਂ ਕਾਰਾਂ ਦਾ ਘੇਰਾ ਜਿਥੇ ਵਿਸਤਰਿਤ ਹੋਇਆ ਹੈ, ਉਸ ਦੇ ਨਾਲ ਹੀ ਇਨ੍ਹਾਂ ਕੰਮਾਂ ਕਾਰਾਂ ਦਾ ਸੰਘਣਾਪਣ ਵੀ ਬਹੁਤ ਵਧ ਗਿਆ ਹੈ। ਉਦਾਹਰਣ ਵਜੋਂ ਵਿਦਿਆ ਦੀਆਂ ਸਹੂਲਤਾਂ ਨੂੰ ਹੀ ਲੈ ਲਵੋ, ਪੁਰਾਣੇ ਸਮੇ ਵਿਚ ਸਰਕਾਰ ਸਾਧਾਰਣ ਅਧਿਆਪਕ ਅਤੇ ਪਾਠਸ਼ਾਲਾ ਦਾ ਹੀ ਪ੍ਰਬੰਧ ਕਰਦੀ ਸੀ, ਪ੍ਰੰਤੂ ਹੁਣ ਵਿਦਿਆ ਦਾ ਘੇਰਾ ਬਹੁਤ ਵਿਸ਼ਾਲ ਹੋ ਗਿਆ ਹੈ। ਪ੍ਰਾਇਮਰੀ ਸਕੂਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ, ਕਾਲਜ, ਯੂਨੀਵਰਸਿਟੀ ਵਿਦਿਆ ਦੇ ਨਾਲ-ਨਾਲ ਹਰ ਵਿਸ਼ੇ ਤੇ ਵਿਸ਼ੇਸ਼ ਕੋਰਸ, ਮੈਡੀਕਲ, ਇੰਜੀਨੀਅਰਿੰਗ, ਸਰੀਰਕ ਵਿਦਿਆ, ਤਕਨੀਕੀ ਸਿਖਿਆ ਆਦਿ ਮੁਹੱਈਆ ਕਰਨਾ ਲਾਜ਼ਮੀ ਹੋ ਗਿਆ। ਇਵੇਂ ਹੀ ਕਿਸੇ ਵੀ ਖੇਤਰ ਨੂੰ ਲੈ ਲਵੋ, ਸਰਕਾਰ ਦੇ ਕੰਮ ਕਾਰ ਬਹੁਤ ਵਧ ਗਏ ਹਨ, ਅਤੇ ਇਸ ਪ੍ਰਕਾਰ ਸਰਕਾਰੀ ਵਿੱਤ ਦਾ ਘੇਰਾ ਬਹੁਤ ਵਿਸ਼ਾਲ ਹੋ ਗਿਆ ਹੈ। ਸਿੱਟੇ ਵਜੋਂ ਆਧੁਨਿਕ ਸਰਕਾਰਾਂ ਦੇ ਕਾਰਜਾਂ ਦੇ ਵਧ ਜਾਣ ਨਾਲ ਕੁੱਲ ਸਰਕਾਰੀ ਖ਼ਰਚ ਬਹੁਤ ਤੇਜ਼ੀ ਨਾਲ ਵਧ ਰਿਹਾ ਹੈ। ਸਰਕਾਰੀ ਵਿਤ ਰਾਹੀਂ ਸਰਕਾਰ ਆਰਥਿਕ ਜੀਵਨ ਤੇ ਉਸਾਰੂ ਪ੍ਰਭਾਵ ਪਾ ਸਕਦੀ ਹੈ ਅਤੇ ਸਰਕਾਰੀ ਵਿੱਤ ਇਛਤ ਸਮਾਜਿਕ ਅਤੇ ਆਰਥਿਕ ਪਰਿਵਰਤਨ ਲਿਆਉਣ ਲਈ ਇੱਕ ਹੱਥਠੋਕੇ ਵਜੋਂ ਇਸਤੇਮਾਲ ਕੀਤਾ ਜਾ ਸਕਦਾ ਹੈ।

### 2.1.3 ਸਰਕਾਰੀ ਵਿੱਤ ਤੋਂ ਭਾਵ (Meaning of Public Finance)

ਸਰਕਾਰੀ ਵਿੱਤ ਇਕ ਅਜਿਹਾ ਵਿਸ਼ਾ ਹੈ ਜਿਸ ਰਾਹੀਂ ਕੇਂਦਰੀ, ਪ੍ਰਾਂਤਕ ਅਤੇ ਸਥਾਨਕ ਸਰਕਾਰ ਦੀ ਆਮਦਨ ਅਤੇ ਖ਼ਰਚ ਦਾ ਅਧਿਐਨ ਕੀਤਾ ਜਾਂਦਾ ਹੈ। ਹਰੇਕ ਸਰਕਾਰ ਨੂੰ ਲੋਕ ਭਲਾਈ ਦੇ ਅਜਿਹੇ ਕਾਰਜ ਕਰਨੇ ਪੈਂਦੇ ਹਨ, ਜਿਨ੍ਹਾਂ ਨੂੰ ਕੋਈ ਇੱਕਲਾ ਵਿਅਕਤੀ ਨਿੱਜੀ ਤੌਰ ਤੇ ਉਚਿਤ ਢੰਗ ਨਾਲ ਨਹੀਂ ਕਰ ਸਕਦਾ। ਸੰਖੇਪ ਵਿਚ ਜ਼ਰੂਰੀ ਖ਼ਰਚੇ ਲਈ ਫੰਡ ਇੱਕਠਾ ਕਰਨਾ ਹੀ ਸਰਕਾਰੀ ਵਿੱਤ ਦਾ ਵਿਸ਼ਾ ਹੈ। ਆਧੁਨਿਕ ਅਰਥ-ਸ਼ਾਸ਼ਤਰੀਆਂ ਵਲੋਂ ਨਾਂ ਕੇਵਲ ਆਮਦਨ ਅਤੇ ਖ਼ਰਚ ਨੂੰ ਹੀ ਸਰਕਾਰੀ ਵਿਤ ਵਿਚ ਸ਼ਾਮਿਲ ਕੀਤਾ ਜਾਂਦਾ ਹੈ ਸਗੋਂ ਵਿਤੀ ਨੀਤੀਆਂ ਦੇ ਅਮਲ ਅਤੇ ਪ੍ਰਭਾਵ ਨੂੰ ਵੀ ਸ਼ਾਮਿਲ ਕੀਤਾ ਜਾਂਦਾ ਹੈ। ਇਸ ਤਰ੍ਹਾਂ ਵਿੱਤੀ ਔਕੜਾਂ ਅਤੇ ਵਿੱਤੀ ਨੀਤੀਆਂ ਵੀ ਸਰਕਾਰੀ ਵਿੱਤ ਦਾ ਅਨਿੱਖੜਵਾਂ ਅੰਗ ਹਨ। ਵਿੱਤੀ ਕਾਰਜਾਂ ਅਤੇ ਨੀਤੀਆਂ ਦਾ ਰਾਸ਼ਟਰੀ ਪੈਦਾਵਾਰ, ਰਾਸ਼ਟਰੀ ਆਮਦਨ, ਜੀਵਨ ਪੱਧਰ, ਧਨ ਅਤੇ ਆਮਦਨ ਦੀ ਵੰਡ ਇਤਿਆਦ ਉਤੇ ਪ੍ਰਭਾਵ ਪੈਂਦਾ ਹੈ। ਇਸ ਲਈ ਸਰਕਾਰੀ ਵਿੱਤ ਦੀ ਹਰੇਕ ਕਿਰਿਆ ਨਾਲ ਹਰ ਦੇਸ਼ ਵਾਸੀ ਦਾ ਸੰਬੰਧ ਹੈ।

### 2.1.4 ਸਰਕਾਰੀ ਵਿੱਤ ਦੀਆਂ ਪਰਿਭਾਸ਼ਾਵਾਂ (Definitions of Public Finance)

ਅਰਥ ਵਿਗਿਆਨੀਆਂ ਨੇ ਇਸ ਵਿਸ਼ੇ ਦੇ ਕਿਸੇ ਨਾ ਕਿਸੇ ਪੱਖ ਤੇ ਬਲ ਦਿੰਦੇ ਹੋਏ ਸਰਕਾਰੀ ਵਿੱਤ ਦੀ ਵੱਖੋ–ਵੱਖਰੇ ਢੰਗ ਨਾਲ ਪਰਿਭਾਸ਼ਾ ਦਿੱਤੀ ਹੈ। ਸਰਕਾਰੀ ਵਿੱਤ ਦਾ ਸੰਬੰਧ ਰਾਜ ਦੀਆਂ ਗਤੀਵਿਧੀਆਂ ਲਈ ਧਨ ਰਾਸ਼ੀ ਮੁਹੱਈਆ ਕਰਨ ਨਾਲ ਹੈ। ਇਸ ਵਿਸ਼ੇ ਦੇ ਪੁਰਾਣੇ ਲੇਖਕਾਂ ਨੇ ਸਰਕਾਰੀ ਵਿੱਤ ਦੀ ਸੰਕੀਰਣ ਢੰਗ ਨਾਲ ਪਰਿਭਾਸ਼ਾ ਕਰਨ ਦਾ ਯਤਨ ਕੀਤਾ ਸੀ, ਭਾਵੇਂ ਹੁਣ ਅਜਿਹੀ ਸਥਿਤੀ ਨਹੀਂ ਹੈ।

ਸਨਾਤਨੀ ਅਰਥ ਸ਼ਾਸਤਰੀਆਂ ਵਿਚ ਸਰਕਾਰੀ ਵਿੱਤ ਦੇ ਖੇਤਰ ਅਤੇ ਵਿਸ਼ੇ ਸੰਬੰਧੀ ਇਕਸੁਰਤਾ ਨਹੀਂ ਸੀ। ਜਿੱਥੇ ਐਡਮ ਸਮਿਥ ਆਪਣੀ ਪੁਸਤਕ 'ਰਾਸ਼ਟਰ ਦੇ ਧਨ' ਵਿਚ ਖ਼ਰਚੇ ਨੂੰ ਪਹਿਲ ਦਿੰਦਾ ਹੈ। ਉਥੇ ਰਿਕਾਰਡੋ ਅਤੇ ਜੇ.ਐਸ.ਮਿਲ ਨੇ ਆਮਦਨ ਉੱਤੇ ਜ਼ਿਆਦਾ ਬਲ ਦਿੱਤਾ ਸੀ। ਜਿਥੋਂ ਤਕ ਨਵ–ਸਨਾਤਨੀਆਂ ਦਾ ਪ੍ਰਸ਼ਨ ਹੈ, ਉਹਨਾਂ ਵੀ ਸਰਕਾਰੀ ਵਿੱਤ ਦੀ ਚਰਚਾ ਨੂੰ ਘੱਟ ਹੀ ਮਹੱਤਵ ਦਿੱਤਾ, ਐਪਰ ਇਹ ਕਾਰਜ ਬੈਸਟਬੇਲ ਦਾ ਸੀ, ਜਿਸ ਨੇ ਸਰਕਾਰੀ ਵਿੱਤ ਦੇ ਸਿਲਸਿਲੇਵਾਰ ਅਧਿਐਨ ਦੀ ਪਹਿਲ ਕੀਤੀ। ਉਸਨੇ ਸਰਕਾਰੀ ਵਿੱਤ ਦੀ ਪਰਿਭਾਸ਼ਾ ਇਸ ਤਰ੍ਹਾਂ ਕੀਤੀ, ''ਸਰਕਾਰੀ ਵਿੱਤ ਰਾਜ ਦੇ ਸਰਕਾਰੀ ਅਧਿਕਾਰੀਆਂ ਦੀ ਆਮਦਨ ਅਤੇ ਖਰਚ ਅਤੇ ਉਨ੍ਹਾਂ ਦੇ ਆਪਸੀ ਸੰਬੰਧ ਅਤੇ ਵਿੱਤੀ ਪ੍ਰਬੰਧ ਅਤੇ ਨਿਯੰਤਰਣ ਨਾਲ ਸੰਬੰਧ ਰਖਦਾ ਹੈ।'' ਡਾਲਟਨ ਨੇ ਸਰਕਾਰੀ ਵਿੱਤੀ ਦੀ ਪਰਿਭਾਸ਼ਾ ਇਸ ਤਰ੍ਹਾਂ ਕੀਤੀ, 'ਇਸ ਦਾ ਸੰਬੰਧ ਸਰਕਾਰੀ ਅਧਿਕਾਰੀਆਂ ਦੀ ਆਮਦਨ ਅਤੇ ਖਰਚ ਦੇ ਨਾਲ–ਨਾਲ ਇਨ੍ਹਾਂ ਦੇ ਆਪਸੀ ਸਮਾਯੋਜਨ ਨਾਲ ਵੀ ਹੈ।' ਪ੍ਰਤੱਖ ਤੌਰ ਤੇ ਸਰਕਾਰੀ ਵਿੱਤ ਦੀ ਇਸ ਪਰਿਭਾਸ਼ਾ ਦਾ ਸੰਬੰਧ ਕੇਂਦਰੀ ਸਰਕਾਰ, ਨਗਰ ਪਾਲਿਕਾਵਾਂ, ਨਿਗਮਾਂ ਅਤੇ ਅਜਿਹੀਆਂ ਹੋਰ ਪ੍ਰਬੰਧਕੀ ਇਕਾਈਆਂ ਦੇ ਆਮਦਨ ਅਤੇ ਖ਼ਰਚੇ ਦੇ ਸਮਾਯੋਜਨ ਨਾਲ ਹੈ। ਫਿਲਿਪ ਈ. ਟੇਲਰ (Philip E. Taylor) ਕਹਿੰਦਾ ਹੈ, ''ਸਰਕਾਰੀ ਵਿੱਤ ਸਰਕਾਰੀ ਸੰਸਥਾ ਅਧੀਨ ਗਠਿਤ ਸਮੂਹ ਵਜੋਂ ਜਨਤਾ ਦੇ ਪੈਸੇ ਨਾਲ ਸਬੰਧਿਤ ਹੈ।'' ਸਰਕਾਰੀ ਵਿੱਤ ਵਿਚ ਸਰਕਾਰੀ ਫੰਡ ਨੂੰ ਇਕੱਤਰ ਕਰਨਾ ਅਤੇ ਫਿਰ ਇਹਨਾਂ ਨੂੰ ਤਕਸੀਮ ਕਰਨਾ ਸ਼ਾਮਲ ਹੈ। ਸਰਕਾਰੀ ਵਿੱਤ ਦਾ ਸੰਬੰਧ ਸਰਕਾਰੀ ਖਜਾਨੇ ਦੀ ਕਾਰਜਸ਼ੀਲਤਾ ਨਾਲ ਹੈ। ਇਸ ਦੀਆਂ ਨੀਤੀਆਂ ਮਾਲੀ ਨੀਤੀਆਂ ਹਨ ਅਤੇ ਇਸ ਦੀਆਂ ਕਠਿਨਾਈਆਂ ਮਾਲੀ ਕਠਿਨਾਈਆਂ ਹਨ।

ਇਸ ਤਰ੍ਹਾਂ ਸਰਕਾਰੀ ਵਿੱਤ ਇਹ ਦਰਸਾਉਂਦਾ ਹੈ ਕਿ ਸਰਕਾਰੀ ਅਧਿਕਾਰੀ ਫੰਡ ਕਿਵੇਂ ਇਕੱਤਰ ਕਰਦੇ ਹਨ, ਉਹ ਖਰਚਾ ਕਿਵੇਂ ਕਰਦੇ ਹਨ, ਅਤੇ ਆਮਦਨ ਤੇ ਖ਼ਰਚ ਵਿਧੀ ਸਮਾਜ ਦੇ ਆਰਥਿਕ ਅਤੇ ਸਮਾਜਿਕ ਪੱਖਾਂ ਤੇ ਕਿਵੇਂ ਪ੍ਰਭਾਵ ਪਾ ਰਹੀ ਹੈ ਜਾਂ ਪਾਵੇਗੀ। ਇਹਨਾਂ ਪੱਖਾਂ ਤੋਂ ਸਰਕਾਰੀ ਵਿੱਤ ਦੇ ਖੇਤਰ ਨੂੰ ਅਤੇ ਸਰਕਾਰੀ ਵਿੱਤ ਦੇ ਵਿਗਿਆਨ ਨੂੰ ਵਾਸਤਵਿਕ ਵਿਗਿਆਨ (Positive Science) ਕਿਹਾ ਜਾ ਸਕਦਾ ਹੈ।

ਕੇਂਨਜ਼ੀਅਨ ਵਿਚਾਰਧਾਰਾ ਦੇ ਪ੍ਰਭਾਵ ਤਹਿਤ ਆਰਥਿਕ ਸਿਧਾਂਤ ਵਿਚ ਕ੍ਰਾਂਤੀ ਆਈ ਅਤੇ ਕਲਾਸੀਕਲ ਸਿਧਾਂਤ ਨੂੰ ਤਿਆਗ ਦਿੱਤਾ ਗਿਆ। ਕੇਂਨਜ਼ ਦਾ **'ਆਮ ਸਿਧਾਂਤ'** ਕੁਝ ਅਜਿਹੇ ਸਮਾਜਕ, ਆਰਥਕ ਉਦੇਸ਼ਾਂ ਜੋ ਕੁਝ ਸਮਾਜਕ–ਆਰਥਿਕ ਕਠਿਨਾਈਆਂ ਵਿਚੋਂ ਉਤਪੰਨ ਹੁੰਦੇ ਹਨ, ਨੂੰ ਪੂਰਾ ਕਰਨ ਲਈ ਵਿੱਤੀ ਨੀਤੀ ਬਨਾਉਣ ਲਈ ਠੋਸ ਆਧਾਰ ਮੁਹੱਈਆ ਕਰਦਾ ਹੈ। ਇਸ ਦਾ ਉਦੇਸ਼ ਪੂਰਨ ਰੋਜ਼ਗਾਰ ਦੀ ਹਾਲਤ ਪੈਦਾ ਕਰਨਾ, ਸਥਿਰਤਾ ਤੇ ਵਿਕਾਸ ਲਿਆਉਣਾ ਸੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਤੇ ਡਾਕਟਰ ਡਾਲਟਨ (Dr. Dalton) ਦੀਆਂ ਬਾਅਦ ਵਾਲੇ ਐਡੀਸ਼ਨ ਦੀਆਂ ਪੁਸਤਕਾਂ ਤੋਂ ਹੋਇਆ ਸੀ। ਇਸ ਤਰ੍ਹਾਂ ਰੋਲਫ ਤੇ ਬਰੇਕ (Rolph and Break) ਦਾ ਵਿਚਾਰ ਹੈ, ਸਰਕਾਰੀ ਵਿੱਤੀ ਨੀਤੀਆਂ ਦੇ ਪ੍ਰਭਾਵ ਦਾ ਮੁਲਾਂਕਣ ਕਿਹਾ ਜਾ ਸਕਦਾ ਹੈ। ਪ੍ਰਾਪਤ ਕੀਤੇ ਸਿੱਟਿਆਂ ਦੇ ਮੁਲਾਂਕਣ ਵਿਚ ਮੁੱਲ ਬਾਰੇ ਅਨੁਮਾਨ ਵੀ ਸ਼ਾਮਿਲ ਹੈ। ਆਧੁਨਿਕ ਯੁਗ ਵਿਚ ਸਰਕਾਰੀ ਵਿੱਤ ਦਾ ਖੇਤਰ ਵਿਸ਼ਾਲ ਹੋ ਗਿਆ ਹੈ। ਅਤੇ ਸਰਕਾਰੀ ਵਿੱਤ ਦੇ ਅਧਿਐਨ ਨੂੰ ਆਦਰਸ਼ਾਤਮਕ ਵਿਗਿਆਨ (Normative Science) ਵੀ ਕਿਹਾ ਜਾ ਸਕਦਾ ਹੈ ਕਿਉਂਕਿ ਰਿਚਰਡ ਏ. ਮਸਗ੍ਰੇਵ (Richard A. Musgrave) ਨੇ ਕਿਹਾ ਹੈ, ''ਉਹ ਗੁੰਝਲਦਾਰ ਸਮੱਸਿਆਵਾਂ ਜੋ ਸਰਕਾਰ ਦੀ ਆਮਦਨ ਅਤੇ ਖ਼ਰਚੇ ਦੀ ਵਿਧੀ ਵਿਚ ਆਉਂਦੀਆਂ ਹਨ, ਨੂੰ ਪਰੰਪਰਾਗਤ ਤੌਰ ਤੇ ਸਰਕਾਰੀ ਵਿੱਤ ਕਿਹਾ ਜਾਂਦਾ ਹੈ।' ਦੂਜੇ ਸ਼ਬਦਾਂ ਵਿਚ ਸਰਕਾਰੀ ਵਿੱਤ ਦਾ ਵਿਸ਼ਾ ਭਾਵੇਂ ਪੂਰਨ ਤੌਰ ਤੇ ਨਹੀਂ, ਪਰ ਤਾਰਕਿਕ ਤੌਰ ਤੇ ਸਰਕਾਰ ਦੇ ਕਾਰਜ ਦੇ ਵਿੱਤੀ ਪੱਖ ਨਾਲ ਸਬੰਧਤ ਹੈ।''

ਪ੍ਰੋ: ਸੀ.ਐਸ. ਸ਼ੂਪ (C.S.Schoup) ਕਹਿੰਦਾ ਹੈ ਕਿ ਸਰਕਾਰੀ ਵਿੱਤ ਵਿਧੀ ਸਰਕਾਰੀ ਸੇਵਾਵਾਂ ਦਾ ਵਰਣਨ ਅਤੇ ਵਿਸ਼ਲੇਸ਼ਣ ਕਰਦੀ ਹੈ, ਇਹ ਭਲਾਈ ਅਦਾਇਗੀਆਂ ਅਤੇ ਸਬਸਿਡੀ ਦਿੰਦੀ ਹੈ, ਜਿਸ ਦੁਆਰਾ ਇਨ੍ਹਾਂ ਉਦੇਸ਼ਾਂ ਲਈ ਖਰਚੇ ਨੂੰ ਟੈਕਸ ਲਾ ਕੇ, ਵਿਦੇਸ਼ੀ ਕਰਜ਼ਾ ਪ੍ਰਾਪਤ ਕਰਕੇ ਤੇ ਨਵੀਂ ਧਨ ਰਾਸ਼ੀ (ਪਰ ਕੀਮਤ ਨਹੀਂ) ਦਾ ਨਿਰਮਾਣ ਕਰਕੇ ਅਤੇ ਉਧਾਰ ਰਾਹੀਂ ਪੂਰਾ ਕੀਤਾ ਜਾਂਦਾ ਹੈ। ਦੂਜੇ ਪਾਸੋਂ, ਜਦੋਂ ਸਰਕਾਰ ਮਜ਼ਦੂਰ ਅਤੇ ਹੋਰ ਸਾਧਨ ਸੇਵਾਵਾਂ ਪ੍ਰਾਪਤ ਕਰਦੀ, ਤੇ ਫਰਮਾਂ ਰਾਹੀਂ ਪੈਦਾ ਕੀਤੀਆਂ ਵਸਤੂਆਂ ਤੇ ਸੇਵਾਵਾਂ ਖ਼ਰੀਦਦੀ ਹੈ ਤਾਂ ਧਨ ਰਾਸ਼ੀ ਅਤੇ ਕੀਮਤ ਦੋਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਦੱਸਦੀ ਹੈ ਕਿ ਸਰਕਾਰੀ ਅਧਿਕਾਰੀਆਂ ਦੇ ਆਮਦਨ ਪੈਦਾ ਕਰਨ ਦੇ ਚਾਰ ਸਾਧਨ ਹਨ (1) ਕਰ ਲਗਾਉਣਾ (2) ਉਧਾਰ ਲੈਣਾ (3) ਵਿਦੇਸ਼ੀ ਕਰਜ਼ ਅਤੇ ਸਹਾਇਤਾ ਲੈਣਾ ਅਤੇ (4) ਨਵੀਂ ਧਨ ਰਾਸ਼ੀ ਪੈਦਾ ਕਰਨਾ ਜਾਂ ਘਾਟੇ ਦੇ ਬਜਟ (Deficit financing) ਦਾ ਸਹਾਰਾ ਲੈਣਾ। ਸਰਕਾਰੀ ਖ਼ਰਚਾ ਮੁਫਤ ਜਾਂ ਹੋਰ ਸੇਵਾਵਾਂ ਮੁਹੱਈਆ ਕਰਨ ਜਾਂ ਸਮਾਜਕ ਲੋੜਾਂ ਦੀ ਪੂਰਤੀ ਕਰਨ, ਭਲਾਈ ਅਦਾਇਗੀਆਂ ਕਰਨ, ਉਤਪਾਦਨ ਸਾਧਨਾਂ ਦੀਆਂ ਸੇਵਾਵਾਂ ਖ਼ਰੀਦਣ ਅਤੇ ਹੋਰਨਾਂ ਦੁਆਰਾ ਪੈਦਾ ਕੀਤੀਆਂ ਵਸਤਾਂ ਅਤੇ ਸੇਵਾਵਾਂ ਦੀ ਖਰੀਦ ਕਰਨ ਤੇ ਖ਼ਰਚ ਕੀਤਾ ਜਾਂਦਾ ਹੈ।

ਸਰਕਾਰੀ ਵਿੱਤ ਦੀਆਂ ਉਪਰੋਕਤ ਪਰਿਭਾਸ਼ਾਵਾਂ ਇਹ ਦਰਸਾਉਂਦੀਆਂ ਹਨ ਕਿ ਆਧੁਨਿਕ ਸਮੇਂ ਵਿਚ ਸਰਕਾਰ ਦਾ ਖੇਤਰ ਵਿਸ਼ਾਲ ਹੋ ਗਿਆ ਹੈ, ਆਧੁਨਿਕ ਅਰਥ ਸ਼ਾਸਤਰੀ ਸਰਕਾਰੀ ਵਿੱਤ ਵਿਚ ਕੇਵਲ ਆਮਦਨ ਅਤੇ ਖਰਚੇ ਨੂੰ ਹੀ ਸ਼ਾਮਿਲ ਨਹੀਂ ਕਰਦੇ, ਸਗੋਂ ਵਿੱਤੀ ਕਾਰਜਾਂ ਨੂੰ ਵੀ ਬਰਾਬਰ ਦੀ ਮਾਨਤਾ ਦਿੰਦੇ ਹਨ, ਤਾਂ ਕਿ ਸਰਕਾਰੀ ਵਿੱਤ ਦਾ ਖੇਤਰ ਹੋਰ ਵੀ ਵਿਸ਼ਾਲ ਬਣ ਸਕੇ। ਇਸ ਤੋਂ ਇਲਾਵਾ ਮੁੱਲ ਦੀ ਵਰਤੋਂ, ਟੈਕਸ, ਉਧਾਰ ਲੈਣ, ਘਾਟੇ ਦੇ ਵਿੱਤ ਅਤੇ ਸਰਕਾਰੀ ਖਰਚੇ ਦੇ ਖੇਤਰ ਵਿਚ ਵੀ ਕੀਤੀ ਜਾ ਸਕਦੀ ਹੈ। ਇਸ ਲਈ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ, ਕਿ ਸਰਕਾਰੀ ਵਿੱਤ ਦਾ ਵਿਗਿਆਨ ਨਾਂ ਕੇਵਲ ਇਕ ਵਾਸਤਵਿਕ ਸਗੋਂ ਆਦਰਸ਼ਤਾਮਕ ਵਿਗਿਆਨ ਵੀ ਹੈ।

### 2.1.5 ਸਰਕਾਰੀ ਵਿੱਤ ਦਾ ਖੇਤਰ (Scope of Public Finance) :

ਤੁਸੀ ਜਾਣ ਗਏ ਹੋਵੋਗੇ ਕਿ ਸਰਕਾਰੀ ਵਿੱਤ ਦੇ ਵਿਗਿਆਨ ਦਾ ਸੰਬੰਧ ਸਰਕਾਰ ਦੇ ਵਿੱਤਾਂ ਨਾਲ ਹੈ, ਪਰ ਸਰਕਾਰੀ ਵਿੱਤ ਵਿੱਚ ਅਸੀਂ ਕੇਵਲ ਜ਼ਰੂਰਤ ਪੂਰਾ ਕਰਨ ਵਾਲੀ ਵਿਧੀ ਦੇ ਰੂਪ ਵਿਚ ਰਾਜ ਦੀਆਂ ਗਤੀਵਿਧੀਆਂ ਦਾ ਹੀ ਅਧਿਐਨ ਨਹੀਂ ਕਰਦੇ ਸਗੋਂ ਅਸੀਂ ਵਿੱਤੀ ਕਾਰਜਾਂ ਦੇ ਹੋਰ ਪੱਖਾਂ ਦਾ ਵੀ ਅਧਿਐਨ ਕਰਦੇ ਹਾਂ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਰਾਜ ਨੂੰ ਬਹੁਪੱਖੀ ਕਾਰਜ ਕਰਨੇ ਪੈਂਦੇ ਹਨ, ਅਤੇ ਇਨ੍ਹਾਂ ਕਾਰਜਾਂ ਦੀ ਪੂਰਤੀ ਲਈ ਫੰਡਾਂ ਦੀ ਜਰੂਰਤ ਪੈਂਦੀ ਹੈ। ਇਸ ਲਈ ਸਰਕਾਰੀ ਵਿੱਤ ਦਾ ਖੇਤਰ ਇਨ੍ਹਾਂ ਫੰਡਾਂ ਦੇ ਸੰਗ੍ਰਹਿਣ ਅਤੇ ਇਨ੍ਹਾਂ ਨੂੰ ਵੱਖ ਵੱਖ ਗਤੀਵਿਧੀਆਂ ਦੀਆਂ ਸ਼ਾਖਾਵਾਂ ਵਿਚ ਤਕਸੀਮ ਕਰਨਾ ਹੈ, ਜਿਨ੍ਹਾਂ ਕਾਰਜਾਂ ਨੂੰ ਰਾਜ ਦੇ ਕਰਤੱਵ ਕਿਹਾ ਜਾਂਦਾ ਹੈ। ਇਸ ਲਈ ਸਰਕਾਰੀ ਵਿੱਤ ਦੇ ਖੇਤਰ ਅਧੀਨ (ੳ) ਰਾਜ ਦੇ ਕਰੱਤਵ (ਅ) ਸਰਕਾਰੀ ਵਿੱਤ ਦੇ ਵਿਸ਼ਾ–ਵਸਤੂ ਦੀ ਵਿਆਖਿਆ ਕਰਦੇ ਹਾਂ।

**(ੳ) ਰਾਜ ਦੇ ਕਰੱਤਵ (Functions of Government)** : ਭਾਵੇਂ ਪਲੈਟੋ ਵਰਗੇ ਪੁਰਾਣੇ ਦਾਰਸ਼ਨਿਕਾਂ ਨੇ ਪ੍ਰਤੱਖ ਤੌਰ ਤੇ ਐਲਾਨ ਕੀਤਾ ਸੀ, ਕਿ 'ਸਰਕਾਰ ਨੂੰ ਆਰਥਿਕ ਅਤੇ ਗੈਰ–ਆਰਥਿਕ ਦੋਹਾਂ ਤਰ੍ਹਾਂ ਦੇ ਕਾਰਜਾਂ ਨੂੰ ਸੰਗਠਿਤ ਕਰਨਾ ਚਾਹੀਦਾ ਹੈ।' ਐਡਮ ਸਮਿਥ ਵਰਗੇ ਅਰਥ ਸ਼ਾਸ਼ਤਰੀਆਂ ਨੇ ਸਰਕਾਰੀ 'ਨਾ ਦਖਲ-ਅੰਦਾਜੀ' ਦੇ ਸਿਧਾਂਤ ਦਾ ਪ੍ਰਚਾਰ ਕੀਤਾ ਸੀ ਅਤੇ ਉਹ ਸਰਕਾਰੀ ਕਾਰਜਾਂ ਦੇ ਖੇਤਰ ਅਤੇ ਸਰਕਾਰੀ ਖ਼ਰਚ ਅਤੇ ਟੈਕਸ ਸੀਮਿਤ ਕਰਨ ਦੇ ਹੱਕ ਵਿੱਚ ਸੀ। ਸਰਕਾਰ ਦੀ ਭੂਮਿਕਾ ਇਹ ਸੀ, ਕਿ ਉਹ ਮੰਡੀ ਸ਼ਕਤੀਆਂ ਦੀ ਕਾਰਗੁਜਾਰੀ ਵਿਚ ਦਖ਼ਲ ਨਾ ਦੇਵੇ ਸਗੋਂ ਆਪਣੀਆਂ ਗਤੀਵਿਧੀਆਂ ਨੂੰ ਘੱਟੋ–ਘੱਟ ਜ਼ਰੂਰੀ ਲੋੜਾਂ ਤਕ ਹੀ ਸੀਮਤ ਰੱਖੇ।

ਸਰਕਾਰ ਦਾ ਪਹਿਲਾ ਕੰਮ ਇਹ ਸੀ ਕਿ ਉਹ ਅੰਦਰੂਨੀ ਗੜਬੜ ਤੋਂ ਸਮਾਜ ਦੀ ਰੱਖਿਆ ਕਰੇ, ਦੂਜਾ, ਕਿਸੇ ਹਿੰਸਾਜਨਕ ਜਾਂ ਅਨਿਆਂ ਪੂਰਵਕ ਹਮਲੇ ਤੋਂ ਦੇਸ਼ ਦੀ ਰੱਖਿਆ ਕਰੇ। ਵੱਡੇ ਆਰਥਿਕ ਮੰਦਵਾੜੇ ਸਮੇ ਮਾੜੇ ਤਜਰਬੇ ਨੇ ਆਰਥਿਕ ਵਿਚਾਰਵਾਨਾਂ ਅਤੇ ਰਾਜਸੀ ਲੀਡਰਾਂ ਦੇ ਵਿਸ਼ਵਾਸ ਨੂੰ ਬੁਰੀ ਤਰ੍ਹਾਂ ਤੋੜ ਦਿੱਤਾ ਸੀ। ਇਸ ਲਈ ਵਿਸ਼ੇਸ਼ ਕਰਕੇ ਤੀਹਵਿਆਂ ਤੋਂ ਬਾਦ ਰਾਜ ਦੀ ਧਾਰਣਾ ਅਤੇ ਇਸ ਦੇ ਕਰੱਤਵਾਂ ਬਾਰੇ

ਵਿਚਾਰਧਾਰਾ ਹੌਲੀ ਹੌਲੀ ਬਦਲ ਗਈ ਹੈ। ਕੇਨਜ ਅਤੇ ਉਸਦੇ ਹਮਾਇਤੀਆਂ ਨੇ ਸਪੱਸ਼ਟ ਰੂਪ ਵਿਚ ਇਸ ਗੱਲ ਤੇ ਬਲ ਦਿਤਾ, ਕਿ ਰਾਜ ਦੀਆਂ ਵਿੱਤੀ ਗਤੀਵਿਧੀਆਂ ਰਾਹੀਂ ਰੁਜ਼ਗਾਰ ਦੇ ਮੌਕੇ ਵਧਾਏ ਜਾ ਸਕਦੇ ਹਨ ਅਤੇ ਇਨ੍ਹਾਂ ਨੂੰ ਬਰਕਰਾਰ ਰੱਖਿਆ ਜਾ ਸਕਦਾ ਹੈ।

ਸਮੇਂ ਦੇ ਬੀਤਣ ਨਾਲ ਲੋਕ ਭਲਾਈ ਵਾਲੀ ਸਰਕਾਰ ਦੀ ਮਹਾਨਤਾ ਵਧ ਗਈ। ਸਰਕਾਰ ਨੂੰ ਡਾਕਟਰੀ ਸਹੂਲਤਾਂ, ਸਿੱਖਿਆ, ਗਰੀਬਾਂ ਨੂੰ ਸਹਾਇਤਾ, ਸਫਾਈ ਅਤੇ ਲੋਕ ਭਲਾਈ ਵਾਲੀਆਂ ਹੋਰ ਅਨੇਕ ਸੇਵਾਵਾਂ ਮੁਹੱਈਆ ਕਰਨੀਆਂ ਪੈਂਦੀਆਂ ਹਨ, ਤਾਂ ਕਿ ਸਮੁੱਚੇ ਸਮਾਜ ਦੀ ਭਲਾਈ ਵਿਚ ਵਾਧਾ ਹੋ ਸਕੇ। ਸਰਕਾਰਾਂ ਦੇ ਮੋਟੇ–ਮੋਟੇ ਕਾਰਜ ਅਸੀਂ ਹੇਠਾਂ ਲਿਖਦੇ ਹਾਂ :

**1) ਸੁਰੱਖਿਆਤਮਕ ਕਾਰਜ** (Protective Functions) : ਇਨ੍ਹਾਂ ਕਾਰਜਾਂ ਵਿੱਚ ਦੇਸ਼ ਵਿੱਚ ਅਮਨ–ਸ਼ਾਂਤੀ ਰੱਖਣਾ ਅਤੇ ਦੇਸ਼ ਨੂੰ ਬਾਹਰਲੇ ਹਮਲਿਆਂ ਤੋਂ ਬਚਾਉਣਾ ਸ਼ਾਮਲ ਹੈ। ਇਸ ਲਈ ਸਰਕਾਰ ਹਵਾਈ, ਜ਼ਮੀਨੀ ਅਤੇ ਸਮੁੰਦਰੀ ਫੌਜ ਅਤੇ ਪੁਲਿਸ ਰੱਖਦੀ ਹੈ, ਅਤੇ ਝਗੜੇ ਫਸਾਦਾਂ ਦਾ ਫੈਸਲਾ ਕਰਨ ਲਈ ਕਚਹਿਰੀਆਂ ਸਥਾਪਤ ਕਰਦੀ ਹੈ। ਫੌਜ ਬਾਹਰਲੀਆਂ ਫ਼ੌਜਾਂ ਨਾਲ ਲੜਦੀ ਹੈ ਅਤੇ ਦੇਸ਼ ਵਿਚਲੇ ਦੇਸ਼ ਧਰੋਹੀ ਅਨਸਰਾਂ ਨੂੰ ਦਬਾਉਣ ਦਾ ਕੰਮ ਕਰਦੀ ਹੈ।

**2) ਪ੍ਰਬੰਧਕੀ ਕਾਰਜ** (Administrative Functions): ਸਰਕਾਰ ਨੂੰ ਦੇਸ਼ ਦੇ ਅੰਦਰ ਸੁਚੱਜੇ ਪ੍ਰਬੰਧ ਲਈ ਕਈ ਵਿਭਾਗ ਸਥਾਪਿਤ ਕਰਨੇ ਪੈਂਦੇ ਹਨ ਜਿਨ੍ਹਾਂ ਉਤੇ ਚੋਖਾ ਖ਼ਰਚਾ ਕਰਨਾ ਪੈਂਦਾ ਹੈ ਅਤੇ ਜਿਸ ਕਰਕੇ ਕਈ ਕਰ ਲਗਾਉਣੇ ਪੈਂਦੇ ਹਨ। ਇਹ ਸਰਕਾਰ ਦਾ ਸਾਧਾਰਨ ਕੰਮ ਹੈ। ਅਫ਼ਸਰਾਂ ਨੂੰ ਤਨਖਾਹਾਂ ਦੇਣੀਆਂ ਪੈਂਦੀਆਂ ਹਨ ਅਤੇ ਹੋਰ ਕਈ ਪ੍ਰਕਾਰ ਦੇ ਖ਼ਰਚੇ ਕਰਨੇ ਪੈਂਦੇ ਹਨ।

**3) ਸਮਾਜਿਕ ਕਾਰਜ** (Social Functions) : ਸਮਾਜ ਦੀ ਭਲਾਈ ਲਈ ਖਾਸ ਕਰਕੇ ਗਰੀਬ, ਬੀਮਾਰ, ਬੇਰੁਜ਼ਗਾਰ, ਅਪੰਗ ਲੋਕਾਂ ਦੀ ਭਲਾਈ ਲਈ ਸਰਕਾਰ ਖਰਚ ਕਰਦੀ ਹੈ। ਸਰਕਾਰ ਸਮਾਜਕ ਬੀਮੇ (Social Insurance) ਦੀ ਜ਼ਿੰਮੇਵਾਰੀ ਆਪਣੇ ਉਤੇ ਲੈਂਦੀ ਹੈ। ਸਰਕਾਰ ਉਨ੍ਹਾਂ ਬਜ਼ੁਰਗਾਂ ਨੂੰ ਪੈਨਸ਼ਨਾਂ ਦਿੰਦੀ ਹੈ, ਜਿਨ੍ਹਾਂ ਦਾ ਕੋਈ ਵਾਲੀ–ਵਾਰਸ ਨਾ ਹੋਵੇ। ਇਸ ਤੋਂ ਇਲਾਵਾ ਸਰਕਾਰ ਲੋਕਾਂ ਨੂੰ ਸਿੱਖਿਆ, ਮੈਡੀਕਲ ਸਹੂਲਤਾਂ ਅਤੇ ਸੈਰਗਾਹਾਂ ਆਦਿ ਦੀ ਸਹੂਲਤ ਦਿੰਦੀ ਹੈ। ਇਸ ਤਰ੍ਹਾਂ ਸਰਕਾਰ ਦੇਸ਼ ਦੇ ਮਨੁੱਖੀ ਸਾਧਨਾਂ ਦੇ ਵਿਕਾਸ ਵਿਚ ਹਿੱਸਾ ਪਾਉਂਦੀ ਹੈ।

**4) ਆਰਥਿਕ ਅਤੇ ਵਪਾਰਕ ਕਾਰਜ** (Economic and Commerical Functions) : ਅਰਥ ਵਿਗਿਆਨ ਵਿੰਚ ਤਾਂ ਅਸੀਂ ਸਰਕਾਰ ਦੇ ਆਰਥਿਕ ਅਤੇ ਵਪਾਰਕ ਕਾਰਜਾਂ ਨਾਲ ਸਬੰਧ ਰਖਦੇ ਹਾਂ। ਇਹ ਕਾਰਜ ਵਪਾਰ ਅਤੇ ਉਦਯੋਗ ਦੇ ਵਾਧੇ ਅਤੇ ਪ੍ਰਫੁੱਲਤਾ ਨਾਲ ਸੰਬੰਧ ਰਖਦੇ ਹਨ। ਸਰਕਾਰ ਉਦਯੋਗਾਂ ਨੂੰ ਕਈ ਪ੍ਰਕਾਰ ਦੀਆਂ ਸਹੂਲਤਾਂ ਦਿੰਦੀ ਹੈ ਅਤੇ ਉਨ੍ਹਾਂ ਨੂੰ ਨਿਯੰਤ੍ਰਣ (Regulate) ਵੀ ਕਰਦੀ ਹੈ ਤਾਂ ਜੋ ਲੋਕ ਹਿੱਤਾਂ ਦੀ ਪੂਰਤੀ ਹੋ ਸਕੇ।

ਸਰਕਾਰ ਦੇ ਆਰਥਿਕ ਕਾਰਜਾਂ ਵਿਚ ਨਿਮਨ ਕਾਰਜ ਸ਼ਾਮਲ ਹਨ :

**(i) ਸਾਧਨਾਂ ਦੀ ਉਤਮ ਵਰਤੋਂ ਦਾ ਕਾਰਜ** (Optimum utilisation of Resources): ਅੱਜ ਕੱਲ ਦੀਆਂ ਸਰਕਾਰਾਂ ਇਸ ਗੱਲ ਦਾ ਵੀ ਜ਼ਿੰਮਾ ਆਪਣੇ ਉਤੇ ਲੈਂਦੀਆਂ ਹਨ, ਕਿ ਦੇਸ਼ ਦੇ ਭੌਤਿਕ ਅਤੇ ਮਨੁੱਖੀ ਸਾਧਨਾਂ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਵੇ, ਕਿਉਂਕਿ ਇਹ ਸਾਧਨ ਸੀਮਤ ਹਨ, ਜਦਕਿ ਇਨ੍ਹਾਂ ਤੋਂ ਪੂਰੀਆਂ ਕੀਤੀਆਂ ਜਾਣ ਵਾਲੀਆਂ ਲੋੜਾਂ ਅਸੀਮਤ ਹਨ ਅਤੇ ਇਨ੍ਹਾਂ ਸਾਧਨਾਂ ਦੀ ਵਰਤੋਂ ਵੀ ਕਈ ਪ੍ਰਕਾਰ ਹੋ ਸਕਦੀ ਹੈ। ਇਹ ਜਰੂਰੀ ਹੈ ਕਿ ਇਨ੍ਹਾਂ ਸਾਧਨਾਂ ਨੂੰ ਕਿਸੇ ਪ੍ਰਕਾਰ ਵੀ ਅਜਾਈਂ ਨਾ ਗਵਾਇਆ ਜਾਵੇ। ਇਸ ਮਹੱਤਵਪੂਰਣ ਕਾਰਜ ਨੂੰ ਭਲੀ–ਭਾਂਤ ਸਿਰੇ ਚੜ੍ਹਾਉਣ ਲਈ ਸਰਕਾਰ ਯੋਜਨਾ ਕਮਿਸ਼ਨ ਸਥਾਪਿਤ ਕਰਦੀ ਹੈ ਜਿਸ ਦਾ ਖਰਚ ਵੀ ਸਰਕਾਰ ਨੂੰ ਬਰਦਾਸ਼ਤ ਕਰਨਾ ਪੈਂਦਾ ਹੈ।

**(ii) ਆਰਥਿਕ ਸਥਿਰਤਾ** (Economic Stability): ਆਰਥਿਕ ਜੀਵਨ ਅਤੇ ਕ੍ਰਿਆ ਨੂੰ ਨਿਰਵਿਘਨ ਚਲਦੇ ਰੱਖਣਾ ਹੁੰਦਾ ਹੈ, ਸੋ ਸਰਕਾਰ ਆਰਥਿਕ ਉਤਾਰ ਚੜ੍ਹਾਵਾਂ (Economic fluctuations) ਨੂੰ ਨਿਯੰਤ੍ਰਿਤ ਕਰਨ ਦਾ ਯਤਨ ਕਰਦੀ ਹੈ। ਜੇ ਇਹ ਨਾਂ ਰੋਕੇ ਜਾ ਸਕਣ ਤਾਂ ਮੰਦੇ ਕਾਰਣ ਉਤਪਾਦਕਾਂ ਨੂੰ ਬਹੁਤ ਹਾਨੀ ਹੁੰਦੀ ਹੈ, ਜਿਸ ਦਾ ਸਿੱਟਾ ਗਰੀਬੀ ਅਤੇ ਬੇਰੁਜ਼ਗਾਰੀ ਹੁੰਦਾ ਹੈ। ਜਦੋਂ ਇਸ ਪ੍ਰਕਾਰ ਦਾ ਸੰਕਟ ਆ ਜਾਵੇ ਤਾਂ

ਸਰਕਾਰ ਦਿਲ ਖੋਲ੍ਹ ਕੇ ਖਰਚ ਕਰਦੀ ਹੈ ਅਤੇ ਕਈ ਪ੍ਰਕਾਰ ਦੇ ਕੰਮ ਸ਼ੁਰੂ ਕਰ ਲੈਂਦੀ ਹੈ, ਜਿਵੇਂ ਸੜਕਾਂ, ਨਹਿਰਾਂ ਬਣਾਉਣਾ ਆਦਿ। ਇਸ ਤਰ੍ਹਾਂ ਸਰਕਾਰ ਵਪਾਰ ਚੱਕਰਾਂ ਨੂੰ ਰੋਕਣ ਅਤੇ ਆਰਥਿਕ ਸਥਿਰਤਾ ਲਿਆਉਣ ਦਾ ਯਤਨ ਕਰਦੀ ਹੈ। ਇਹ ਵੀ ਕਾਫੀ ਵੱਡੇ ਖਰਚ ਹੁੰਦੇ ਹਨ ਜੋ ਸਰਕਾਰ ਦੇ ਸਿਰ ਪੈ ਜਾਂਦੇ ਹਨ।

**(iii) ਆਰਥਿਕ ਸਮਾਨਤਾ** (Economic Equality) : ਦੇਸ਼ ਦੀਆਂ ਵੱਖ-ਵੱਖ ਸ਼੍ਰੇਣੀਆਂ ਦੇ ਲੋਕਾਂ ਵਿਚ ਵੱਧ ਤੋਂ ਵੱਧ ਆਰਥਿਕ ਸਮਾਨਤਾ ਸਥਾਪਤ ਕਰਨਾ ਵੀ ਆਧੁਨਿਕ ਸਰਕਾਰਾਂ ਦਾ ਵੱਡਾ ਕੰਮ ਹੈ। ਸਰਕਾਰੀ ਵਿੱਤ ਇਸ ਵਿਚ ਬੜਾ ਸਹਾਇਕ ਹੁੰਦਾ ਹੈ। ਉਚੇਰੀ ਆਮਦਨ ਵਾਲੇ ਲੋਕਾਂ ਉਪਰ ਭਾਰੀ ਕਰ ਲਗਾਏ ਜਾਂਦੇ ਹਨ। ਇਸ ਤਰ੍ਹਾਂ ਪ੍ਰਾਪਤ ਹੋਈ ਰਕਮ ਨੂੰ ਘੱਟ ਆਮਦਨੀ ਵਾਲੇ ਲੋਕਾਂ ਦੀ ਭਲਾਈ ਉਪਰ ਖਰਚ ਕੀਤਾ ਜਾਂਦਾ ਹੈ। ਇਸ ਤਰ੍ਹਾਂ ਅਮੀਰੀ-ਗਰੀਬੀ ਦੇ ਪਾੜੇ ਨੂੰ ਘੱਟ ਕਰਨ ਦਾ ਯਤਨ ਕੀਤਾ ਜਾਂਦਾ ਹੈ। ਸਰਕਾਰ ਆਪਣੀਆਂ ਕਰ ਅਤੇ ਖ਼ਰਚ ਨਾਲ ਸੰਬੰਧਿਤ ਨੀਤੀਆਂ ਨਾਲ ਲੋਕਾਂ ਦੇ ਆਰਥਿਕ ਅਤੇ ਸਮਾਜਿਕ ਜੀਵਨ ਨੂੰ ਬਹੁਤ ਪ੍ਰਭਾਵਿਤ ਕਰ ਸਕਦੀ ਹੈ। ਕਰਾਂ ਨੂੰ ਵਧੇਰੇ ਨਿਆਂ ਪੂਰਵਕ ਵੰਡ ਲਈ ਵਰਤਿਆ ਜਾਂਦਾ ਹੈ ਅਤੇ ਇਨ੍ਹਾਂ ਰਾਹੀਂ ਸੰਪਤੀ ਅਤੇ ਆਮਦਨ ਦੇ ਸੰਕੇਂਦ੍ਰਣ (Concentration of wealth and income) ਨੂੰ ਵੀ ਰੋਕਿਆ ਜਾਂਦਾ ਹੈ। ਸੋ, ਕਰ ਅਤੇ ਸਰਕਾਰੀ ਖ਼ਰਚ ਆਰਥਿਕ ਅਸਮਾਨਤਾ ਘਟਾਉਣ ਵਿਚ ਹਿੱਸਾ ਪਾ ਸਕਦੇ ਹਨ।

**(iv) ਆਰਥਿਕ ਵਿਕਾਸ ਨੂੰ ਤੇਜ਼ ਕਰਨਾ** (Accelerating Economic Growth) : ਘੱਟ ਵਿਕਸਿਤ ਦੇਸ਼ਾਂ ਦੀਆਂ ਸਰਕਾਰਾਂ ਨੂੰ ਇਕ ਵੱਡੀ ਚਿੰਤਾ ਇਹ ਹੁੰਦੀ ਹੈ, ਕਿ ਦੇਸ਼ ਦਾ ਆਰਥਿਕ ਵਿਕਾਸ ਕਿਵੇਂ ਤੇਜ਼ ਕੀਤਾ ਜਾਵੇ। ਇਸ ਲਈ ਉਨ੍ਹਾਂ ਨੂੰ ਕਈ ਕੰਮ ਕਰਨੇ ਪੈਂਦੇ ਹਨ। ਜਿਵੇਂ ਢੋਆ-ਢੁਆਈ ਅਤੇ ਆਵਾਜਾਈ ਦੇ ਸਾਧਨਾਂ ਦਾ ਵਿਕਾਸ, ਅਰਥਾਤ ਰੇਲਾਂ, ਸੜਕਾਂ, ਡਾਕਖਾਨੇ, ਤਾਰ ਘਰਾਂ ਆਦਿ ਦਾ ਵਿਕਾਸ, ਫਿਰ ਬਿਜਲੀ ਜਾਂ ਹਰ ਪ੍ਰਕਾਰ ਦੀ ਸ਼ਕਤੀ ਦਾ ਵਿਕਾਸ। ਫਿਰ ਸਰਕਾਰ ਨੂੰ ਨਹਿਰਾਂ ਬਣਾਉਣੀਆਂ ਪੈਂਦੀਆਂ ਹਨ, ਬੈਕਿੰਗ ਅਤੇ ਸਾਖ ਦਾ ਵਿਕਾਸ ਕਰਨਾ ਪੈਂਦਾ ਹੈ। ਅਜਿਹੀਆਂ ਸਹੂਲਤਾਂ ਨੂੰ ਉਪਰਲੀਆਂ ਸਹੂਲਤਾਂ ਜਾਂ ਆਰਥਿਕ ਅਤੇ ਸਮਾਜਿਕ ਉਪਰੀ ਪੂੰਜੀ (social overheads capital) ਆਖਿਆ ਜਾਂਦਾ ਹੈ। ਸਪੱਸ਼ਟ ਹੈ ਕਿ ਜਦ ਇਹ ਸਹੂਲਤਾਂ ਕਾਫੀ ਮਾਤਰਾ ਵਿਚ ਉਪਲਬਧ ਹੋਣ ਤਾਂ ਦੇਸ਼ ਦਾ ਆਰਥਿਕ ਵਿਕਾਸ ਤੇਜ਼ ਹੋ ਜਾਂਦਾ ਹੈ, ਪਰੰਤੂ ਇਨ੍ਹਾਂ ਉਤੇ ਖਰਚ ਬਹੁਤ ਆਉਂਦਾ ਹੈ। ਅਜਿਹੀਆਂ ਸਹੂਲਤਾਂ ਕੇਵਲ ਸਰਕਾਰ ਦੁਆਰਾ ਹੀ ਮੁਹੱਈਆ ਕੀਤੀਆਂ ਜਾ ਸਕਦੀਆਂ ਹਨ। ਭਾਰਤ ਸਰਕਾਰ ਨੇ ਆਪਣੀਆਂ ਯੋਜਨਾਵਾਂ ਰਾਹੀਂ ਰੇਲਾਂ, ਸੜਕਾਂ ਅਤੇ ਬਿਜਲੀ ਪੈਦਾ ਕਰਨ ਉਤੇ ਕਰੋੜਾਂ ਰੁਪਏ ਖਰਚ ਕੀਤੇ ਹਨ। ਇਸ ਦੇ ਨਤੀਜੇ ਵਜੋਂ ਭਾਰਤ ਵਿਚ ਟੈਕਸ ਵੀ ਬੜੇ ਲਾਉਣੇ ਪਏ ਹਨ। ਸਾਰੇ ਘੱਟ ਵਿਕਸਿਤ ਦੇਸ਼ਾਂ ਵਿਚ ਸਰਕਾਰਾਂ ਨੇ ਆਰਥਿਕ ਵਿਕਾਸ ਨੂੰ ਪ੍ਰਮੁੱਖ ਮਹੱਤਤਾ ਦਿੱਤੀ ਹੈ। ਵਿਕਸਿਤ ਦੇਸ਼ਾਂ ਵਿਚ ਵੀ ਜੀਵਨ ਪੱਧਰ ਨੂੰ ਹੋਰ ਉਚੇਰਾ ਚੁੱਕਣ ਲਈ ਅਤੇ ਆਰਥਿਕ ਵਿਕਾਸ ਨੂੰ ਹੋਰ ਵੀ ਤੇਜ਼ ਕਰਨ ਲਈ ਸਰਕਾਰਾਂ ਆਪਣਾ ਪੂਰਾ ਜੋਰ ਲਾ ਰਹੀਆਂ ਹਨ। ਆਧੁਨਿਕ ਸਮੇਂ ਸਰਕਾਰ ਦੇ ਕੰਮਾਂ ਕਾਰਾਂ ਵਿਚ ਵਾਧਾ ਹੋਣ ਦੇ ਸਿੱਟੇ ਵਜੋਂ ਸਰਕਾਰੀ ਵਿੱਤ ਦੇ ਖੇਤਰ ਅਤੇ ਮਹਾਨਤਾ ਵਿਚ ਵੀ ਵਾਧਾ ਹੋ ਗਿਆ ਹੈ। ਆਮ ਕਰਕੇ ਆਧੁਨਿਕ ਰਾਜ ਵਿਚ ਸਰਕਾਰ ਦੁਆਰਾ ਨਿਮਨ ਸਹੂਲਤਾਂ ਮੁਹੱਈਆ ਕੀਤੀਆਂ ਜਾਂਦੀਆਂ ਹਨ

1) ਅੰਦਰੂਨੀ ਅਤੇ ਬਾਹਰੀ ਸੁਰੱਖਿਆ।
2) ਇਨਸਾਫ ਜਾਂ ਝਗੜਿਆਂ ਦਾ ਨਿਪਟਾਰਾ।
3) ਆਰਥਿਕ ਉੱਦਮ ਦਾ ਨਿਯੰਤ੍ਰਣ ਅਤੇ ਉਹਨਾਂ ਦਾ ਸੰਗਠਨ।
4) ਗਰੀਬਾਂ ਦੀ ਸਮਾਜਿਕ ਸਭਿਆਚਾਰਕ ਭਲਾਈ।
5) ਨੈਤਿਕ ਮਿਆਰਾਂ ਨੂੰ ਵਿਨਿਯਮਿਤ ਕਰਨਾ।
6) ਕੁਦਰਤੀ ਸਰੋਤਾਂ ਦੀ ਉਚਿਤ ਵਰਤੋਂ।
7) ਸਰਕਾਰ ਦੀ ਵਿੱਤੀ ਪ੍ਰਣਾਲੀ, ਖਰਚਾ, ਆਮਦਨ ਅਤੇ ਵਿੱਤੀ ਨਿਯੰਤਰਣ ਦਾ ਪ੍ਰਬੰਧ।
8) ਉਚਿਤ ਰਾਜ ਪ੍ਰਬੰਧ।
9) ਸਰਕਾਰੀ ਕਰਮਚਾਰੀਆਂ ਦੀ ਹਮਾਇਤ।
10) ਧਰਮ ਅਤੇ ਧਾਰਮਿਕ ਅਧਿਕਾਰ।

ਉਪਰੋਕਤ ਸਾਰੀ ਵਿਆਖਿਆ ਤੋਂ ਤੁਸੀਂ ਸਮਝ ਗਏ ਹੋਵੋਗੇ ਕਿ ਸਰਕਾਰ ਦੇ ਕੰਮਾਂ ਦੀ ਸੂਚੀ ਦਿਨੋ-ਦਿਨ ਵਧਦੀ ਜਾ ਰਹੀ ਹੈ ਅਤੇ ਇਨ੍ਹਾਂ ਕੰਮਾਂ ਨੂੰ ਕਰਨ ਲਈ ਸਰਕਾਰ ਦਾ ਖਰਚਾ ਦਿਨੋ ਦਿਨ ਵਧ ਰਿਹਾ ਹੈ। ਇਸ ਖਰਚੇ ਨੂੰ ਪੂਰਾ ਕਰਨ ਲਈ ਸਰਕਾਰ ਨੂੰ ਆਮਦਨ ਵਧਾਉਣੀ ਪੈ ਰਹੀ ਹੈ। ਸੋ ਸਰਕਾਰ ਦੇ ਕੰਮਾਂ ਕਾਰਾਂ ਅਤੇ ਜ਼ਿੰਮੇਵਾਰੀਆਂ ਵਿਚ ਲਗਾਤਾਰ ਵਾਧਾ ਹੋਣ ਕਾਰਣ ਸਰਕਾਰੀ ਵਿੱਤ ਦੇ ਵਿਸ਼ੇ ਦਾ ਖੇਤਰ ਅਤੇ ਮਹੱਤਤਾ ਵੀ ਆਏ ਦਿਨ ਵਧਦੀ ਜਾ ਰਹੀ ਹੈ।

## (ਅ) ਵਿਸ਼ਾ ਵਸਤੂ (Subject Matter)

ਸਰਕਾਰੀ ਵਿੱਤ ਅਜਿਹਾ ਵਿਗਿਆਨ ਹੈ, ਜੋ ਸਰਕਾਰ ਦੇ ਆਮਦਨ, ਖਰਚ ਅਤੇ ਕਰਜ਼ੇ ਨਾਲ ਸੰਬੰਧਤ ਹੈ। ਇਸ ਪ੍ਰਕਾਰ ਸਰਕਾਰੀ ਵਿੱਤ ਦਾ ਸਰਕਾਰ ਦੀਆਂ ਵਿਤੀ ਕਠਿਨਾਈਆਂ ਅਤੇ ਨੀਤੀਆਂ ਨੂੰ ਵੱਖ-ਵੱਖ ਪੱਧਰ ਤੇ ਵੇਖਣਾ ਅਤੇ ਅੰਤਰ-ਸਰਕਾਰੀ ਵਿੱਤੀ ਸੰਬੰਧਾਂ ਦਾ ਅਧਿਐਨ ਕਰਨਾ ਹੈ। ਸਰਕਾਰੀ ਵਿੱਤ ਦੇ ਵਿਸ਼ੇ ਦਾ ਵਰਗੀਕਰਣ ਨਿਮਨ ਅਨੁਸਾਰ ਕੀਤਾ ਜਾ ਸਕਦਾ ਹੈ :

(ੳ) ਸਰਕਾਰੀ ਆਮਦਨ,
(ਅ) ਸਰਕਾਰੀ ਖਰਚਾ,
(ੲ) ਸਰਕਾਰੀ ਕਰਜ਼,
(ਸ) ਵਿੱਤੀ ਪ੍ਰਬੰਧ
(ਹ) ਆਰਥਿਕ ਸਥਿਰਤਾ, ਵਿਕਾਸ ਅਤੇ ਵਿਭਾਜਨੀ ਇਨਸਾਫ (Distributive Justice) ਅਤੇ
(ਕ) ਸੰਘੀ ਵਿੱਤ।

(ੳ) ਸਰਕਾਰੀ ਆਮਦਨ ਅਜਿਹੇ ਅਨੇਕ ਸਰੋਤਾਂ ਦੇ ਅਧਿਐਨ ਨਾਲ ਸੰਬੰਧਿਤ, ਜਿਨ੍ਹਾਂ ਸਰੋਤਾਂ ਤੋਂ ਸਰਕਾਰ ਆਪਣੀ ਆਮਦਨ ਨੂੰ ਕਮਾ ਸਕਦੀ ਹੈ। ਇਸ ਦਾ ਸਬੰਧ ਫੰਡ ਪੈਦਾ ਕਰਨ, ਕਰ ਲਗਾਉਣ ਦੇ ਸਿਧਾਂਤ ਅਤੇ ਹੋਰ ਸੰਬੰਧਿਤ ਕਠਿਨਾਈਆਂ ਨੂੰ ਦੇਖਣ ਨਾਲ ਹੈ।

(ਅ) ਸਰਕਾਰੀ ਖਰਚਾ : ਸਰਕਾਰੀ ਵਿੱਤ ਦਾ ਇਹ ਭਾਗ ਅਜਿਹੇ ਸਿਧਾਂਤਾਂ ਅਤੇ ਕਠਿਨਾਈਆਂ ਦਾ ਅਧਿਐਨ ਕਰਦਾ ਹੈ ਜੋ ਕਿ ਸਰਕਾਰੀ ਫੰਡਾਂ ਦੇ ਖਰਚੇ ਨਾਲ ਸੰਬੰਧਿਤ ਹੈ। ਸਰਕਾਰੀ ਖਰਚ ਰਾਹੀਂ ਸਰਕਾਰ ਅਰਥ ਵਿਵਸਥਾ ਦੇ ਵਿੱਤੀ ਸਰੋਤ ਵਿਚ ਯੋਗਦਾਨ ਪਾਉਂਦੀ ਹੈ।

(ੲ) ਸਰਕਾਰੀ ਕਰਜ਼ : ਸਰਕਾਰੀ ਕਰਜ਼, ਅਰਥ ਵਿਵਸਥਾ ਨੂੰ ਵਿਨਿਯਮਤ ਕਰਨ ਲਈ ਇਕ ਮਹੱਤਵਪੂਰਨ ਸਾਧਨ ਦੀ ਭੂਮਿਕਾ ਨਿਭਾ ਰਿਹਾ ਹੈ। ਸਰਕਾਰੀ ਵਿੱਤ ਦਾ ਇਹ ਭਾਗ ਉਨ੍ਹਾਂ ਕਾਰਨਾਂ ਦਾ ਅਧਿਐਨ ਕਰਦਾ ਹੈ ਜਿਨ੍ਹਾਂ ਲਈ ਕਿ ਕਰਜ਼ਾ ਪ੍ਰਾਪਤ ਕੀਤਾ ਜਾਂਦਾ ਹੈ ਤੇ ਕਰਜ਼ੇ ਦਾ ਸਰੋਤ, ਇਸ ਨੂੰ ਪੈਦਾ ਕਰਨ ਦੇ ਢੰਗ, ਵਿਆਜ ਅਤੇ ਪੁਨਰ ਅਦਾਇਗੀ ਦੇ ਢੰਗ ਅਤੇ ਉਨ੍ਹਾਂ ਕਠਿਨਾਈਆਂ ਦੀ ਘੋਖ ਕਰਦਾ ਹੈ ਜੋ ਕਰਜ਼ ਲੈਣ ਅਤੇ ਉਸ ਦੀ ਅਦਾਇਗੀ ਨਾਲ ਸੰਬੰਧਿਤ ਹਨ।

(ਸ) ਵਿੱਤੀ ਪ੍ਰਬੰਧ : ਵਿੱਤੀ ਪ੍ਰਬੰਧ ਸਰਕਾਰੀ ਬਜਟ, ਬਜਟ ਦੇ ਪਾਸ ਹੋਣ, ਨਾਫਜ ਹੋਣ, ਆਡਿਟ ਕੀਤੇ ਜਾਣ ਅਤੇ ਅਜਿਹੀਆਂ ਹੀ ਹੋਰ ਗੱਲਾਂ ਨਾਲ ਸੰਬੰਧਿਤ ਹੈ।

(ਹ) ਆਰਥਿਕ ਸਥਿਰਤਾ, ਵਿਕਾਸ ਅਤੇ ਵਿਤਰਣਾਤਮਕ ਨਿਆਂ : ਸਰਕਾਰੀ ਵਿੱਤ ਦੇ ਸਿਧਾਂਤ ਵਿਚ ਅੱਜਕਲ੍ਹ ਸਰਕਾਰ ਦੀ ਆਰਥਿਕ ਨੀਤੀ ਦੇ ਇਹ ਪੱਖ ਜ਼ਿਆਦਾ ਮਹੱਤਵਪੂਰਨ ਹਨ।

(ਕ) ਕੇਂਦਰ ਅਤੇ ਰਾਜਾਂ ਵਿਚਕਾਰ ਕਰਤੱਵਾਂ ਤੇ ਸਰੋਤਾਂ ਦੀ ਵੰਡ : ਅੰਤਰ-ਸਰਕਾਰੀ ਵਿੱਤੀ ਲੈਣ ਦੇਣ ਅਤੇ ਵਿੱਤੀ ਅਸੰਤੁਲਨ ਨਾਲ ਸਬੰਧਿਤ ਕਠਿਨਾਈਆਂ ਅਤੇ ਬਦਲ ਰਹੀ ਕੁਸ਼ਲਤਾ ਦੇ ਮਾਪ-ਦੰਡ ਦੇ ਆਧਾਰ ਤੇ ਕਾਰਜਾਂ ਅਤੇ ਸਰੋਤਾਂ ਦੀ ਪੁਨਰ ਵੰਡ, ਰਾਜਾਂ ਦੀਆਂ ਸੇਵਾਵਾਂ ਵਿਚ ਇਕਸਾਰਤਾ ਅਤੇ ਕਿਫ਼ਾਇਤ ਵਰਗੇ ਵਿਸ਼ੇ ਸਰਕਾਰੀ ਵਿੱਤ ਦੇ ਅਧਿਐਨ ਵਿਚ ਮਹੱਤਵਪੂਰਣ ਬਣ ਗਏ ਹਨ।

**ਸਵੈ ਅਧਿਐਨ ਪ੍ਰਸ਼ਨ**

1 ਆਰਥਿਕ ਸਥਿਰਤਾ ਤੋਂ ਕੀ ਭਾਵ ਹੈ?
2 ਆਰਥਿਕ ਸਮਾਨਤਾ ਬਾਰੇ ਵਿਸਤਾਰ ਵਿੱਚ ਲਿਖੋ।

## 2.1.6 ਸਰਕਾਰੀ ਵਿੱਤ ਅਤੇ ਨਿੱਜੀ ਵਿੱਤ ਵਿਚ ਅੰਤਰ

(Distinction between Public Finance and Private Finance)

ਆਓ ਹੁਣ ਤੁਹਾਨੂੰ ਸਰਕਾਰੀ ਵਿੱਤ ਅਤੇ ਨਿੱਜੀ ਵਿੱਤ ਵਿਚਕਾਰ ਫ਼ਰਕ ਬਾਰੇ ਦੱਸਦੇ ਹਾਂ। ਇਕ ਵਿਅਕਤੀ ਜਾਂ ਗ੍ਰਹਿਸਥੀ ਵੀ ਆਮਦਨ ਅਤੇ ਖ਼ਰਚ ਦਾ ਅਨੁਮਾਨ ਲਗਾ ਕੇ ਬਜਟ ਬਣਾਉਂਦਾ ਹੈ, ਪਰੰਤੂ ਇਸ ਬਜਟ ਅਤੇ ਸਰਕਾਰੀ ਬਜਟ ਵਿੱਚ ਬੜਾ ਫਰਕ ਹੈ। ਇਹ ਫਰਕ ਹੇਠਾਂ ਲਿਖੇ ਹਨ :

(1) ਸਰਕਾਰੀ ਵਿੱਤ ਦਾ ਮੁੱਖ ਮੰਤਵ ਸਮਾਜਿਕ ਭਲਾਈ ਵਧਾਉਣਾ ਹੈ। ਵਿਕਸਿਤ ਦੇਸ਼ਾਂ ਵਿਚ ਸਰਕਾਰਾਂ ਦੀਆਂ ਆਰਥਿਕ ਕਿਰਿਆਵਾਂ ਦਾ ਮੁੱਖ ਮੰਤਵ ਰੋਜ਼ਗਾਰ ਮੁਹੱਈਆ ਕਰਨਾ ਹੈ। ਅਲਪ ਵਿਕਸਿਤ ਦੇਸ਼ਾਂ ਵਿਚ ਵੀ ਸਰਕਾਰੀ ਖਰਚਾ ਸਿੱਖਿਆ, ਸਮਾਜਿਕ ਸੁਰੱਖਿਆ, ਜਨਤਕ ਸਿਹਤ, ਜਰੂਰੀ ਵਸਤਾਂ ਦੀ ਪੂਰਤੀ-ਜਿਵੇਂ ਦੁੱਧ, ਭੋਜਨ, ਮਕਾਨ ਆਦਿ ਮੁਹੱਈਆ ਕਰਨ ਤੇ ਕੀਤਾ ਜਾਂਦਾ ਹੈ। ਨਿੱਜੀ ਵਿੱਤ ਵਿਚ ਵਿਅਕਤੀ ਜਾਂ ਕਾਰਪੋਰੇਸ਼ਨਾਂ ਦਾ ਮੁੱਖ ਮੰਤਵ ਵੱਧ ਤੋਂ ਵੱਧ ਲਾਭ ਕਮਾਉਣਾ ਹੈ।

(2) ਇੱਕ ਵਿਅਕਤੀ ਬਜਟ ਬਣਾਉਣ ਵੇਲੇ ਆਪਣੇ ਖਰਚ ਦੀ ਵਿਉਂਤ ਆਪਣੀ ਆਮਦਨ ਅਨੁਸਾਰ ਕਰਦਾ ਹੈ, ਜੇ ਆਮਦਨ ਵਧ ਜਾਵੇ ਤਾਂ ਉਹ ਖ਼ਰਚ ਵਧਾ ਸਕਦਾ ਹੈ, ਜੇ ਉਸ ਦੀ ਆਮਦਨ ਘਟ ਜਾਵੇ ਤਾਂ ਉਸ ਨੂੰ ਆਪਣਾ ਖਰਚ ਅਵੱਸ਼ ਹੀ ਘਟਾਉਣਾ ਪਵੇਗਾ ਅਤੇ ਜੇ ਨਾ ਘਟਾ ਸਕੇ ਤਾਂ ਉਹ ਕਰਜ਼ੇ ਹੇਠਾਂ ਆ ਜਾਵੇਗਾ। ਅਰਥਾਤ ਵਿਅਕਤੀ ਨੂੰ ਮੁੱਖ ਤੌਰ ਤੇ ਆਪਣੀ ਆਮਦਨ ਦਾ ਧਿਆਨ ਕਰਨਾ ਪੈਂਦਾ ਹੈ ਅਤੇ ਖ਼ਰਚ ਆਪਣੀ ਆਮਦਨੀ ਦੇ ਅਨੁਸਾਰ ਕਰਨਾ ਹੁੰਦਾ ਹੈ, ਜਿਵੇਂ ਪੰਜਾਬੀ ਦੀ ਕਹਾਵਤ ਹੈ ਕਿ ਮਨੁੱਖ ਨੂੰ ਆਪਣੀ ਚਾਦਰ ਦੇਖ ਕੇ ਪੈਰ ਪਸਾਰਨੇ ਚਾਹੀਦੇ ਹਨ।

ਪਰੰਤੂ, ਸਰਕਾਰੀ ਵਿੱਤ ਦੀ ਗੱਲ ਉਲਟੀ ਹੈ। ਸਰਕਾਰਾਂ ਪਹਿਲਾਂ ਆਪਣੇ ਖ਼ਰਚੇ ਦਾ ਅਨੁਮਾਨ ਲਗਾਉਂਦੀਆਂ ਹਨ ਅਤੇ ਫੇਰ ਉਸ ਖ਼ਰਚ ਨੂੰ ਪੂਰਾ ਕਰਨ ਲਈ ਉਹ ਆਮਦਨ ਇਕੱਤਰ ਕਰਨ ਲਈ ਲੋਕਾਂ ਉਤੇ ਕਰ ਲਗਾ ਦਿੰਦੀਆਂ ਹਨ। ਸਰਕਾਰ ਨੇ ਆਪਣਾ ਖ਼ਰਚ ਲੋਕਾਂ ਤੋਂ ਪੂਰਾ ਕਰਨਾ ਹੁੰਦਾ ਹੈ। ਇਸ ਤਰ੍ਹਾਂ, ਸਰਕਾਰ ਵੱਲੋਂ ਆਮਦਨ ਕੀਤੇ ਜਾਣ ਵਾਲੇ ਖ਼ਰਚ ਦੇ ਅਨੁਮਾਨ ਅਨੁਸਾਰ ਇਕੱਠੀ ਕੀਤੀ ਜਾਂਦੀ ਹੈ। ਰਾਸ਼ਟਰ ਦਾ ਸਾਰਾ ਧਨ ਸਰਕਾਰ ਦੀ ਮਲਕੀਅਤ ਹੈ।

ਮੁੱਖ ਫਰਕ ਇਹ ਹੋਇਆ ਕਿ ਵਿਅਕਤੀ ਆਮਦਨ ਦਾ ਧਿਆਨ ਰੱਖਕੇ ਖਰਚ ਕਰਦਾ ਹੈ, ਅਤੇ ਸਰਕਾਰ ਆਪਣੇ ਖਰਚ ਦਾ ਧਿਆਨ ਰੱਖ ਕੇ ਆਮਦਨ ਇਕੱਤਰ ਕਰਦੀ ਹੈ।

(3) ਇਕ ਇਹ ਵੀ ਫ਼ਰਕ ਹੈ ਕਿ ਵਿਅਕਤੀ ਵਰਤਮਾਨ ਆਮਦਨ ਵਿਚੋਂ ਭਵਿੱਖ ਲਈ ਬੱਚਤ ਕਰਨਾ ਜ਼ਰੂਰੀ ਅਤੇ ਲਾਭਦਾਇਕ ਸਮਝਦਾ ਹੈ। ਪਰੰਤੂ, ਸਰਕਾਰਾਂ ਲਈ ਇਹ ਜ਼ਰੂਰੀ ਨਹੀਂ ਕਿ ਉਹ ਆਪਣੇ ਖ਼ਰਚ ਸਦਾ ਹੀ ਆਮਦਨੀ ਨਾਲੋਂ ਘੱਟ ਰਖਣ। ਸਗੋਂ, ਕਈ ਵਾਰ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਧਾਰ ਲੈ ਕੇ ਜਾਂ ਨੋਟ ਛਾਪ ਕੇ ਕੁਝ ਖ਼ਰਚ ਪੂਰੇ ਕੀਤੇ ਜਾਣ, ਜਿਵੇਂ ਯੁੱਧ ਲੜਨ ਜਾਂ ਆਰਥਿਕ ਵਿਕਾਸ ਦੀ ਰਫ਼ਤਾਰ ਨੂੰ ਤੇਜ਼ ਕਰਨ ਲਈ ਕੀਤੇ ਜਾਣ ਵਾਲੇ ਖ਼ਰਚ।

(4) ਵਿਅਕਤੀ ਆਪਣੇ ਹਿਸਾਬ ਕਿਤਾਬ ਨੂੰ ਛੁਪਾ ਕੇ ਰਖਦਾ ਹੈ। ਸਿਆਣੇ ਆਖਦੇ ਹਨ ਕਿ ਮਨੁੱਖ ਆਪਣੇ ਧਨ ਨੂੰ ਪਰਦੇ ਵਿਚ ਰਖੇ, ਪਰੰਤੂ ਸਰਕਾਰ ਤਾਂ ਆਪਣਾ ਬਜਟ ਅਖ਼ਬਾਰਾਂ ਵਿੱਚ ਛਾਪ ਦਿੰਦੀ ਹੈ। ਕੋਈ ਗੱਲ ਛੁਪਾ ਕੇ ਨਹੀਂ ਰੱਖੀ ਜਾਂਦੀ। ਸਰਕਾਰੀ ਹਿਸਾਬ ਤਾਂ ਇਕ ਖੁੱਲੀ ਕਿਤਾਬ ਹੈ, ਜਿਸ ਵਿਚ ਹਰ ਗੱਲ ਸਪਸ਼ਟ ਰੂਪ ਵਿਚ ਲੋਕਾਂ ਸਾਹਮਣੇ ਰੱਖੀ ਜਾਂਦੀ ਹੈ, ਤਾਂ ਜੋ ਲੋਕ ਸਰਕਾਰ ਦੀ ਵਿੱਤੀ ਸਥਿਤੀ ਨੂੰ ਭਲੀ ਭਾਂਤ ਸਮਝ ਲੈਣ।

(5) ਇਕ ਵਿਅਕਤੀ ਲਈ ਆਪਣੀ ਆਮਦਨ ਅਤੇ ਖ਼ਰਚ ਵਿੱਚ ਕੋਈ ਵੱਡੀ ਤਬਦੀਲੀ ਕਰਨੀ ਅਸੰਭਵ ਹੈ। ਖਰਚ ਵਧਾਇਆ ਜਾ ਸਕਦਾ ਹੈ ਪਰ ਘਟਾਇਆ ਨਹੀਂ ਜਾ ਸਕਦਾ। ਆਮਦਨ ਸੌਖੀ ਘਟ ਸਕਦੀ ਹੈ, ਪਰ ਵਧਾਉਣੀ ਕਠਿਨ ਹੈ। ਪਰੰਤੂ ਸਰਕਾਰ ਨੇ ਕਰ ਆਦਿ ਹੀ ਲਗਾ ਦੇਣੇ ਹੁੰਦੇ ਹਨ, ਇਸ ਲਈ ਆਮਦਨੀ ਵਧਾਉਣੀ ਕੋਈ ਅਸੰਭਵ ਜਾਂ ਕਠਿਨ ਗੱਲ ਨਹੀਂ ਹੈ। ਕਿਸੇ ਸਰਕਾਰ ਦਾ ਯੁੱਧ ਤੋਂ ਪਿਛਲੇ ਸਾਲਾਂ ਦਾ ਬਜਟ ਦੇਖੋਗੇ ਤਾਂ ਪਤਾ ਚੱਲਦਾ ਹੈ ਕਿ ਉਹਨਾਂ ਵਿੱਚ ਕਿੰਨਾ ਫ਼ਰਕ ਹੈ। ਭਾਰਤ ਦੀ ਯੋਜਨਾਬੰਦੀ 1950-51 ਵਿਚ ਆਰੰਭ ਹੋਈ, ਉਸ ਸਾਲ ਦੇ ਅਤੇ ਹੁਣ ਦੇ ਸਾਲ ਦੇ ਬਜਟ ਵਿਚ ਬੜਾ ਅੰਤਰ ਹੈ।

(6) ਕੋਈ ਵਿਅਕਤੀ ਅੰਦਰੂਨੀ ਕਰਜ਼ਾ ਨਹੀਂ ਲੈ ਸਕਦਾ ਅਰਥਾਤ ਉਹ ਆਪਣੇ ਆਪ ਤੋਂ ਕਿਵੇ

ਂ ਕਰਜ਼ਾ ਲਵੇ। ਇਸ ਲਈ ਉਹ ਕੇਵਲ ਬਾਹਰੋਂ ਹੀ ਕਰਜ਼ਾ ਲੈ ਸਕਦਾ ਹੈ, ਪਰੰਤੂ ਸਰਕਾਰਾਂ ਦੇਸ਼ ਦੇ ਅੰਦਰੋਂ ਅਤੇ ਬਾਹਰੋਂ ਭਾਵ ਅੰਦਰੂਨੀ ਅਤੇ ਵਿਦੇਸ਼ੀ ਦੋਨੋਂ ਤਰ੍ਹਾਂ ਦੇ ਕਰਜ਼ੇ ਲੈ ਸਕਦੀਆਂ ਹਨ।

(7) ਸਰਕਾਰ ਤਾਂ ਘਾਟੇ ਦੇ ਵਿੱਤ ਦੀ ਵਿਧੀ ਦੁਆਰਾ ਆਪਣੇ ਖ਼ਰਚੇ ਦਾ ਵਿੱਤੀਕਰਨ ਕਰ ਸਕਦੀ ਹੈ, ਪਰੰਤੂ ਵਿਅਕਤੀ ਨੂੰ ਇਹ ਸਾਧਨ ਮੁਹੱਈਆ ਨਹੀਂ। ਜੇ ਉਹ ਨੋਟ ਛਾਪ ਲਵੇ ਤਾਂ ਜੇਲ ਚਲਾ ਜਾਵੇਗਾ।

(8) ਸਰਕਾਰਾਂ ਭਵਿੱਖ ਲਈ ਵਧੇਰੇ ਚੰਗੇ ਪ੍ਰਬੰਧ ਕਰ ਸਕਦੀਆਂ ਹਨ। ਕਈ ਪ੍ਰਾਜੈਕਟ ਕਈ–ਕਈ ਸਾਲ ਪਿਛੋਂ ਪੂਰੇ ਹੁੰਦੇ ਹਨ। ਸਰਕਾਰਾਂ ਹੀ ਹੌਸਲੇ ਨਾਲ ਉਡੀਕ ਕਰ ਸਕਦੀਆਂ ਹਨ। ਵਿਅਕਤੀ ਲਈ ਅਜਿਹਾ ਕਰਨਾ ਬਹੁਤ ਮੁਸ਼ਕਲ ਹੈ, ਕਿਉਂਕਿ ਉਸਦਾ ਬਜਟ ਸੀਮਿਤ ਹੁੰਦਾ ਹੈ।

(9) ਸਰਕਾਰੀ ਖ਼ਰਚੇ ਦੀ ਪੜਤਾਲ ਕੀਤੀ ਜਾਂਦੀ ਹੈ ਅਤੇ ਵਿਅਕਤੀਗਤ ਖ਼ਰਚੇ ਲਈ ਕੋਈ ਬੰਦਸ਼ ਨਹੀਂ।

### 2.1.7 ਸਰਕਾਰੀ ਵਿੱਤ ਦੀ ਮਹੱਤਤਾ (ਆਰਥਿਕ ਅਤੇ ਸਮਾਜਿਕ) (Importance of Public Finance)

ਸਰਕਾਰੀ ਵਿੱਤ ਦੀ ਮਹੱਤਤਾ ਇਸ ਗੱਲ ਵਿਚ ਹੈ ਕਿ ਸਰਕਾਰੀ ਵਿੱਤ ਆਰਥਿਕ ਅਤੇ ਸਮਾਜਿਕ ਮਨੋਰਥਾਂ ਦੀ ਪ੍ਰਾਪਤੀ ਦਾ ਇਕ ਪ੍ਰਭਾਵਸ਼ਾਲੀ ਸਾਧਨ ਬਣ ਗਿਆ ਹੈ। ਆਓ, ਇਸ ਦੀ ਆਰਥਿਕ ਅਤੇ ਸਮਾਜਿਕ ਪਹਿਲੂਆਂ ਤੋਂ ਮਹੱਤਤਾ ਬਾਰੇ ਜਾਣਕਾਰੀ ਹਾਸਲ ਕਰੀਏ।

**(ੳ) ਆਰਥਿਕ ਮਹੱਤਤਾ (Economic Importance)** : ਯੂ.ਕੇ. ਅਤੇ ਯੂ.ਐਸ.ਏ. ਵਰਗੇ ਵਿਕਸਿਤ ਦੇਸ਼ਾਂ ਵਿਚ ਸਰਕਾਰੀ ਵਿੱਤ ਦੇ ਦੋ ਹੀ ਉਦੇਸ਼ ਹੁੰਦੇ ਹਨ, ਆਰਥਿਕ ਸਥਿਰਤਾ ਅਤੇ ਪੂਰਨ ਰੋਜ਼ਗਾਰ ਨੂੰ ਬਣਾਈ ਰੱਖਣਾ। ਭਾਰਤ ਵਰਗੇ ਅਲਪ ਵਿਕਸਿਤ ਦੇਸ਼ਾਂ ਵਿਚ ਵਿੱਤੀ ਨੀਤੀਆਂ ਹਰੇਕ ਨਾਗਰਿਕ ਨੂੰ ਗਰੀਬੀ ਤੋਂ ਮੁਕਤ ਕਰਵਾ ਸਕਦੀਆਂ ਹਨ।

(i) ਤੇਜ਼ ਆਰਥਿਕ ਵਿਕਾਸ ਰਾਹੀਂ ਬੇਰੁਜ਼ਗਾਰੀ ਦੂਰ ਕੀਤੀ ਜਾ ਸਕਦੀ ਹੈ। ਕਰਾਧਾਨ, ਸਰਕਾਰੀ ਕਰਜ਼ਾ ਅਤੇ ਸਰਕਾਰੀ ਖ਼ਰਚੇ ਜਿਹੇ ਵਿੱਤੀ ਸਰੋਤਾਂ ਰਾਹੀਂ ਸਾਧਨਾਂ ਦੀ ਸੁਯੋਗ ਵੰਡ ਕਰਕੇ ਪੂੰਜੀ ਨਿਰਮਾਣ ਦੀ ਦਰ ਨੂੰ ਤੇਜ਼ ਕੀਤਾ ਜਾ ਸਕਦਾ ਹੈ। ਕਿਸੇ ਦੇਸ਼ ਦੇ ਤੇਜ਼ ਆਰਥਿਕ ਵਿਕਾਸ ਲਈ ਇਹ ਜ਼ਰੂਰੀ ਹੈ ਕਿ ਰਾਸ਼ਟਰੀ ਆਮਦਨ ਦਾ ਘੱਟੋ ਘੱਟ 25 ਪ੍ਰਤੀਸ਼ਤ ਹਿੱਸਾ ਪੂੰਜੀ ਨਿਰਮਾਣ ਲਈ ਖ਼ਰਚਿਆ ਜਾਵੇ।

(ii) ਆਰਥਿਕ ਸਥਿਰਤਾ, ਪੂਰਨ ਰੋਜ਼ਗਾਰ ਅਤੇ ਸੰਤੁਲਨ ਖੇਤਰੀ ਵਿਕਾਸ ਲਿਆਉਣ ਜਿਹੀਆਂ ਜ਼ਿੰਮੇਵਾਰੀਆਂ ਵੀ ਸਰਕਾਰ ਸਹਿਜੇ ਹੀ ਨਿਭਾ ਸਕਦੀ ਹੈ। ਮੰਦਵਾੜੇ ਸਮੇਂ Pump Priming, ਸਰਕਾਰੀ ਖਰਚਾ, ਪੂਰਕ ਖਰਚਾ ਇਤਿਆਦਿ ਢੰਗ ਤਰੀਕੇ ਵਰਤ ਸਕਦੀ ਹੈ ਅਤੇ ਮੁਦਰਾ ਸਫੀਤੀ ਸਮੇਂ ਅਣਉਤਪਾਦਕੀ ਗੈਰ–ਵਿਕਾਸਾਤਮਕ ਖ਼ਰਚਾ ਘਟਾਇਆ ਜਾ ਸਕਦਾ ਹੈ। ਰੋਜ਼ਗਾਰ ਵਧਾਉਣ ਲਈ ਸਰਕਾਰੀ ਖ਼ਰਚਾ ਕੀਤਾ ਜਾ ਸਕਦਾ ਹੈ। ਨਵੇਂ ਉਦਯੋਗ ਲਗਾ ਕੇ, ਵਿੱਤੀ ਸਹਾਇਤਾ ਰਾਹੀਂ ਛੋਟੇ ਪੈਮਾਨੇ ਦੇ ਅਤੇ ਘਰੇਲੂ ਉਦਯੋਗਾਂ ਨੂੰ ਉਤਸ਼ਾਹਿਤ ਕਰਕੇ ਅਤੇ ਸਿਖਲਾਈ ਸਕੀਮਾਂ ਆਦਿ ਤੇ ਖ਼ਰਚਾ ਕਰਕੇ ਰੋਜਗਾਰ ਵਧਾਇਆ ਜਾ ਸਕਦਾ ਹੈ। ਅਲਪ ਵਿਕਸਤ ਦੇਸ਼ਾਂ ਨੂੰ ਵਿਕਾਸ ਦੇ ਰਾਹ ਤੇ ਤੋਰਨ ਲਈ ਸੰਤੁਲਿਤ ਖੇਤਰੀ ਵਿਕਾਸ ਬਹੁਤ ਜ਼ਰੂਰੀ ਹੈ। ਅਜਿਹਾ ਪਛੜੇ ਖੇਤਰਾਂ ਵਿਚ ਨਿੱਜੀ ਉਦਯੋਗ ਸਥਾਪਤ ਕਰਕੇ ਕੀਤਾ ਜਾ ਸਕਦਾ ਹੈ। ਅਜਿਹਾ ਸਰਕਾਰ ਵਿੱਤੀ ਛੋਟਾਂ, ਸਸਤੀ ਸਾਖ ਅਤੇ ਬਿਜਲੀ, ਯਾਤਾਯਾਤ, ਸੰਚਾਰ ਆਦਿ ਦੀਆਂ ਸਹੂਲਤਾਂ ਦੇ ਕੇ ਕਰ ਸਕਦੀ ਹੈ। ਵੱਡੇ ਸ਼ਹਿਰਾਂ ਵਿਚ ਉਦਯੋਗਾਂ ਦੀ ਭੀੜ ਘਟਾਉਣ ਲਈ ਸਰਕਾਰ ਇੰਨ੍ਹਾਂ ਉਦਯੋਗਾਂ ਤੇ ਵਧੇਰੇ ਕਰ ਲਗਾ ਸਕਦੀ ਹੈ।

(iii) ਸਾਧਨਾਂ ਨੂੰ ਗਤੀਸ਼ੀਲ ਕਰਨਾ ਵੀ ਸਰਕਾਰੀ ਵਿੱਤ ਦੀ ਇੱਕ ਸ਼ਾਨਦਾਰ ਆਰਿਥਕ ਮਹੱਤਤਾ ਹੈ। ਸਰਕਾਰ ਜਬਰੀ ਬੱਚਤਾਂ ਦੇ ਰੂਪ ਵਿਚ (ਕਰਾਧਾਨ ਰਾਹੀਂ) ਅਤੇ ਵੱਖ ਵੱਖ ਬੱਚਤ ਸਕੀਮਾਂ ਰਾਹੀਂ ਇੱਛਕ ਬੱਚਤਾਂ ਨੂੰ ਪ੍ਰੋਤਸਾਹਿਤ ਕਰ ਸਕਦੀ ਹੈ ਅਤੇ ਫਿਰ ਇਨ੍ਹਾਂ ਉਪਲਬਧ ਸਾਧਨਾਂ ਨੂੰ ਸੁਯੋਗ ਤਰੀਕੇ ਰਾਹੀ ਤੇਜ਼ ਆਰਥਿਕ ਵਿਕਾਸ ਲਈ ਵਰਤਿਆ ਜਾ ਸਕਦਾ ਹੈ। ਰਾਜਾ ਜੇ. ਚਲ੍ਹੀਆ ਦੇ ਅਨੁਸਾਰ, ਸਰਕਾਰ ਆਰਥਿਕ ਵਾਫ਼ਰਤਾਵਾਂ ਨੂੰ ਜੁਟਾ ਕੇ ਗਤੀਸ਼ੀਲ ਕਰ ਸਕਦੀ ਹੈ।

**(ਅ) ਸਮਾਜਿਕ ਮਹੱਤਤਾ (Social Importance)**

ਸਰਕਾਰੀ ਵਿੱਤ ਨਾ ਕੇਵਲ ਸਮਾਜਿਕ ਨਿਆਂ ਲਿਆਉਣ ਦਾ ਇਕ ਸਾਧਨ ਹੈ ਅਤੇ ਆਰਥਿਕ ਅਸਮਾਨਤਾ

ਨੂੰ ਘੱਟ ਕਰਨ ਦਾ ਇਕ ਯੰਤਰ ਹੈ, ਸਗੋਂ ਇਹ ਦੇਸ਼ ਵਿਚ ਆਰਥਿਕ ਜੀਵਨ ਜਾਂ ਆਰਥਿਕ ਨਿਆਂ ਨੂੰ ਨਿਯਮਿਤ ਕਰਨ ਦਾ ਇੱਕ ਵੱਡਾ ਸਾਧਨ ਵੀ ਹੈ। ਕਰਾਂ ਅਤੇ ਉਤਪਾਦਨਾਂ ਰਾਹੀਂ ਦੇਸ਼ ਵਾਸੀਆਂ ਦੇ ਉਪਭੋਗ ਅਤੇ ਉਤਪਾਦਨ ਨੂੰ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਸਰਕਾਰੀ ਵਿੱਤ ਰਾਹੀਂ ਸਰਕਾਰ ਰਾਸ਼ੀ ਨੂੰ ਇਕ ਤੋਂ ਦੂਜੀ ਸ਼੍ਰੇਣੀ ਵੱਲ ਭੇਜ ਦਿੰਦੀ ਹੈ, ਮਨੋਰਥ ਕੇਵਲ ਇਹ ਹੁੰਦਾ ਹੈ ਕਿ ਸਮਾਜਕ ਲਾਭ ਅਧਿਕਤਮ ਹੋਵੇ। ਅਰਥ ਸ਼ਾਸਤਰ ਦਾ ਉਦੇਸ਼ ਹੀ ਮਨੁੱਖੀ ਭਲਾਈ ਨੂੰ ਵਧਾਉਣਾ ਹੈ।

ਅਮੀਰੀ ਅਤੇ ਗਰੀਬੀ ਦਾ ਪਾੜਾ ਕੁਝ ਹੱਦ ਤੱਕ ਵਿੱਤੀ ਸਾਧਨਾਂ ਰਾਹੀਂ ਪੂਰਿਆ ਜਾ ਸਕਦਾ ਹੈ, ਅਮੀਰਾਂ ਉਤੇ ਵਧੇਰੇ ਕਰ ਲਗਾਏ ਜਾ ਸਕਦੇ ਹਨ, ਵਿਲਾਸਤਾ ਵਾਲੀਆਂ ਵਸਤਾਂ ਉਤੇ ਵਧੇਰੇ ਕਰ ਲਗਾਏ ਜਾ ਸਕਦੇ ਹਨ। ਰੋਟੀ, ਕੱਪੜਾ ਅਤੇ ਮਕਾਨ ਵਰਗੀਆਂ ਮੈਰਿਟ ਵਸਤਾਂ ਮੁਹੱਈਆ, ਕਰਕੇ ਗਰੀਬਾਂ ਦੀ ਅਸਲ ਆਮਦਨ ਨੂੰ ਵਧਾਇਆ ਜਾ ਸਕਦਾ ਹੈ।

ਵਿਲਾਸਤਾ ਵਾਲੀਆਂ ਵਸਤਾਂ ਤੇ ਜਿਸ ਵੇਲੇ ਕਰ ਲਗਾਏ ਜਾਣਗੇ ਤਾਂ ਉਹਨਾਂ ਦੀ ਮੰਗ ਘਟੇਗੀ ਅਤੇ ਸਾਧਨਾਂ ਨੂੰ ਜਰੂਰੀ ਵਸਤਾਂ ਦੇ ਉਤਪਾਦਨ ਵੱਲ ਤਬਦੀਲ ਕਰ ਦਿੱਤਾ ਜਾਵੇਗਾ। ਜਿਸ ਦੇ ਸਿੱਟੇ ਵਜੋਂ ਗਰੀਬ ਅਤੇ ਮੱਧ ਵਰਗ ਸ਼੍ਰੇਣੀ ਨੂੰ ਲਾਭ ਪੁੱਜੇਗਾ।

ਸਰਕਾਰ, ਸਰਕਾਰੀ ਖੇਤਰ ਵਿਚਲੇ ਉਦਯੋਗਾਂ ਵਿੱਚ ਨਿਵੇਸ਼ ਖਰਚਾ ਕਰਕੇ ਆਮ ਉਪਭੋਗ ਵਸਤਾਂ ਦਾ ਉਤਪਾਦਨ ਕਰ ਸਕਦੀ ਹੈ ਅਤੇ ਇਹ ਵਸਤਾਂ ਸਸਤੇ ਭਾਅ ਤੇ ਗਰੀਬਾਂ ਨੂੰ ਮੁਹੱਈਆ ਕਰ ਸਕਦੀ ਹੈ।

ਸਮਾਜਿਕ ਜਾਂ ਸਮੂਹਿਕ ਲੋੜਾਂ ਦੀ ਸੰਤੁਸ਼ਟੀ ਵੀ ਸਰਕਾਰ ਹੀ ਕਰਵਾ ਸਕਦੀ ਹੈ। ਸੈਨੇਟਰੀ ਸਹੂਲਤਾਂ, ਜਨਤਕ ਸਿਹਤ, ਹੜ੍ਹ ਕੰਟਰੋਲ ਸਹੂਲਤਾਂ, ਮੌਸਮ ਬਾਰੇ ਪੂਰਵ ਅਨੁਮਾਨ ਬਿਉਰੋ, ਖੋਜ ਕੇਂਦਰ ਇਤਿਆਦਿ ਦੀ ਸਭ ਨੂੰ ਬਰਾਬਰ ਲੋੜ ਹੁੰਦੀ ਹੈ। ਇਨ੍ਹਾਂ ਸਾਰੇ ਪ੍ਰਾਜੈਕਟਾਂ ਤੇ ਸਰਕਾਰੀ ਖਰਚਾ ਕਰਕੇ ਸਰਕਾਰ ਸਮੂਹਿਕ ਲੋੜ੍ਹਾਂ ਪੂਰੀਆਂ ਕਰਦੀ ਹੈ। ਇਨ੍ਹਾਂ ਲੋੜਾਂ ਦੇ ਲਈ ਕੋਈ ਵੀ ਅਦਾਇਗੀ ਕਰਨ ਲਈ ਤਿਆਰ ਨਹੀਂ ਹੁੰਦਾ ਅਤੇ ਸਰਕਾਰ ਲੋਕਾਂ ਤੇ ਕਰ ਲਗਾ ਕੇ ਹੀ ਇਸ ਖਰਚੇ ਦਾ ਵਿੱਤੀਕਰਨ ਕਰਦੀ ਹੈ।


ਉਪਰੋਕਤ ਸਾਰੇ ਵਿਸ਼ਲੇਸ਼ਣ ਤੋਂ ਇਹ ਸਪਸ਼ਟ ਹੈ ਕਿ ਸਰਕਾਰੀ ਵਿੱਤ ਦਾ ਘੇਰਾ ਵਿਸ਼ਾਲ ਹੈ ਅਤੇ ਆਧੁਨਿਕ ਸਮੇਂ ਵਿਚ ਇਸ ਦੀ ਮਹੱਤਤਾ ਬਹੁਤ ਵਧ ਗਈ ਹੈ।

**2.1.8 ਸਰਕਾਰੀ ਵਿੱਤ ਦੇ ਨਿਯਮ (Principles of Public Finance)** : ਹੇਠ ਵੱਧ ਤੋਂ ਵੱਧ ਸਮਾਜਿਕ ਕਲਿਆਣ (Maximum social welfare) ਪ੍ਰਾਪਤ ਕਰਨ ਦਾ ਸੁਝਾਅ ਦਿੱਤਾ ਜਾਂਦਾ ਹੈ। ਇਹ ਨਿਯਮ ਸਰਕਾਰੀ ਆਮਦਨ ਪ੍ਰਾਪਤ ਕਰਦੇ ਸਮੇਂ ਅਤੇ ਸਰਕਾਰੀ ਖ਼ਰਚ ਕਰਦੇ ਸਮੇਂ ਦੋਵਾਂ ਪਾਸੇ ਲਾਗੂ ਹੁੰਦਾ ਹੈ। ਇਸ ਨਿਯਮ ਨੂੰ ਪ੍ਰੋ. ਪੀਗੂ ਨੇ 'ਵੱਧ ਤੋਂ ਵੱਧ ਜਾਂ ਅਧਿਕਤਮ ਸਮੂਹ ਕਲਿਆਣ' (Maximum aggregate welfare) ਦੇ ਨਿਯਮ ਦਾ ਨਾਂ ਦਿੱਤਾ ਹੈ ਅਤੇ ਇਸ ਨਿਯਮ ਨੂੰ ਪ੍ਰੋ. ਡਾਲਟਨ ਨੇ ਵੱਧ ਤੋਂ ਵੱਧ 'ਅਧਿਕਤਮ ਸਮਾਜਿਕ ਲਾਭ' (Maximum social advantage) ਦਾ ਨਾਂ ਦਿੱਤਾ ਹੈ। ਪੀਗੂ ਅਤੇ ਡਾਲਟਨ ਦੀ ਵਿਚਾਰਧਾਰਾ ਦਾ ਅਨੁਸਰਣ ਕਰਦਿਆਂ ਮਸਗਰੇਵ ਨੇ ਵੀ ਅਜਿਹਾ ਸਿਧਾਂਤ ਦਿੱਤਾ ਹੈ ਜੋ ਕਿ ਵਿਅਕਤੀਗਤ ਤਰਜੀਹ ਦੇ ਮੁਲਾਂਕਣ (Valuation of individual preference) ਤੇ ਆਧਾਰਿਤ ਹੈ। ਸੋ ਇਹ ਸਪਸ਼ਟ ਹੈ ਕਿ ਵਿੱਤੀ ਕਿਰਿਆਵਾਂ ਦੇ ਤਿੰਨ ਮੌਲਿਕ ਸਿਧਾਂਤ ਹਨ, ਜੋ ਕਿ ਵੱਧੋ ਵੱਧ ਸਮਾਜਿਕ ਲਾਭ ਦੇ ਉਦੇਸ਼ ਦੀ ਪ੍ਰਾਪਤੀ ਲਈ ਸਹਾਇਕ ਹੁੰਦੇ ਹਨ।

1. ਇਸ ਸਿਧਾਂਤ ਅਨੁਸਾਰ ਸਰਕਾਰੀ ਖ਼ਰਚ ਉਸ ਸਮੇਂ ਤਕ ਕਰਨਾ ਚਾਹੀਦਾ ਹੈ ਜਦੋਂ ਸਰਕਾਰ ਵੱਲੋਂ ਖ਼ਰਚੀ ਗਈ ਅਖੀਰਲੀ ਇਕਾਈ ਤੋਂ ਹੋਣ ਵਾਲਾ ਲਾਭ, ਸਰਕਾਰੀ ਆਮਦਨ ਦੀ ਉਸੇ ਇਕਾਈ ਤੋਂ ਹੋਣ ਵਾਲੀ ਅਸੰਤੁਸ਼ਟੀ/ਕੁਰਬਾਨੀ ਦੇ ਬਰਾਬਰ ਹੋ ਜਾਵੇ।
2. ਸਰਕਾਰ ਦੇ ਸਾਧਨ ਖ਼ਰਚੇ ਦੀਆ ਮਦਾਂ ਵਿਚ ਇਸ ਤਰ੍ਹਾਂ ਵੰਡੇ ਹੋਣੇ ਚਾਹੀਦੇ ਹਨ ਕਿ ਹਰੇਕ ਇਕਾਈ ਤੋਂ ਹੋਣ ਵਾਲੀ ਸੰਤੁਸ਼ਟੀ ਬਰਾਬਰ ਹੋਵੇ।
3. ਕਰਾਂ ਦੀ ਵੰਡ ਇਸ ਤਰ੍ਹਾਂ ਹੋਣੀ ਚਾਹੀਦੀ ਹੈ ਕਿ ਕਰ ਦਾਤਾ ਲਈ ਕਰਾਂ ਵਜੋਂ ਅਦਾ ਕੀਤੀ ਗਈ ਮੁਦਰਾ ਦੀ ਸੀਮਾਂਤ ਸੰਤੁਸ਼ਟਤਾ ਬਰਾਬਰ ਹੋਵੇ।


ਅਧਿਕਤਮ ਸਮਾਜਿਕ ਲਾਭ ਅਨੁਸਾਰ ਸਰਕਾਰੀ ਵਿੱਤ ਦੀ ਸਭ ਤੋਂ ਚੰਗੀ ਪ੍ਰਣਾਲੀ ਉਹ ਹੈ, ਜੋ ਕਿ ਆਪਣੀਆਂ ਕ੍ਰਿਆਵਾਂ ਦੁਆਰਾ ਅਧਿਕਤਮ ਸਮਾਜਕ ਲਾਭ ਹਾਸਲ ਕਰਦੀ ਹੈ। ਸਰਕਾਰ ਆਪਣੇ ਖ਼ਰਚ ਲਈ ਕਰ

ਲਾਉਂਦੀ ਹੈ। ਕਰਾਂ ਦਾ ਭੁਗਤਾਨ ਦੁਖਦਾਈ ਹੈ, ਪਰ ਇਸ ਤੋਂ ਛੁਟਕਾਰਾ ਨਹੀਂ। ਸਰਕਾਰ ਜਿਵੇਂ–ਜਿਵੇਂ ਕਰਾਂ ਦੀ ਮਾਤਰਾ ਵਧਾਉਂਦੀ ਹੈ ਇਸ ਨਾਲ ਅਸੰਤੁਸ਼ਟਤਾ (disutility) ਹੋਰ ਵੀ ਵਧ ਜਾਂਦੀ ਹੈ, ਭਾਵ ਕਰਾਂ ਦੇ ਭੁਗਤਾਨ ਨਾਲ ਸੀਮਾਂਤ ਅਸੰਤੁਸ਼ਟਤਾ ਵਧਦੀ ਜਾਂਦੀ ਹੈ। ਇਸ ਨੂੰ ਹੇਠ ਦਿੱਤੇ ਚਿੱਤਰ–1 ਵਿਚ ਦਿਖਾਇਆ ਗਿਆ ਹੈ। ਚਿੱਤਰ–1 ਵਿਚ ਉਪਰ ਚੜ੍ਹਦੀ ਵਕਰ (ਸ.ਕ) ਸੀਮਾਂਤ ਅਸੰਤੁਸ਼ਟਤਾ/ਸੀਮਾਂਤ ਕੁਰਬਾਨੀ ਜਿਹੜੀ ਇੱਕ ਕਰ ਦਾਤਾ ਜਾਂ ਅਰਥ ਵਿਵਸਥਾ ਕਰ ਦੇਣ ਲਗਿਆਂ ਕਰਦੀ ਹੈ, ਨੂੰ ਦਰਸਾਉਂਦੀ ਹੈ। ਹੇਠਾਂ ਡਿਗਦੀ ਵਕਰ ਸ.ਲ. ਉਸ ਸੀਮਾਂਤ ਲਾਭ ਨੂੰ ਦਰਸਾਉਂਦੀ ਹੈ, ਜਿਹੜਾ ਕਰ ਦਾਤਾ ਜਾਂ ਅਰਥ ਵਿਵਸਥਾ ਸਰਕਾਰੀ ਖ਼ਰਚ ਤੋਂ ਉਠਾਉਂਦੀ ਹੈ। ਸੀਮਾਂਤ ਲਾਭ ਵਕਰ ਹੇਠਾਂ ਨੂੰ ਡਿੱਗਦੀ ਹੈ, ਇਸ ਦਾ ਭਾਵ ਇਹ ਹੋਇਆ ਕਿ ਜਿਵੇਂ–ਜਿਵੇਂ ਸਰਕਾਰ ਖ਼ਰਚ ਨੂੰ ਵਧਾਉਂਦੀ ਹੈ, ਤਿਵੇਂ–ਤਿਵੇਂ ਸਰਕਾਰੀ ਖ਼ਰਚ ਦੀ ਸੀਮਾਂਤ ਇਕਾਈ ਤੋਂ ਪ੍ਰਾਪਤ ਹੋਣ ਵਾਲਾ ਲਾਭ ਜਾਂ ਸੰਤੁਸ਼ਟਤਾ ਘਟਦੀ ਜਾਂਦੀ ਹੈ। ਇਸ ਲਈ ਸਰਕਾਰੀ ਖ਼ਰਚ ਦਾ ਉਹ ਪੱਧਰ ਸਰਵਉੱਤਮ ਹੋਵੇਗਾ ਜਿਥੇ ਕਰਾਂ ਕਰਕੇ ਪ੍ਰਾਪਤ ਹੋਣ ਵਾਲੀ ਸੀਮਾਂਤ ਸਮਾਜਿਕ ਅਸੰਤੁਸ਼ਟਤਾ ਸਰਕਾਰੀ ਖ਼ਰਚ ਤੋਂ ਪ੍ਰਾਪਤ ਹੋਣ ਵਾਲੇ ਸੀਮਾਂਤ ਸਮਾਜਿਕ ਲਾਭ ਦੇ ਬਰਾਬਰ ਹੋਵੇ ਕਿਉਂਕਿ ਉਸ ਸਥਿਤੀ ਵਿਚ ਸਮਾਜਿਕ ਲਾਭ ਅਧਿਕਤਮ ਹੋਵੇਗਾ। ਪੀਗੂ ਅਨੁਸਾਰ ਸਾਧਨਾਂ ਦੀ ਵੰਡ ਵੱਖਰੇ–ਵੱਖਰੇ ਪ੍ਰਯੋਗਾਂ ਵਿਚ ਇਸ ਤਰ੍ਹਾਂ ਹੋਣੀ ਚਾਹੀਦੀ ਹੈ ਕਿ ਉਨ੍ਹਾਂ ਸਾਰਿਆਂ ਤੋਂ ਪ੍ਰਾਪਤ ਹੋਣ ਵਾਲੀ ਸੀਮਾਂਤ ਸੰਤੁਸ਼ਟੀ ਬਰਾਬਰ ਹੋਵੇ। ਜਿਸ ਦਾ ਭਾਵ ਹੈ ਕਿ ਖ਼ਰਚੇ ਦੀ ਹਰੇਕ ਅਖ਼ੀਰਲੀ ਇਕਾਈ ਤੋਂ ਬਰਾਬਰ ਸੰਤੁਸ਼ਟੀ ਮਿਲੇ ਇਸੇ ਨੂੰ ਸਮ–ਸੀਮਾਂਤ ਤੁਸ਼ਟੀਗੁਣ ਦਾ ਨਾਂ ਦਿੱਤਾ ਜਾਂਦਾ ਹੈ। ਦੂਜੇ ਪਾਸੇ ਕਰ ਭਾਰ ਵੱਖ–ਵੱਖ ਸਾਧਨਾਂ ਵਿਚ ਇਸ ਤਰ੍ਹਾਂ ਵੰਡਿਆ ਜਾਣਾ ਚਾਹੀਦਾ ਹੈ ਕਿ ਹਰੇ ਕ ਸਾਧਨ ਤੋਂ ਸੀਮਾਂਤ ਅਸੰਤੁਸ਼ਟਤਾ ਬਰਾਬਰ ਹੋਵੇ। ਇਹੀ ਘੱਟੋ–ਘੱਟ ਕੁੱਲ ਅਸੰਤੁਸ਼ਟਤਾ ਦਾ ਸਿਧਾਂਤ ਹੈ। ਜਿਸ ਸਮੇਂ ਸਰਕਾਰ Oਅ ਖ਼ਰਚ ਕਰਦੀ ਹੈ ਅਤੇ ਇੰਨੀ ਹੀ ਰਕਮ ਟੈਕਸ ਦੁਆਰਾ ਇੱਕਠੀ ਕਰਦੀ ਹੈ ਤਾਂ ਸਰਕਾਰੀ ਖ਼ਰਚੇ ਤੋਂ ਹੋਣ ਵਾਲਾ ਸਮਾਜਿਕ ਲਾਭ 'ਹ ਇ ਮ' ਸਭ ਤੋਂ ਵੱਧ ਹੈ। ਜੇਕਰ ਸਰਕਾਰ ਇਸ ਤੋਂ ਘੱਟ ਖ਼ਰਚ ਕਰੇ ਅਤੇ ਟੈਕਸ ਮੰਨ ਲਓ ਅ$^1$ ਤਕ ਲਵੇ ਤਾਂ ਸਮਾਜ ਨੂੰ ੲ ੲ$^1$ ੲ$^2$ ਦੇ ਬਰਾਬਰ ਘੱਟ ਲਾਭ ਪ੍ਰਾਪਤ ਹੋਵੇਗਾ ਕਿਉਂਕਿ ਇਸ ਪੱਧਰ ਤੇ ਖ਼ਰਚ ਦੀ ਸੀਮਾਂਤ ਇਕਾਈ ਤੋਂ ਪ੍ਰਾਪਤ ਹੋਣ ਵਾਲਾ ਲਾਭ (ੲ$^1$ੲ$^2$) ਮੁਕਾਬਲੇ ਟੈਕਸ ਦੀ ਸੀਮਾਂਤ ਇਕਾਈ ਕਰਕੇ ਹੋਣ ਵਾਲੀ ਅਸੰਤੁਸ਼ਟਤਾ (ਅ$^1$ ੲ$^2$) ਤੋਂ ਵੱਧ ਹੈ। ਇਸ ਦੇ ਉਲਟ ਜੇ ਸਰਕਾਰ ਖ਼ਰਚ ਅਤੇ ਟੈਕਸ Oਅ$^2$ ਤਕ ਕਰਦੀ ਹੈ ਤਾਂ ਇਸ ਪੱਧਰ ਤੇ ਟੈਕਸਾਂ ਕਰਕੇ ਅਸੰਤੁਸ਼ਟਤਾ (ਚ$^1$ਚ$^2$)' ਵੱਧ ਅਤੇ ਸਰਕਾਰੀ ਖ਼ਰਚ ਤੋਂ ਹੋਣ ਵਾਲੇ ਲਾਭ ਜਾਂ ਸੰਤੁਸ਼ਟਤਾ (ਅ$^2$ਚ$^2$)ਘੱਟ ਹੈ। ਇਸ ਲਈ ਸਰਕਾਰੀ ਖ਼ਰਚ ਅਤੇ ਆਮਦਨ ਦੀ ਇਸ਼ਟਤਮ ਪੱਧਰ Oਅ ਹੈ ਤੇ ਜਿੱਥੇ ਸੀਮਾਂਤ ਲਾਭ ਸੀਮਾਂਤ ਕੁਰਬਾਨੀ ਦੇ ਬਰਾਬਰ ਹੈ ਅਤੇ ਇਸ ਪੱਧਰ ਤੇ ਸਮਾਜਕ ਲਾਭ ਵੱਧ ਤੋਂ ਵੱਧ ਹੈ।




ਸਰਕਾਰੀ ਆਮਦਨ ਅਤੇ ਖਰਚ
ਚਿੱਤਰ ਨੰ: 3

ਪ੍ਰੋ. ਰਿਚਰਡ ਏ ਮਸਗਰੇਵ ਨੇ ਸਰਕਾਰੀ ਵਿੱਤ ਦੇ ਨਿਯਮ ਨੂੰ ਚਿੱਤਰ 2 ਦੁਆਰਾ ਦੱਸਿਆ ਹੈ :




ਚਿੱਤਰ ਨੰਬਰ : 2

ਉਪਰ ਦਿਤੇ ਰੇਖਾ ਚਿੱਤਰ ਵਿਚ X ਐਕਸਿਸ ਤੇ ਕਰਾਧਾਨ ਅਤੇ ਸਾਰਬਜਨਕ ਖਰਚ ਲਿਆ ਗਿਆ ਹੈ ਅਤੇ y ਐਕਸਿਸ ਤੇ ਸਮਾਜਿਕ ਲਾਗਤ ਤੇ ਸਮਾਜਿਕ ਲਾਭ ਮਾਪਿਆ ਜਾਂਦਾ ਹੈ। y ਐਕਸਿਸ ਤੇ ਜੋ ਮਾਤਰਾਵਾਂ X ਐਕਸਿਸ ਦੇ ਉਪਰ ਵਲ ਮਾਪੀਆ ਜਾਂਦੀਆਂ ਹਨ ਉਹ ਸਾਕਾਰਤਾਮਕ ਹਨ ਅਤੇ ਜੋ x ਐਕਸਿਸ ਦੇ ਹੇਠਾ ਵਲ ਮਾਪੀਆ ਜਾਂਦੀਆਂ ਹਨ ਉਹ ਰਿਣਾਤਮਕ ਹਨ।

ਫਰਜ ਕਰੋ ਕਿ ਸਰਵਜਨਕ ਖਰਚ ਦੀ ਹਰ ਵਾਧੂ ਇਕਾਈ ਤੋਂ ਪ੍ਰਾਪਤ ਸੀਮਾਂਤ ਸਮਾਜਿਕ ਲਾਭ (Marginal social benefit) ਵਕਰ AB ਹੈ ਅਤੇ DD' ਵਕਰ ਸਮਾਜ ਦੀ ਸੀਮਾਂਤ ਸਮਾਜਿਕ ਲਾਗਤ (Marginal Social Cost) ਵਕਰ ਹੈ ਜੋ ਹਰ ਵਾਧੂ ਇਕਾਈ ਤੇ ਕਰ ਲਗਾਉਣ ਨਾਲ ਪ੍ਰਾਪਤ ਹੁੰਦੀ ਹੈ। AB ਅਤੇ DD' ਵਿਚ ਅੰਤਰ ਸ਼ੁਧ ਸਮਾਜਿਕ ਲਾਭ (Net Social benefit) ਦਰਸਾਉਂਦਾ ਹੈ ਅਤੇ ਇਸ ਨੂੰ NN ਰੇਖਾ ਦੁਆਰਾ ਪ੍ਰਗਟਾਇਆ ਗਿਆ ਹੈ। ਬਜਟ ਦਾ ਇਸ਼ਟਤਮ ਆਕਾਰ OM ਨਿਰਧਾਰਿਤ ਹੋਵੇਗਾ ਜਿਥੇ ਸ਼ੁਧ ਸੀਮਾਂਤ ਸਮਾਜਿਕ ਲਾਭ ਸਿਫਰ ਹੈ। ਇਸ ਆਕਾਰ ਦੇ ਬਜਟ ਤੇ ਸਮਾਜਿਕ ਲਾਭ ਅਤੇ ਸੀਮਾਂਤ ਸਮਾਜਿਕ ਅੰਸਤੁਸ਼ਟਤਾ ਬਰਾਬਰ ਹਨ। (SM=ML)। ਬਜਟ ਦੇ OM ਆਕਾਰ ਤਕ ਸਮਾਜਿਕ ਲਾਭ, ਸਮਾਜਿਕ ਘਾਟੇ ਨਾਲੋਂ ਵੱਧ ਹੈ। ਬਜਟ ਦੇ OM ਆਕਾਰ ਤੇ ਸਮਾਜ ਦਾ ਸ਼ੁਧ ਲਾਭ ਜਾਂ ਅਧਿਕਤਮ ਸਮਾਜਿਕ ਲਾਭ ONM ਖੇਤਰਫ਼ਲ ਦੇ ਬਰਾਬਰ ਹੈ। ਇਸ ਤਰ੍ਹਾਂ ਕਰਾਂ ਦੀ ਵੰਡ ਘੱਟ ਤੋਂ ਘੱਟ ਤਿਆਗ ਸਿਧਾਂਤ/ਸਰਵਜਨਕ ਖਰਚ ਦੇ ਵੱਧ ਤੋਂ ਵੱਧ ਲਾਭ ਸਿਧਾਂਤ ਵਾਂਗ ਹੀ ਹੈ ਅਤੇ ਬਜਟ ਯੋਜਨਾ ਦੇ ਆਮ ਸਿਧਾਂਤ ਵਿਚ ਇਨ੍ਹਾਂ ਦੋਹਾਂ ਦਾ ਸੁਮੇਲ ਕਰ ਦਿੱਤਾ ਗਿਆ ਹੈ।

**ਸਵੈ ਅਧਿਐਨ ਪ੍ਰਸ਼ਨ**

1 ਸਰਕਾਰੀ ਵਿੱਤ ਅਤੇ ਨਿੱਜੀ ਵਿੱਤ ਵਿੱਚ ਅੰਤਰ ਦੱਸੋ।

2 ਪ੍ਰਬੰਧਕੀ ਕਾਰਜ ਤੋਂ ਕੀ ਭਾਵ ਹੈ?

## ਸਰਕਾਰੀ ਵਿੱਤ ਦੇ ਨਿਯਮ ਦਾ ਆਲੋਚਨਾਤਮਕ ਮੁਲਾਂਕਣ

ਇਹ ਨਿਯਮ ਸਰਕਾਰੀ ਖੇਤਰ ਵਿਚ ਖ਼ਰਚ ਅਤੇ ਆਮਦਨ ਜਾਂ ਬਜਟ ਦੇ ਆਕਾਰ ਵੱਖ-ਵੱਖ ਕੰਮਾਂ ਲਈ ਧਨ ਰਾਸ਼ੀ ਦੀ ਵੰਡ ਨੂੰ ਅਤੇ ਵੱਖ-ਵੱਖ ਵਿਅਕਤੀਆਂ/ਵਰਗਾਂ ਉਪਰ ਕਰਾਂ ਦੇ ਭਾਰ ਨੂੰ ਵੰਡਣ ਵਿੱਚ ਸਹਾਇਤਾ ਕਰਦਾ ਹੈ।

ਇਹ ਨਿਯਮ ਬਜਟ ਦੀਆਂ ਦੋਵੇਂ ਸ਼ਾਖਾਵਾਂ ਆਮਦਨ ਅਤੇ ਖ਼ਰਚ ਨੂੰ ਇਕੋ ਸਮੇਂ ਨਿਰਧਾਰਤ ਕਰ ਦਿੰਦਾ ਹੈ। ਇਸ ਕਾਰਣ ਨਿਯਮ ਨੂੰ ਬਹੁਤ ਸਲਾਹਿਆ ਗਿਆ ਹੈ, ਪਰੰਤੂ ਇਸ ਦੀਆਂ ਬਹੁਤ ਸਾਰੀਆਂ ਸੀਮਾਵਾਂ ਹਨ। ਇਹ ਆਖਿਆ ਜਾਂਦਾ ਹੈ ਕਿ ਸੀਮਾਂਤ ਸੰਤੁਸ਼ਟਤਾ ਦੀ ਧਾਰਨਾ, ਜਿਸ ਧਾਰਨਾ ਤੇ ਇਹ ਸਿਧਾਂਤ ਆਧਾਰਿਤ ਹੈ ਇਕ ਮਨੋਵਿਹਾਰਕ ਅਹਿਸਾਸ ਹੈ ਅਤੇ ਇਹ ਪ੍ਰਤੀ ਮਨੁੱਖ ਬਦਲਦੀ ਰਹਿੰਦੀ ਹੈ। ਸੰਤੁਸ਼ਟਤਾ ਦਾ ਇਕ ਦੂਜੇ ਨਾਲ ਮੁਕਾਬਲਾ ਨਹੀਂ ਕੀਤਾ ਜਾ ਸਕਦਾ। ਇਵੇਂ ਹੀ ਕਰਾਂ ਦੇ ਭੁਗਤਾਨ ਕਰਕੇ ਹੁੰਦੀ ਅਸੰਤੁਸ਼ਟਤਾ ਅਮੀਰ ਅਤੇ ਗ਼ਰੀਬ ਲਈ ਵੱਖਰੀ ਵੱਖਰੀ ਹੋਵੇਗੀ। ਸਰਕਾਰ ਦੇ ਖ਼ਰਚੇ ਤੋਂ ਹੋਣ ਵਾਲੇ ਲਾਭ ਨੂੰ ਨਹੀਂ ਮਿਣਿਆ ਜਾ ਸਕਦਾ ਭਾਵ ਇਸ ਨੂੰ ਰਕਮ ਦੇ ਰੂਪ ਵਿੱਚ ਨਹੀਂ ਦੱਸਿਆ ਜਾ ਸਕਦਾ। ਉਦਾਹਰਣ ਵਜੋਂ ਫੌਜ ਦੇ ਖ਼ਰਚ ਤੋਂ ਹੋਣ ਵਾਲੇ ਲਾਭ ਨੂੰ ਕਿਵੇਂ ਮਿਣਿਆ ਜਾ ਸਕਦਾ ਹੈ। ਸਰਕਾਰ, ਸਰਕਾਰੀ ਖਰਚ ਲਾਭ ਦੇ ਉਦੇਸ਼ ਨਾਲ ਹੀ ਨਹੀਂ ਕਰਦੀ ਅਤੇ ਇਹ ਆਖਿਆ ਜਾਂਦਾ ਹੈ ਕਿ ਇਹ ਨਿਯਮ ਆਰਥਿਕ ਸਥਿਰਤਾ ਨੂੰ ਆਪਣੇ ਧਿਆਨ ਵਿਚ ਨਹੀਂ ਲਿਆਉਂਦਾ।

**2.1.9 ਸਾਰਾਂਸ਼** :- ਪਾਠ ਪੜ੍ਹਕੇ ਤੁਸੀਂ ਸਮਝ ਗਏ ਹੋਵੋਗੇ ਕਿ ਸਰਕਾਰੀ ਵਿੱਤ ਦੇ ਵਿਸ਼ੇ ਵਿਚ ਸਰਕਾਰ-ਕੇਂਦਰੀ, ਪ੍ਰਾਂਤਕ ਅਤੇ ਸਥਾਨਕ ਦੀ ਆਮਦਨ ਅਤੇ ਖਰਚ ਦਾ ਅਧਿਐਨ ਕੀਤਾ ਜਾਂਦਾ ਹੈ, ਵਿੱਤੀ ਨੀਤੀਆਂ ਅਤੇ ਵਿੱਤੀ ਅੰਕੜੇ ਵੀ ਸਰਕਾਰੀ ਵਿੱਤ ਦਾ ਅਨਿੱਖੜਵਾਂ ਅੰਗ ਹਨ। ਸਰਕਾਰੀ ਵਿੱਤ ਸੰਬੰਧੀ ਸਨਾਤਨੀ, ਨਵ-ਸਨਾਤਨੀ, ਕੇਂਜ਼ੀਅਨ ਅਤੇ ਆਧੁਨਿਕ ਪਰਿਭਾਸ਼ਾਵਾਂ ਪੜ੍ਹ ਕੇ ਤੁਸੀਂ ਜਾਣ ਗਏ ਹੋਵੋਗੇ ਕਿ ਇਹ ਨਾਂ ਕੇਵਲ ਵਾਸਤਵਿਕ ਵਿਗਿਆਨ ਹੈ ਸਗੋਂ ਆਦਰਸ਼ਾਤਮਕ ਵਿਗਿਆਨ ਵੀ ਹੈ। ਸਰਕਾਰੀ ਵਿੱਤ ਦੇ ਖੇਤਰ ਦੀ ਚਰਚਾ ਕਰਦਿਆਂ (ੳ) ਰਾਜ ਦੇ ਕਰਤੱਵ, (ਅ) ਵਿਸ਼ਾ-ਵਸਤੂ ਸਰਕਾਰੀ ਆਮਦਨ, ਸਰਕਾਰੀ ਖਰਚ, ਸਰਕਾਰੀ ਕਰਜ਼ ਵਿੱਤੀ ਪ੍ਰਬੰਧ, ਆਰਥਿਕ ਸਥਿਰਤਾ ਅਤੇ ਸੰਘੀ ਵਿੱਤ ਦੀ ਵਿਆਖਿਆ ਕੀਤੀ ਗਈ ਹੈ। ਸਰਕਾਰੀ ਵਿੱਤ ਨੂੰ ਨਿਜੀ ਵਿੱਤ ਨਾਲੋ ਮੰਤਵ ਦੇ ਆਧਾਰ, ਖਰਚ ਦੀ ਵਿਉਂਤ, ਆਮਦਨ ਦੇ ਵਿਭਿੰਨ ਸ੍ਰੋਤ, ਖਰਚੇ ਨੂੰ ਮੁੱਖ ਰੱਖਦਿਆਂ ਆਮਦਨ ਦੀ ਵਿਵਸਥਾ ਅਤੇ ਕਰ ਇਕੱਠੇ ਕਰਨ ਦੇ ਆਧਾਰ ਤੇ ਨਿਖੇੜਿਆ ਗਿਆ ਹੈ । ਸਰਕਾਰੀ ਵਿੱਤ ਦੀ ਮਹੱਤਤਾ ਨੂੰ ਆਰਥਿਕ ਅਤੇ ਸਮਾਜਿਕ ਪਹਿਲੂਆਂ ਤੋਂ ਘੋਖਿਆ ਗਿਆ ਹੈ ।

**2.1.10 ਛੋਟੇ ਉਤਰਾਂ ਵਾਲੇ ਪ੍ਰਸ਼ਨ**

1 ਸਰਕਾਰੀ ਵਿੱਤ ਤੋਂ ਕੀ ਭਾਵ ਹੈ?
2 ਆਰਥਿਕ ਸਮਾਨਤਾ ਬਾਰੇ ਦੱਸੋ।
3 ਰਾਜ ਦੇ ਕਰਤੱਵਾਂ ਬਾਰੇ ਦੱਸੋ।
4 ਸਰਕਾਰੀ ਵਿੱਤ ਦੀਆਂ ਦੋ ਆਲੋਚਨਾਵਾਂ ਦੱਸੋ।

**2.1.11 ਵੱਡੇ ਉਤਰਾਂ ਵਾਲੇ ਪ੍ਰਸ਼ਨ**

1 ਸਰਕਾਰੀ ਵਿੱਤ ਤੋਂ ਕੀ ਭਾਵ ਹੈ? ਸਰਕਾਰੀ ਵਿੱਤ ਅਤੇ ਨਿੱਜੀ ਵਿੱਤ ਵਿੱਚ ਅੰਤਰ ਦੱਸੋ।
2 ਸਰਕਾਰੀ ਵਿੱਤ ਨੂੰ ਸੰਖੇਪ ਵਿੱਚ ਬਿਆਨ ਕਰੋ।

***2.2.12 ਪੜ੍ਹਨ ਲਈ ਪੁਸਤਕਾਂ***


1. H. Dalton : Principles of Public Finance
2. Richard A. Musgrave : Theory of Public Finance
3. H.L. Bhatia : Public Finance
4. B.P. Tyagi : Public Finance
5. R.N. Bhargava : The Theory and Working of Union Finance in India

ਪਾਠ ਨੰ: 2.2 ਲੇਖਿਕਾ : ਡਾ. ਹਰਵਿੰਦਰ ਕੌਰ

Last updated on 5 May, 2023

# ਸਰਕਾਰੀ ਖ਼ਰਚ : ਸਿਧਾਂਤ, ਵਾਧੇ ਦੇ ਕਾਰਣ ਅਤੇ ਪ੍ਰਭਾਵ

2.2.1 ਉਦੇਸ਼
2.2.2 ਜਾਣ-ਪਛਾਣ
2.2.3 ਸਰਕਾਰੀ ਖਰਚ
2.2.4 ਸਰਕਾਰੀ ਖਰਚ ਦੇ ਸਿਧਾਂਤ
2.2.5 ਸਰਕਾਰੀ ਖਰਚ ਵਿੱਚ ਵਾਧੇ ਦੇ ਕਾਰਣ
2.2.6 ਸਰਕਾਰੀ ਖਰਚ ਦੇ ਅਸਰ
2.2.7 ਸਾਰਾਂਸ਼
2.2.8 ਲੰਬੇ ਉੱਤਰਾਂ ਵਾਲੇ ਪ੍ਰਸ਼ਨ
2.2.9 ਛੋਟੇ ਉੱਤਰਾਂ ਵਾਲੇ ਪ੍ਰਸ਼ਨ
2.2.10 ਮਹੱਤਵਪੂਰਨ ਧਾਰਨਾਵਾਂ
2.2.11 ਪੜ੍ਹਨਯੋਗ ਪੁਸਤਕਾਂ

## 2.2.1 ਉਦੇਸ਼ :

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ

- ਸਰਕਾਰੀ ਖ਼ਰਚ ਅਤੇ ਨਿਜੀ ਖਰਚ ਵਿੱਚ ਭੇਦ ਕਰ ਸਕੋਂਗੇ।
- ਸਰਕਾਰੀ ਖਰਚੇ ਦੇ ਸਿਧਾਂਤਾਂ ਦੀ ਚਰਚਾ ਕਰ ਸਕੋਂਗੇ।
- ਸਰਕਾਰੀ ਖਰਚੇ ਦੇ ਵਾਧੇ ਦੇ ਕਾਰਣ ਜਾਣ ਜਾਓਂਗੇ।
- ਸਰਕਾਰੀ ਖਰਚੇ ਦੇ ਆਰਥਿਕ ਅਸਰਾਂ ਦੀ ਵਿਆਖਿਆ ਕਰ ਸਕੋਂਗੇ।

## 2.2.2 ਜਾਣ-ਪਛਾਣ :

ਆਧੁਨਿਕ ਸਮੇਂ ਵਿੱਚ ਸਰਕਾਰ ਦਾ ਰੋਲ 'ਕਲਿਆਣਕਾਰੀ ਰਾਜ' ਵੱਜੋਂ ਸਵੀਕਾਰ ਹੋ ਚੁੱਕਾ ਹੈ। ਇਸ ਕਾਰਣ ਸਰਕਾਰ ਨੂੰ ਬਹੁਤ ਸਾਰੇ ਕਾਰਜ ਨਿਭਾਉਣੇ ਪੈਂਦੇ ਹਨ। ਇਹਨਾਂ ਕਾਰਜਾਂ ਨੂੰ ਕਾਰਗਰ ਢੰਗ ਨਾਲ ਨੇਪਰੇ ਚਾੜ੍ਹਨ ਲਈ ਸਰਕਾਰ ਨੂੰ ਬਹੁਤ ਸਾਰਾ ਖ਼ਰਚ ਕਰਨਾ ਪੈਂਦਾ ਹੈ। ਇਹ ਖ਼ਰਚਾ ਕਿਹੜੇ ਨਿਯਮ ਅਨੁਸਾਰ ਕੀਤਾ ਜਾਵੇ ਇਸ ਸੰਬੰਧੀ ਸਿਧਾਂਤ ਬਹੁਤੇ ਵਿਕਸਤ ਨਹੀਂ ਹੋਏ। ਇਸ ਦਾ ਕਾਰਣ ਸਨਾਤਨੀ ਅਰਥਵਿਗਿਆਨੀਆਂ ਵੱਲੋਂ 'ਸਰਕਾਰੀ ਨਾਂ ਦਖ਼ਲਅੰਦਾਜ਼ੀ ਦੀ ਨੀਤੀ' ਅਪਨਾਏ ਜਾਣਾ ਸੀ। ਸਰਕਾਰ ਦੇ ਕਾਰਜ ਸੀਮਿਤ ਰੱਖੇ ਗਏ ਸਨ। ਉਹਨਾਂ ਦਾ ਵਿਸ਼ਵਾਸ ਸੀ ਕਿ ਸਰਕਾਰੀ ਖ਼ਰਚਾ ਵਿਅਰਥ ਹੁੰਦਾ ਹੈ ਅਤੇ ਸਰਕਾਰ ਦੀ ਬਜਾਇ ਨਿੱਜੀ ਵਿਅਕਤੀਆਂ ਵੱਲੋਂ ਧਨ ਦੀ ਵਰਤੋਂ ਵਧੇਰੇ ਚੰਗੇ ਢੰਗ ਨਾਲ ਕੀਤੀ ਜਾ ਸਕਦੀ ਹੈ। ਦੂਜੀ ਵੱਡੀ ਜੰਗ ਤੱਕ ਸਥਿਤੀ ਇਸ ਤਰ੍ਹਾਂ ਹੀ ਰਹੀ। ਪ੍ਰੰਤੂ ਵੱਡੇ ਮੰਦਵਾੜੇ ਦੀ ਨਾਲ ਨਿਪਟਣ ਲਈ ਕੇਨਜ਼ ਨੇ ਸਰਕਾਰੀ ਖ਼ਰਚੇ ਨੂੰ ਮਹੱਤਵਪੂਰਣ ਦੱਸਿਆ।
ਮੰਡੀ ਵਿਵਸਥਾ ਦੀ ਅਸਫ਼ਲਤਾ ਦੇ ਕਾਰਣ ਬੇਰੁਜ਼ਗਾਰੀ, ਕੀਮਤਾਂ ਵਿੱਚ ਵਾਧਾ, ਆਮਦਨ ਅਤੇ ਧਨ ਦੀ ਅਸਮਾਨ ਵੰਡ, ਵਰਗੀਆਂ ਸਮੱਸਿਆਵਾਂ ਪੈਦਾ ਹੋ ਗਈਆਂ। ਇਸ ਨੂੰ ਸੁਧਾਰਨ ਲਈ ਅਰਥਵਿਗਿਆਨੀ ਆਰਥਿਕ ਉੱਨਤੀ, ਯੋਜਨਾਬੰਦੀ ਅਤੇ ਆਮਦਨ ਅਤੇ ਦੌਲਤ ਦੀ ਸਮਾਨ ਵੰਡ ਲਿਆਉਣ ਵਿੱਚ ਸਰਕਾਰ ਦੇ ਯੋਗਦਾਨ ਨੂੰ ਮਹੱਤਵਪੂਰਣ ਸਮਝਣ ਲੱਗੇ। ਇਸ ਤਰ੍ਹਾਂ ਸਰਕਾਰੀ ਖ਼ਰਚੇ ਦਾ ਸਿਧਾਂਤ ਵੀ ਪ੍ਰਫੁੱਲਤ ਹੋਣ ਲੱਗਾ ਹੈ। ਹੁਣ ਸਰਕਾਰੀ ਖ਼ਰਚੇ ਰਾਹੀਂ ਮਾਨਵੀਂ ਅਤੇ ਕੁਦਰਤੀ ਸਾਧਨਾਂ ਦੀ ਪੂਰਣ ਵਰਤੋਂ ਕਰਨ ਦੇ ਯਤਨ ਕੀਤੇ ਜਾਂਦੇ ਹਨ। ਨਿਵੇਸ਼ ਦੇ ਵਾਧੇ ਦੀ ਤਰ੍ਹਾਂ ਸਰਕਾਰੀ ਖ਼ਰਚਾ ਵੀ ਆਮਦਨ, ਪੈਦਾਵਾਰ ਅਤੇ ਰੁਜ਼ਗਾਰ ਉੱਤੇ ਗੁਣਾਂਕ ਕ੍ਰਿਆ ਰਾਹੀਂ ਬਹੁਪੱਖੀ ਅਸਰ ਪਾਉਂਦਾ ਹੈ।

**2.2.3 ਸਰਕਾਰੀ ਖਰਚ** :

*ਸਰਕਾਰੀ ਖਰਚੇ ਤੋਂ ਭਾਵ ਹੈ ਦੇਸ਼ ਦੇ ਸਰਕਾਰੀ ਅਧਿਕਾਰੀਆਂ ਵੱਲੋਂ ਸਮਾਜਿਕ ਅਤੇ ਆਰਥਿਕ ਉਦੇਸ਼ਾਂ ਦੀ ਪ੍ਰਾਪਤੀ ਲਈ ਕੀਤੇ ਜਾਣ ਵਾਲੇ ਖਰਚ। ਇਸ ਵਿੱਚ ਕੇਂਦਰ, ਰਾਜ ਅਤੇ ਸਥਾਨਕ ਸਰਕਾਰਾਂ ਵੱਲੋਂ ਕੀਤੇ ਜਾਣ ਵਾਲੇ ਖਰਚ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਪ੍ਰੋਫੈਸਰ ਆਰ. ਏ. ਮਸਗ੍ਰੇਵ ਦੇ ਅਨੁਸਾਰ ਸਰਕਾਰ ਨੂੰ ਸਾਧਨਾਂ ਦੀ ਮੁੜ ਵੰਡ ਕਰਨ, ਧਨ ਅਤੇ ਆਮਦਨ ਦੀ ਮੁੜ ਵੰਡ ਕਰਨ ਸਥਿਰਤਾ ਲਿਆਉਣ ਅਤੇ ਵਪਾਰਕ ਕਾਰਜ ਕਰਨ ਲਈ ਖਰਚੇ ਕਰਨ ਦੀ ਲੋੜ ਪੈਂਦੀ ਹੈ।*

*ਆਓ ਹੁਣ ਸਰਕਾਰੀ ਖਰਚ ਅਤੇ ਨਿੱਜੀ ਖਰਚ ਵਿੱਚ ਭੇਦ ਕਰਦੇ ਹਾਂ। ਸਰਕਾਰੀ ਖਰਚਾ ਜਨਤਕ ਕੰਮਾਂ ਉੱਤੇ ਕੀਤਾ ਜਾਣ ਵਾਲਾ ਖਰਚਾ ਹੈ ਅਤੇ ਨਿੱਜੀ ਖਰਚਾ ਵਿਅਕਤੀਗਤ ਹਿੱਤ ਲਈ ਕੀਤਾ ਜਾਂਦਾ ਹੈ। ਦੋਵੇਂ ਤਰ੍ਹਾਂ ਦੇ ਖਰਚੇ ਰਾਹੀਂ ਕੋਈ ਨਾ ਕੋਈ ਉਦੇਸ਼ ਪੂਰਾ ਕੀਤਾ ਜਾਂਦਾ ਹੈ। ਦੋਵਾਂ ਖਰਚਾਂ ਵਿੱਚ ਕਈ ਫ਼ਰਕ ਹਨ।*

- *ਸਭ ਤੋਂ ਮਹੱਤਵਪੂਰਣ ਫ਼ਰਕ ਇਹ ਹੈ ਕਿ ਇਹਨਾਂ ਖ਼ਰਚਿਆਂ ਦੇ ਉਦੇਸ਼ ਵਿੱਚ ਵੱਡਾ ਅੰਤਰ ਹੁੰਦਾ ਹੈ। ਨਿੱਜੀ ਖਰਚੇ ਦਾ ਉਦੇਸ਼ ਵੱਧੋ-ਵੱਧ ਲਾਭ ਕਮਾਉਣਾ ਹੁੰਦਾ ਹੈ, ਪ੍ਰੰਤੂ ਸਰਕਾਰ ਆਪਣੇ ਖਰਚੇ ਲਈ ਵਪਾਰਕ ਦ੍ਰਿਸ਼ਟੀਕੋਣ ਨਹੀਂ ਅਪਨਾ ਸਕਦੀ। ਕਿਉਂਕਿ ਸਰਕਾਰੀ ਖਰਚੇ ਦਾ ਉਦੇਸ਼ ਵੱਧੋ ਵੱਧ ਸਮਾਜਿਕ ਭਲਾਈ ਕਰਨਾ ਹੁੰਦਾ ਹੈ।*

  *ਦੋਵੇਂ ਤਰ੍ਹਾਂ ਦੇ ਖਰਚੇ ਅਤੇ ਇਹਨਾਂ ਤੋਂ ਪ੍ਰਾਪਤੀਆਂ ਵਿਚਕਾਰ ਸਮਾਂ ਅੰਤਰ ਅੱਡੋ ਅੱਡ ਹੁੰਦਾ ਹੈ। ਵਿਅਕਤੀ ਨੂੰ ਖਰਚੇ ਅਤੇ ਪ੍ਰਾਪਤੀਆਂ ਵਿਚਕਾਰ ਘੱਟੋ ਘੱਟ ਸਮਾਂ ਅੰਤਰ ਦੀ ਲੋੜ ਹੁੰਦੀ ਹੈ ਭਾਵ ਉਸਨੇ ਕੀਤੇ ਗਏ ਖਰਚੇ ਤੋਂ ਘੱਟ ਸਮੇਂ ਵਿੱਚ ਪ੍ਰਾਪਤੀ ਕਰਨੀ ਹੁੰਦੀ ਹੈ ਜਦੋਂ ਕਿ ਸਰਕਾਰ ਲੰਬੇ ਸਮੇਂ ਵਿੱਚ ਹੋਣ ਵਾਲੀਆਂ ਪ੍ਰਾਪਤੀਆਂ ਲਈ ਵੀ ਖਰਚ ਕਰਦੀ ਹੈ।*
- *ਸਰਕਾਰੀ ਖਰਚੇ ਦੇ ਆਧਾਰ ਤੇ ਸਰਕਾਰੀ ਆਮਦਨ ਦਾ ਪੱਧਰ ਨਿਰਧਾਰਤ ਕੀਤਾ ਜਾਂਦਾ ਹੈ, ਜਦੋਂ ਕਿ ਇਸ ਦੇ ਉਲਟ ਵਿਅਕਤੀ ਦੀ ਆਮਦਨ ਦੇ ਆਧਾਰ ਤੇ ਨਿੱਜੀ ਖਰਚ ਦਾ ਪੱਧਰ ਨਿਰਧਾਰਤ ਹੁੰਦਾ ਹੈ। ਸਰਕਾਰ ਆਪਣੀ ਆਮਦਨ ਨਾਲੋਂ ਵਧੇਰੇ ਖਰਚ ਵੀ ਕਰ ਲੈਂਦੀ ਹੈ ਪ੍ਰੰਤੂ ਵਿਅਕਤੀ ਅਜਿਹਾ ਕਰਨੋਂ ਗੁਰੇਜ਼ ਕਰਦੇ ਹਨ। ਸਰਕਾਰ ਕਈ ਸਾਲਾਂ ਤੱਕ ਘਾਟੇ ਵਾਲੇ ਬਜਟ ਦੀ ਨੀਤੀ ਅਪਨਾ ਸਕਦੀ ਹੈ।*

**ਸਵੈ-ਮੁਲਾਂਕਣ ਅਭਿਆਸ**

*ਪ੍ਰਸ਼ਨ:* *ਸਰਕਾਰੀ ਖਰਚ ਅਤੇ ਨਿੱਜੀ ਖਰਚ ਵਿਚਕਾਰ ਦੋ ਭੇਦ ਦੱਸੋ।*

*ਉੱਤਰ* ..........................................................................................................

..........................................................................................................

..........................................................................................................

**2.2.4 ਸਰਕਾਰੀ ਖਰਚ ਦੇ ਸਿਧਾਂਤ** :

*ਸਰਕਾਰੀ ਖਰਚ ਦੇ ਸਿਧਾਂਤਾਂ ਨੂੰ ਦੋ ਸ਼੍ਰੇਣੀਆਂ ਵਿੱਚ ਵੰਡ ਕੇ ਵਿਆਖਿਆ ਕੀਤੀ ਜਾ ਸਕਦੀ ਹੈ।*

**(i) ਸਰਕਾਰੀ ਖਰਚ ਵਿੱਚ ਵਿੱਚ ਵਾਧੇ ਬਾਰੇ ਸਿਧਾਂਤ**

**(ii) ਸਰਕਾਰੀ ਖਰਚ ਨਿਰਧਾਰਤ ਕਰਨ ਦੇ ਨਿਯਮ**

**(i) *ਸਰਕਾਰੀ ਖਰਚ ਵਿੱਚ ਵਾਧੇ ਬਾਰੇ ਸਿਧਾਂਤ* :**

*ਪਿਛਲੇ ਸਮਿਆਂ ਵਿੱਚ ਲਗਭਗ ਸਾਰੇ ਦੇਸ਼ਾਂ ਵਿੱਚ ਸਰਕਾਰੀ ਖਰਚ ਵਿੱਚ ਵਾਧਾ ਹੋਇਆ ਹੈ। ਅਰਥਵਿਗਿਆਨੀ ਐਡੋਲਫ ਵੈਗਨਰ ਅਤੇ ਅਰਥਵਿਗਿਆਨੀਆਂ ਜੈਕ ਵਾਈਜ਼ਮੈਨ ਅਤੇ ਐਲਨ ਪੀਕੋਕ ਨੇ ਵਿਭਿੰਨ ਦੇਸ਼ਾਂ ਵਿੱਚ ਵਿਭਿੰਨ ਸਮਿਆਂ ਦੌਰਾਨ ਕੀਤੇ ਗਏ ਸਰਕਾਰੀ ਖਰਚੇ ਦੇ ਵਿਸ਼ਲੇਸ਼ਣ ਦੇ ਆਧਾਰ ਤੇ ਇਹ ਸਿਧਾਂਤ ਦਿੱਤੇ ਹਨ।*

*(ੳ) ਵੈਗਨਰ ਦਾ ਸਰਕਾਰੀ ਗਤੀਵਿਧੀਆਂ ਵਿੱਚ ਵਾਧੇ ਦਾ ਨਿਯਮ* (Adolph Wagner's Hypothesis of Increasing State Activities) : *ਐਡੋਲਫ ਵੈਗਨਰ ਜੋ ਕਿ ਜਰਮਨ ਅਰਥਵਿਗਿਆਨੀ ਸੀ, ਨੇ ਜਰਮਨ, ਯੂਨਾਈਟਡ*

*ਕਿੰਗਡਮ, ਅਮਰੀਕਾ, ਫ੍ਰਾਂਸ ਅਤੇ ਜਪਾਨ ਦੇ ਇਤਿਹਾਸਕ ਤੱਥਾਂ ਦੇ ਆਧਾਰ ਤੇ ਵਧ ਰਹੀਆਂ ਸਰਕਾਰੀ ਕ੍ਰਿਆਵਾਂ ਦਾ ਨਿਯਮ ਦਿੱਤਾ। ਵੈਗਨਰ ਦੇ ਅਨੁਸਾਰ, ਕਿਸੇ ਦੇਸ਼ ਵਿਚਲੀਆਂ ਵਿਭਿੰਨ ਪੱਧਰ ਦੀਆਂ ਸਰਕਾਰ ਦੀਆਂ ਕ੍ਰਿਆਵਾਂ ਵਿੱਚ ਸੰਘਣਾ ਅਤੇ ਵਿਸਤ੍ਰਿਤ ਵਾਧਾ ਹੁੰਦਾ ਰਹਿੰਦਾ ਹੈ। ਇਸ ਦਾ ਭਾਵ ਹੈ ਕਿ ਸਰਕਾਰ ਵੱਲੋਂ ਪੁਰਾਣੇ ਕਾਰਜਾਂ ਨੂੰ ਯੋਗਤਾ ਨਾਲ ਵੱਡੇ ਪੈਮਾਨੇ ਤੇ ਪੂਰਾ ਕੀਤਾ ਜਾਂਦਾ ਹੈ ਅਤੇ ਨਵੇਂ ਨਵੇਂ ਕਾਰਜਾਂ ਨੂੰ ਵੀ ਹੱਥ ਵਿੱਚ ਲਿਆ ਜਾਂਦਾ ਹੈ।*

*ਸੰਘਣੇਪਣ ਦਾ ਭਾਵ ਹੈ ਕਿ ਪੁਰਾਤਨ ਕੰਮਾਂ-ਕਾਰਾਂ ਵਿੱਚ ਵਾਧਾ ਹੋਇਆ ਹੈ ਜਿਵੇਂ ਕਿ ਸੁਰੱਖਿਆ ਦੇ ਖੇਤਰ ਵਿੱਚ ਨਵੀਆਂ ਨਵੀਆਂ ਢੰਗ ਤਕਨੀਕਾਂ ਦੀ ਵਰਤੋਂ ਕੀਤੀ ਜਾਣ ਲੱਗੀ ਹੈ ਇਸ ਲਈ ਬਹੁਤ ਖਰਚ ਦੀ ਲੋੜ ਪੈਂਦੀ ਹੈ। ਵਿਸਤ੍ਰਿਤ ਗਤੀਵਿਧੀਆਂ ਤੋਂ ਭਾਵ ਹੈ ਨਿੱਤ ਨਵੇਂ ਨਵੇਂ ਕੰਮਾਂ ਵਿੱਚ ਵਾਧਾ ਹੋ ਰਿਹਾ ਹੈ। ਸਰਕਾਰੀ ਗਤੀਵਿਧੀਆਂ ਹੁਣ ਲੋਕ ਭਲਾਈ ਕੰਮਾਂ ਲਈ ਹੋਣ ਲੱਗੀਆਂ ਹਨ।*

*ਵੈਗਨਰ ਅਨੁਸਾਰ ਅਰਥਵਿਵਸਥਾ ਦੇ ਵਾਧੇ ਅਤੇ ਸਰਕਾਰੀ ਕ੍ਰਿਆਵਾਂ ਵਿੱਚ ਕਾਰਜਾਤਮਕ ਸਬੰਧ ਹੁੰਦਾ ਹੈ ਜਿਸ ਦੇ ਨਤੀਜੇ ਵੱਜੋਂ ਸਰਕਾਰੀ ਖੇਤਰ ਤੇਜੀ ਨਾਲ ਵਧਦਾ ਫੁੱਲਦਾ ਹੈ।*

*ਵੈਗਨਰ ਨੇ ਸਰਕਾਰੀ ਖਰਚੇ ਨੂੰ ਦੋ ਸ਼੍ਰੇਣੀਆਂ ਵਿੱਚ ਵੰਡਿਆ*

(i) *ਅੰਦਰੂਨੀ ਅਤੇ ਬਾਹਰੀ ਸੁਰੱਖਿਆ ਲਈ ਖਰਚਾ ਅਤੇ*

(ii) *ਸਭਿਆਚਾਰ ਅਤੇ ਭਲਾਈ ਲਈ ਖਰਚਾ, ਜਿਸ ਵਿੱਚ ਸਿਹਤ, ਸਿੱਖਿਆ, ਆਵਾਜਾਈ, ਬੈਂਕਿੰਗ ਸਹੂਲਤਾਂ ਆਦਿ ਦੇ ਖਰਚੇ ਸ਼ਾਮਿਲ ਹਨ।*

*ਵੈਗਨਰ ਦੀ ਇਹ ਮਾਨਤਾ ਸੀ ਕਿ ਸਰਬਜਨਕ ਵਸਤਾਂ ਅਤੇ ਸੇਵਾਵਾਂ ਲਈ ਮੰਗ ਦੀ ਆਮਦਨ ਲਚਕ ਇਕਾਈ ਤੋਂ ਵੱਧ ਹੁੰਦੀ ਹੈ। ਇਸ ਲਈ ਜਦੋਂ ਵਿਅਕਤੀਆਂ ਦੀ ਆਮਦਨ ਵਿੱਚ ਵਾਧਾ ਹੁੰਦਾ ਹੈ ਤਾਂ ਸਰਕਾਰੀ ਵਸਤਾਂ ਲਈ ਮੰਗ ਉਸ ਅਨੁਪਾਤ ਨਾਲੋਂ ਵਧੇਰੇ ਹੁੰਦੀ ਹੈ।*

*ਤੱਥਾਂ ਦੀ ਗਵਾਹੀ ਇਨ੍ਹਾਂ ਕਥਨਾਂ ਦੀ ਪੁਸ਼ਟੀ ਕਰਦੀ ਹੈ ਅਤੇ ਵੈਗਨਰ ਦੇ ਸਰਕਾਰੀ ਖਰਚੇ ਵਿੱਚ ਲਗਾਤਾਰ ਵਾਧੇ ਦੇ ਨਿਯਮ ਦੀ ਪੁਸ਼ਟੀ ਹੁੰਦੀ ਹੈ। ਅਰਥਵਿਗਿਆਨੀ ਐਫ.ਐਸ. ਨਿਤੀ ਵੀ ਵੈਗਨਰ ਦੇ ਨਿਯਮ ਨਾਲ ਸਹਿਮਤ ਹੈ। ਉਸ ਅਨੁਸਾਰ, ਜੇਕਰ ਵਿਭਿੰਨ ਦੇਸ਼ਾਂ ਦੇ ਅੰਕੜਿਆਂ ਨੂੰ ਵਿਚਾਰਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਕੋਈ ਵੀ ਦੇ ਸ਼ ਭਾਵੇਂ ਉਹ ਕੇਂਦਰੀਕਰਨ ਨੀਤੀ ਜਾਂ ਵਿਕੇਂਦਰੀਕਰਨ ਦੀ ਨੀਤੀ ਨੂੰ ਅਪਨਾ ਰਿਹਾ ਹੋਵੇ, ਸ਼ਾਂਤੀ ਦੇ ਦੌਰ ਵਿੱਚੋਂ ਜਾਂ ਜੰਗ ਦੀ ਸਥਿਤੀ ਵਿੱਚੋਂ ਗੁਜ਼ਰ ਰਿਹਾ ਹੋਵੇ, ਵੱਡਾ ਜਾਂ ਛੋਟਾ ਹੋਵੇ, ਉਸ ਦੀਆਂ ਵਧ ਰਹੀਆਂ ਸਰਕਾਰੀ ਗਤੀਵਿਧੀਆਂ ਕਾਰਣ ਸਰਕਾਰੀ ਖਰਚ ਵਿੱਚ ਵਾਧਾ ਹੁੰਦਾ ਹੀ ਜਾ ਰਿਹਾ ਹੈ।*

*ਵੈਗਨਰ ਦੇ ਸਿਧਾਂਤ ਦੀ ਕੁਝ ਪੱਖਾਂ ਤੋਂ ਆਲੋਚਨਾ ਵੀ ਕੀਤੀ ਜਾਂਦੀ ਹੈ :*

(i) *ਵੈਗਨਰ ਦੇ ਸਿਧਾਂਤ ਵਿੱਚ ਇਹ ਸਪੱਸ਼ਟ ਨਹੀਂ ਹੈ ਕਿ ਉਹ*

*(ੳ)* *ਸਰਕਾਰੀ ਖਰਚੇ ਦੇ ਕੁੱਲ ਪੱਧਰ ਵਿੱਚ ਵਾਧੇ ਬਾਰੇ ਗੱਲ ਕਰ ਰਹੇ ਸਨ ਜਾਂ*

*(ਅ)* *ਕੁੱਲ ਰਾਸ਼ਟਰੀ ਪੈਦਾਵਾਰ ਵਿੱਚ ਸਰਕਾਰੀ ਖਰਚੇ ਦੇ ਅਨੁਪਾਤ ਬਾਰੇ ਗੱਲ ਕਰ ਰਹੇ ਸਨ ਜਾਂ*

*(ੲ)* *ਅਰਥਵਿਵਸਥਾ ਵਿੱਚ ਸਰਕਾਰੀ ਖੇਤਰ ਦੇ ਅਨੁਪਾਤ ਦੇ ਵਾਧੇ ਦੀ ਗੱਲ ਕਰ ਰਹੇ ਸਨ।*

*ਮਸਗ੍ਰੇਵ ਦਾ ਵਿਚਾਰ ਹੈ ਕਿ ਉਹ ਸ਼ਾਇਦ ਇਹਨਾਂ ਤਿੰਨਾਂ ਵਿੱਚੋਂ ਤੀਜੇ ਭਾਵ ਸਰਕਾਰੀ ਖੇਤਰ ਦੇ ਅਨੁਪਾਤ ਵਧਣ ਦੀ ਗੱਲ ਕਰ ਰਹੇ ਸਨ।*

(ii) *ਇਹ ਵੀ ਆਲੋਚਨਾ ਕੀਤੀ ਜਾਂਦੀ ਹੈ ਕਿ ਇਸ ਸਿਧਾਂਤ ਵਿੱਚ ਇਹ ਨਹੀਂ ਦਰਸਾਇਆ ਗਿਆ ਕਿ ਸਰਕਾਰੀ ਖਰਚ ਵਿੱਚ ਤਬਦੀਲੀ ਅਤੇ ਇਸ ਵਿੱਚ ਲੱਗੇ ਵਕਤ ਵਿੱਚ, ਆਪਸ ਵਿੱਚ ਕੀ ਅਤੇ ਕਿਸ ਤਰ੍ਹਾਂ ਦਾ ਸਬੰਧ ਹੈ। ਸਰਕਾਰੀ ਖਰਚ ਦੇ ਵਾਧੇ ਦੀ ਮਾਤਰਾ ਭਾਵ ਸਰਕਾਰੀ ਖਰਚਾ ਕਿੰਨਾ ਵਧਿਆ ਹੈ ਜਾਂ ਕਿੰਨਾ ਵਧ ਸਕਦਾ ਹੈ - ਬਾਰੇ ਵੀ ਪਤਾ ਨਹੀਂ ਚਲਦਾ।*

(ii) *ਵਾਈਜ਼ਮੈਨ-ਪੀਕੌਕ ਸਿਧਾਂਤ* (Wiseman-Peacock Hypothesis)


*ਵਾਈਜ਼ਮੈਨ ਅਤੇ ਪੀਕੌਕ ਨੇ ਯੂ.ਕੇ. ਦੇ 1890 ਤੋਂ 1955 ਤੱਕ ਦੇ ਸਰਕਾਰੀ ਖਰਚ ਦਾ ਵਿਸ਼ਲੇਸ਼ਣ ਕੀਤਾ ਅਤੇ ਉਸ ਦੇ ਆਧਾਰ ਤੇ ਇਹ ਸਿਧਾਂਤ ਹੋਂਦ ਵਿੱਚ ਆਇਆ। ਇਸ ਦੇ ਅਨੁਸਾਰ, ਸਰਕਾਰੀ ਖਰਚ ਵਿੱਚ ਵਾਧਾ ਇਕਸਾਰ ਅਤੇ ਲਗਾਤਾਰ ਨਹੀਂ ਹੁੰਦਾ ਸਗੋਂ ਇਹ ਵਾਧਾ ਕਦੇ ਇਕਦਮ ਜ਼ਿਆਦਾ ਅਤੇ ਕਦੇ ਘੱਟ ਹੋ ਜਾਂਦਾ ਹੈ।* (Public expenditure does not increase in a smooth and continuous manner, but in jerks or steplike fashion)

*ਕਈ ਵਾਰੀ ਕੋਈ ਅਜਿਹੀ ਸਮੱਸਿਆ ਆ ਜਾਂਦੀ ਹੈ ਜਿਸ ਨੂੰ ਹੱਲ ਕਰਨ ਲਈ ਵਧੇਰੇ ਸਰਕਾਰੀ ਖਰਚ ਦੀ ਲੋੜ ਹੁੰਦੀ ਹੈ ਅਤੇ ਮੌਜੂਦਾ ਸਰਕਾਰੀ ਆਮਦਨ ਦਾ ਪੱਧਰ ਉਸ ਖਰਚੇ ਨੂੰ ਪੂਰਾ ਕਰਨੋਂ ਅਸਮਰੱਥ ਹੁੰਦਾ ਹੈ। ਇਸ ਦਾ ਭਾਵ ਹੈ ਕਿ ਮੌਜੂਦਾ ਸਰਕਾਰੀ ਆਮਦਨ ਲੋੜੀਂਦੇ ਸਰਕਾਰੀ ਖਰਚੇ ਨਾਲੋਂ ਘੱਟ ਹੋ ਜਾਂਦੀ ਹੈ। ਇਸ ਸਥਿਤੀ ਨਾਲ ਨਜਿੱਠਣ ਲਈ ਚੁੱਕੇ ਜਾਣ ਵਾਲੇ ਕਦਮਾਂ ਤੋਂ ਤਿੰਨ ਅਸਰ ਪੈਦਾ ਹੁੰਦੇ ਹਨ :*

1. *ਵਿਸਥਾਪਨ ਅਸਰ* (Displacement effect)
2. *ਨਿਰੀਖਣ ਅਸਰ* (Inspection effect)
3. *ਸੰਕੇਂਦ੍ਰੀਕਰਣ ਅਸਰ* (Concentration effect)

*ਵਾਈਜ਼ਮੈਨ ਅਤੇ ਪੀਕੌਕ ਅਨੁਸਾਰ ਕਿਸੇ ਵੀ ਸਮੱਸਿਆ ਕਾਰਣ ਵੱਧ ਸਰਕਾਰੀ ਖਰਚਾ ਕਰਨ ਦੀ ਲੋੜ ਕਾਰਣ ਪੈਦਾ ਹੋਏ ਮੌਜੂਦਾ ਸਰਕਾਰੀ ਆਮਦਨ ਅਤੇ ਲੋੜੀਂਦੇ ਵਧੇ ਹੋਏ ਸਰਕਾਰੀ ਖਰਚ ਦੇ ਅੰਤਰ ਨੂੰ 'ਵਿਸਥਾਪਨ ਅਸਰ' ਕਿਹਾ ਜਾ ਸਕਦਾ ਹੈ। ਅਜਿਹੀ ਸਥਿਤੀ ਜਿਵੇਂ ਯੁੱਧ ਜਾਂ ਹੋਰ ਗੜਬੜੀਆਂ ਜਨਤਾ ਅਤੇ ਸਰਕਾਰ ਨੂੰ ਇਹਨਾਂ ਸਮੱਸਿਆਵਾਂ ਦਾ ਹੱਲ ਕਰਨ ਲਈ ਮਜ਼ਬੂਰ ਕਰ ਦਿੰਦੀਆਂ ਹਨ ਅਤੇ ਉਹ ਸਰਕਾਰੀ ਆਮਦਨ ਵਧਾਉਣ ਲਈ ਮੌਜੂਦਾ ਕਰਾਂ ਵਿੱਚ ਲੋੜੀਂਦੀ ਤਬਦੀਲੀ ਕਰਨ ਲਈ ਸਹਿਮਤ ਹੋ ਜਾਂਦੇ ਹਨ। ਇਸ ਨੂੰ 'ਨਿਰੀਖਣ ਅਸਰ' ਕਿਹਾ ਜਾ ਸਕਦਾ ਹੈ। ਇਸ ਤਰ੍ਹਾਂ ਉੱਚੇ ਕਰ ਪੱਧਰ ਦੀ ਸਥਿਤੀ ਪੈਦਾ ਹੋ ਜਾਂਦੀ ਹੈ। ਲੋਕ ਇਸ ਨਵੇਂ ਕਰ ਸਹਿਣ ਦੇ ਪੱਧਰ* (tax tolerance) *ਨੂੰ ਮੰਨ ਲੈਂਦੇ ਹਨ। ਜਿੰਨੀ ਦੇਰ ਤੱਕ ਕੋਈ ਨਵਾਂ 'ਵਿਸਥਾਪਨ ਅਸਰ' ਪੈਦਾ ਨਾ ਹੋਵੇ, ਉਨਾਂ ਚਿਰ ਸਰਕਾਰ ਦਾ ਖਰਚ ਅਤੇ ਕਰ ਇਸ ਨਿਰਧਾਰਿਤ ਪੱਧਰ ਉੱਤੇ ਹੀ ਰਹਿੰਦੇ ਹਨ। ਇਸ ਤੋਂ ਬਾਦ ਫਿਰ ਕੋਈ ਗੜਬੜੀ ਆਉਣ ਕਾਰਣ ਰਾਸ਼ਟਰੀ ਆਰਥਿਕ ਗਤੀਵਿਧੀਆਂ ਵਿੱਚ ਸਰਕਾਰ ਦਾ ਯੋਗਦਾਨ ਵਧਦਾ ਜਾਂਦਾ ਹੈ ਅਤੇ ਕੇਂਦਰੀਕਰਣ ਹੁੰਦਾ ਰਹਿੰਦਾ ਹੈ ਭਾਵ ਸਰਕਾਰ ਦੀਆਂ ਵਿੱਤੀ ਜਿੰਮੇਵਾਰੀਆਂ ਵਧਦੀਆਂ ਰਹਿੰਦੀਆਂ ਹਨ। ਇਸੇ ਨੂੰ ਹੀ ਸੰਕੇਂਦਰੀਕਰਣ ਅਸਰ ਕਹਿੰਦੇ ਹਨ।*

*ਸਰਕਾਰੀ ਖਰਚੇ ਵਿੱਚ ਹੋਣ ਵਾਲੇ ਅਨਿਯਮਿਤ ਵਾਧੇ ਨੂੰ ਹੇਠ ਦਿੱਤੇ ਚਿੱਤਰ ਰਾਹੀਂ ਦਿਖਾਇਆ ਜਾ ਸਕਦਾ ਹੈ।*




*ਵਾਈਜ਼ਮੈਨ ਅਤੇ ਪੀਕੌਕ ਦੀ ਧਾਰਨਾ ਵਿੱਚ ਇਸ ਗੱਲ ਨੂੰ ਮਹੱਤਤਾ ਦਿੱਤੀ ਗਈ ਹੈ ਕਿ ਸਰਕਾਰੀ ਖਰਚ ਅਤੇ ਸਰਕਾਰੀ ਆਮਦਨ ਵਿੱਚ ਵਾਧਾ 'ਅਸਧਾਰਨ ਸਥਿਤੀਆਂ' ਪੈਦਾ ਹੋਣ ਕਾਰਣ ਆਉਂਦਾ ਹੈ। ਪ੍ਰੰਤੂ, ਹੁਣ ਜਦੋਂ ਦੇਸ਼ਾਂ ਵਿੱਚ ਤੇਜ਼ੀ ਨਾਲ ਤਰੱਕੀ ਹੋ ਰਹੀ ਹੈ ਅਤੇ ਸੰਰਚਨਾਤਮਕ ਤਬਦੀਲੀਆਂ ਆ ਰਹੀਆਂ ਹਨ ਤਾਂ ਸਰਕਾਰੀ ਖਰਚੇ ਅਤੇ ਸਰਕਾਰੀ ਆਮਦਨ ਵਿੱਚ ਲਗਾਤਾਰ ਅਤੇ ਨਿਯਮਿਤ ਵਾਧਾ ਹੋ ਰਿਹਾ ਹੈ।*

**ਸਵੈ-ਮੁਲਾਂਕਣ ਅਭਿਆਸ – 2**

ਪ੍ਰਸ਼ਨ: ਵੈਗਨਰ ਨੇ ਸਰਕਾਰੀ ਖਰਚ ਵਧਣ ਦੇ ਕੀ ਕਾਰਣ ਦੱਸੇ ਹਨ?

ਉੱਤਰ ..........................................................................................................

..........................................................................................................

..........................................................................................................

ਪ੍ਰਸ਼ਨ : ਵਾਈਜ਼ਮੈਨ ਪੀਕੌਕ ਸਿਧਾਂਤ ਵਿੱਚ 'ਵਿਸਥਾਪਨ ਅਸਰ' ਤੋਂ ਕੀ ਭਾਵ ਹੈ?

ਉੱਤਰ ..........................................................................................................

..........................................................................................................

..........................................................................................................

## 2. ਸਰਕਾਰੀ ਖਰਚ ਦੇ ਵਿਧਾਨ/ਨਿਯਮ (Canons of Public Expenditure)

ਜਿਸ ਤਰ੍ਹਾਂ ਐਡਮ ਸਮਿੱਥ ਅਤੇ ਹੋਰ ਅਰਥਵਿਗਿਆਨੀਆਂ ਨੇ ਕਰਾਂ ਦੇ ਵਿਧਾਨ ਤਿਆਰ ਕੀਤੇ ਹਨ ਉਸੇ ਤਰ੍ਹਾਂ ਸਰਕਾਰੀ ਖਰਚ ਦੇ ਵੀ ਕੁਝ ਵਿਧਾਨ ਦਿੱਤੇ ਗਏ ਹਨ। ਇਹਨਾਂ ਨਿਯਮਾਂ ਤੋਂ ਇਹ ਪਤਾ ਚੱਲਦਾ ਹੈ ਕਿ ਸਰਕਾਰੀ ਖਰਚ ਕਰਨ ਸਮੇਂ ਸਰਕਾਰ ਨੂੰ ਇਹਨਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਅਤੇ ਇਹਨਾਂ ਦੀ ਪਾਲਨਾ ਕਰਨੀ ਚਾਹੀਦੀ ਹੈ।

***ਲਾਭ ਦਾ ਵਿਧਾਨ* (Canon of Profit) :**

ਫਿੰਡਲੇ ਸ਼ਿਰਾਜ ਅਨੁਸਾਰ, ਸਰਕਾਰੀ ਖਰਚ ਇਸ ਤਰ੍ਹਾਂ ਕਰਨਾ ਚਾਹੀਦਾ ਹੈ ਕਿ ਇਸ ਤੋਂ ਪ੍ਰਾਪਤ ਹੋਣ ਵਾਲਾ ਸਮਾਜਿਕ ਲਾਭ ਵੱਧੋ-ਵੱਧ ਹੋਵੇ। ਇਸ ਦਾ ਭਾਵ ਹੈ ਕਿ ਹਰੇਕ ਸੀਮਾਂਤ ਖਰਚ ਦੀ ਸੀਮਾਂਤ ਉਪਯੋਗਤਾ ਸਮਾਨ ਹੋਵੇ।

***ਬੱਚਤ ਦਾ ਵਿਧਾਨ* (Canon of Saving) :**

ਇਸ ਨਿਯਮ ਅਨੁਸਾਰ ਸਰਕਾਰੀ ਖਰਚ ਇਸ ਤਰ੍ਹਾਂ ਕੀਤਾ ਜਾਵੇ ਕਿ ਫ਼ਜ਼ੂਲ ਖਰਚ ਘੱਟ ਤੋਂ ਘੱਟ ਹੋਵੇ। ਜ਼ਰੂਰੀ ਕੰਮਾਂ ਉੱਤੇ ਖਰਚ ਨੂੰ ਪਹਿਲ ਦੇਣੀ ਚਾਹੀਦੀ ਹੈ। ਖਰਚ ਦੀ ਵੰਡ ਇਸ ਤਰ੍ਹਾਂ ਕਰਨੀ ਚਾਹੀਦੀ ਹੈ ਕਿ ਜਿਸ ਮਦ ਜਾਂ ਕੰਮ ਲਈ ਖਰਚ ਕੀਤਾ ਜਾਵੇ, ਉਸ ਤੋਂ ਪ੍ਰਾਪਤ ਲਾਭ ਵੱਧੋ-ਵੱਧ ਹੋਣ।

***ਮਨਜ਼ੂਰੀ ਦਾ ਵਿਧਾਨ* (Canon of Consent) :**

ਇਸ ਵਿਧਾਨ ਦੇ ਅਨੁਸਾਰ, ਸਭ ਪ੍ਰਕਾਰ ਦੇ ਸਰਕਾਰੀ ਖਰਚਿਆਂ ਦੀ ਮਨਜ਼ੂਰੀ ਪਹਿਲਾਂ ਯੋਗ ਹਸਤੀ ਤੋਂ ਲੈਣੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ ਫਜ਼ੂਲ ਅਤੇ ਅਣਉਪਜਾਊ ਖਰਚ ਨੂੰ ਰੋਕਿਆ ਜਾ ਸਕਦਾ ਹੈ।

***ਬੇਸ਼ੀ ਦਾ ਵਿਧਾਨ* (Canon of Surplus) :**

ਸ਼ਿਰਾਜ ਦੇ ਅਨੁਸਾਰ, "ਸਰਕਾਰ ਨੂੰ ਵੀ ਆਮ ਆਦਮੀ ਵਾਂਗੂ ਕਮਾਈ ਅਤੇ ਖਰਚ ਕਰਨਾ ਚਾਹੀਦਾ ਹੈ। ਬਜਟ ਸਬੰਧੀ ਸਾਵਧਾਨ ਹੋਣਾ ਚਾਹੀਦਾ ਹੈ।" ਇਸ ਨਿਯਮ ਦੇ ਅਨੁਸਾਰ ਸਰਕਾਰ ਨੂੰ ਘਾਟੇ ਦੇ ਬਜਟ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਅਤੇ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਬਜਟ ਵਾਧੇ ਵਾਲਾ ਹੀ ਹੋਵੇ। ਪ੍ਰੰਤੂ ਆਧੁਨਿਕ ਸਮੇਂ ਵਿੱਚ ਸਰਕਾਰ ਦੀਆਂ ਲਗਾਤਾਰ ਵਧ ਰਹੀਆਂ ਜ਼ਿੰਮੇਵਾਰੀਆਂ ਕਾਰਣ ਅਤੇ ਵਪਾਰਕ ਚੱਕਰਾਂ ਕਾਰਣ ਇਸ ਵਿਧਾਨ ਦੀ ਪਾਲਨਾ ਕਰਨੀ ਕਠਿਨ ਹੋ ਗਈ ਹੈ ਅਤੇ ਸਰਕਾਰਾਂ ਨੂੰ ਘਾਟੇ ਦੇ ਬਜਟ ਅਪਨਾਉਣੇ ਪੈ ਰਹੇ ਹਨ।

***ਉਤਪਾਦਕਤਾ ਦਾ ਵਿਧਾਨ* (Canon of Productivity) :**

ਇਹ ਨਿਯਮ ਮੰਗ ਕਰਦਾ ਹੈ ਕਿ ਸਰਕਾਰੀ ਖਰਚਾ ਅਜਿਹੇ ਕਾਰਜਾਂ ਉੱਤੇ ਕੀਤਾ ਜਾਵੇ ਕਿ ਉਸ ਤੋਂ ਸਰਕਾਰ ਦੀ ਆਮਦਨ ਵੀ ਵਧੇ। ਜਿਵੇਂ ਸਮਾਜਿਕ ਅਤੇ ਆਰਥਿਕ ਉੱਪਰੀ ਢਾਂਚੇ ਉੱਤੇ ਕੀਤਾ ਜਾਣ ਵਾਲਾ ਖਰਚ।

***ਸਮਾਨਤਾ ਦਾ ਵਿਧਾਨ* (Canon of Equality) :**

ਇਸ ਨਿਯਮ ਅਨੁਸਾਰ ਸਰਕਾਰੀ ਖਰਚਾ ਇਸ ਤਰ੍ਹਾਂ ਕਰਨਾ ਚਾਹੀਦਾ ਹੈ ਕਿ ਆਮਦਨ ਅਤੇ ਧਨ ਦੀ ਵੰਡ ਵਿਚਲੀਆਂ ਅਸਮਾਨਤਾਵਾਂ ਦੂਰ ਹੋ ਜਾਣ। ਸਰਕਾਰੀ ਖਰਚਾ ਇਸ ਤਰ੍ਹਾਂ ਕੀਤਾ ਜਾਵੇ ਕਿ ਸਮਾਜ ਦੇ ਗਰੀਬ ਤਬਕੇ ਨੂੰ ਸਿੱਖਿਆ, ਸਿਹਤ, ਰਿਹਾਇਸ਼ੀ ਸਹੂਲਤਾਂ ਦਾ ਵੱਧੋ ਵੱਧ ਲਾਭ ਮਿਲੇ।

ਆਧੁਨਿਕ ਸਮੇਂ ਵਿੱਚ ਸਰਕਾਰਾਂ ਨੂੰ ਬਹੁ-ਪੱਖੀ ਉਦੇਸ਼ਾਂ ਦੀ ਪ੍ਰਾਪਤੀ ਕਰਨ ਲਈ ਖਰਚਾ ਕਰਨਾ ਪੈਂਦਾ ਹੈ, ਇਸ ਲਈ ਇਹਨਾਂ ਸਾਰੇ

*ਵਿਧਾਨਾਂ ਦੀ ਪਾਲਨਾ ਕਰਨਾ ਮੁਸ਼ਕਿਲ ਹੈ।*

**2.2.5 ਸਰਕਾਰੀ ਖਰਚ ਵਿੱਚ ਵਾਧੇ ਦੇ ਕਾਰਣ :**

*ਕਿਸੇ ਵੀ ਅਰਥਵਿਵਸਥਾ ਵਿੱਚ ਰਾਜ ਦਾ ਯੋਗਦਾਨ ਹੁਣ 'ਪੁਲੀਸ ਰਾਜ' ਵਾਲਾ ਨਹੀਂ ਰਿਹਾ, ਇਹ ਹੁਣ 'ਕਲਿਆਣਕਾਰੀ ਰਾਜ' ਵਿੱਚ ਤਬਦੀਲ ਹੋ ਗਿਆ ਹੈ। ਕੋਈ ਵੀ ਅਜਿਹੀ ਆਰਥਿਕ ਗਤੀਵਿਧੀ ਨਹੀਂ ਜਿਸ ਵਿੱਚ ਸਰਕਾਰ ਦੀ ਦਖ਼ਲਅੰਦਾਜੀ ਨਾ ਹੋਵੇ। ਮੰਡੀ ਅਰਥਵਿਵਸਥਾ ਇਕੱਲਿਆਂ ਸਾਧਨਾਂ ਦੀ ਕਾਰਜਕੁਸ਼ਲਤਾ ਨਾਲ ਵੰਡ ਨਹੀਂ ਕਰ ਸਕਦੀ। ਇਸ ਲਈ ਹਰੇਕ ਦੇਸ਼ ਵਿੱਚ ਸਰਕਾਰੀ ਖਰਚੇ ਵਿੱਚ ਵਾਧਾ ਹੋ ਰਿਹਾ ਹੈ। ਹੁਣ ਤੁਸੀਂ ਇਸ ਦੇ ਵਾਧੇ ਦੇ ਕਾਰਣਾਂ ਦਾ ਅਧਿਐਨ ਕਰੋਂਗੇ।*

***ਸੁਰੱਖਿਆ ਉੱਤੇ ਖਰਚ :***

*ਕਿਸੇ ਵੀ ਦੇਸ਼ ਨੂੰ ਵਿਦੇਸ਼ੀ ਹਮਲੇ ਤੋਂ ਰੱਖਿਆ ਕਰਨ ਲਈ ਬਹੁਤ ਖਰਚ ਕਰਨਾ ਪੈਂਦਾ ਹੈ। ਆਧੁਨਿਕ ਸਮੇਂ ਵਿੱਚ ਜੰਗ ਅਤੇ ਸੁਰੱਖਿਆ ਦਾ ਖਰਚਾ ਵਧਦਾ ਜਾ ਰਿਹਾ ਹੈ। ਆਧੁਨਿਕ ਸਮੇਂ ਵਿੱਚ ਜਲ ਸੈਨਾ, ਥਲ ਸੈਨਾ ਅਤੇ ਹਵਾਈ ਸੈਨਾ ਉੱਤੇ ਸਰਕਾਰੀ ਬਜਟ ਦਾ ਵੱਡਾ ਹਿੱਸਾ ਖਰਚ ਕੀਤਾ ਜਾਂਦਾ ਹੈ।*

***ਕਲਿਆਣਕਾਰੀ ਸਰਕਾਰਾਂ ਦੀ ਹੋਂਦ :***

*ਉਨੀਂਵੀਂ ਸਦੀ ਤੱਕ ਸਰਕਾਰ ਦੇ ਕੰਮ ਬਹੁਤ ਸੀਮਿਤ ਸਨ। ਸਰਕਾਰ ਦਾ ਕੰਮ ਸਿਰਫ਼ ਦੇਸ਼ ਨੂੰ ਵਿਦੇਸ਼ੀ ਹਮਲੇ ਤੋਂ ਬਚਾਉਣਾ ਅਤੇ ਦੇਸ਼ ਵਿੱਚ ਅਮਨ ਕਾਨੂੰਨ ਹਾਲਤ ਕਾਇਮ ਕਰਨਾ ਹੁੰਦਾ ਸੀ। ਪ੍ਰੰਤੂ ਅੱਜ ਕੱਲ੍ਹ ਸਰਕਾਰ ਨੂੰ ਖੇਤਰੀ ਸੰਤੁਲਨ, ਆਮਦਨ ਅਤੇ ਧਨ ਦੀ ਸਮਾਨ ਵੰਡ ਅਤੇ ਲੋਕ ਭਲਾਈ ਦੇ ਕੰਮ ਵੀ ਕਰਨੇ ਪੈਂਦੇ ਹਨ। ਲੋਕ ਭਲਾਈ ਦੇ ਕੰਮਾਂ ਵਿੱਚ ਸਮਾਜਿਕ ਸੁਰੱਖਿਆ ਜਿਵੇਂ ਬੁਢਾਪਾ ਪੈਨਸ਼ਨ, ਬੇਕਾਰੀ ਭੱਤਾ, ਵਿਧਵਾ ਪੈਨਸ਼ਨ ਆਦਿ ਦੇਣਾ ਸ਼ਾਮਿਲ ਹੋ ਗਿਆ ਹੈ। ਇਸ ਨਾਲ ਸਰਕਾਰੀ ਖਰਚਾ ਵਧਦਾ ਜਾ ਰਿਹਾ ਹੈ।*

***ਆਰਥਿਕ ਯੋਜਨਾਬੰਦੀ :***

*ਮੰਡੀ ਅਰਥਵਿਵਸਥਾ ਦੀਆਂ ਊਣਤਾਈਆਂ; ਜਿਵੇਂ ਬੇਰੁਜ਼ਗਾਰੀ, ਕੀਮਤਾਂ ਦਾ ਵਾਧਾ, ਧਨ ਦੀ ਅਸਮਾਨ ਵੰਡ ਕਾਰਣ, ਵਧੇਰੇਤਰ ਦੇਸ਼ ਆਰਥਿਕ ਯੋਜਨਾਬੰਦੀ ਦਾ ਰਾਹ ਅਪਨਾ ਰਹੇ ਹਨ। ਸਰਕਾਰਾਂ ਹਰੇਕ ਖੇਤਰ ਵਿੱਚ ਨਿਯੋਜਿਤ ਖਰਚ ਸਬੰਧੀ ਨਿਰਣੇ ਲੈਂਦੀਆਂ ਹਨ। ਇਸ ਤਰ੍ਹਾਂ ਸਰਕਾਰੀ ਖਰਚਾ ਵਧਦਾ ਜਾ ਰਿਹਾ ਹੈ।*

***ਵਸੋਂ ਵਿੱਚ ਤੇਜ਼ ਵਾਧਾ ਅਤੇ ਸ਼ਹਿਰੀਕਰਣ :***

*ਵਸੋਂ ਵਿੱਚ ਤੇਜ਼ ਵਾਧੇ ਦੇ ਕਾਰਣ ਸਰਕਾਰ ਨੂੰ ਸਕੂਲਾਂ, ਹਸਪਤਾਲਾਂ, ਆਵਾਜਾਈ ਸਹੂਲਤਾਂ ਆਦਿ ਉੱਤੇ ਵਧੇਰੇ ਖਰਚਾ ਕਰਨਾ ਪੈ ਰਿਹਾ ਹੈ। ਆਰਥਿਕ ਵਿਕਾਸ ਹੋਣ ਨਾਲ ਸ਼ਹਿਰੀਕਰਣ ਦਾ ਵੀ ਰੁਝਾਨ ਵਧਦਾ ਜਾ ਰਿਹਾ ਹੈ। ਸ਼ਹਿਰੀਆਂ ਨੂੰ ਵਧੇਰੇ ਸੁੱਖ ਸਹੂਲਤਾਂ ਦੇਣ ਲਈ ਨਗਰਪਾਲਿਕਾ ਨੂੰ ਵੀ ਵਧੇਰੇ ਖਰਚ ਕਰਨਾ ਪੈਂਦਾ ਹੈ।*

***ਸਰਬਜਨਕ ਵਸਤਾਂ ਅਤੇ ਸੇਵਾਵਾਂ ਅਤੇ ਮੈਰਿਟ ਵਸਤਾਂ ਮੁਹੱਈਆ ਕਰਨਾ :***

*ਨਾਗਰਿਕਾਂ ਦੀਆਂ ਕੁਝ ਲੋੜਾਂ ਵਿਅਕਤੀਗਤ ਹੁੰਦੀਆਂ ਹਨ ਅਤੇ ਕੁਝ ਲੋੜਾਂ ਸਰਬਜਨਕ ਲੋੜਾਂ ਹੁੰਦੀਆਂ ਹਨ। ਸਰਬਜਨਕ ਲੋੜਾਂ ਸਰਕਾਰ ਵੱਲੋਂ ਪੂਰੀਆਂ ਕੀਤੀਆਂ ਜਾਣ ਤਾਂ ਇਹਨਾਂ ਨੂੰ ਮੁਹੱਈਆ ਕਰਨ ਉੱਤੇ ਘੱਟ ਖਰਚਾ ਆਉਂਦਾ ਹੈ। ਜਿਵੇਂ ਪਾਣੀ ਦੀ ਪੂਰਤੀ, ਬਿਜਲੀ, ਆਵਾਜਾਈ ਦੇ ਸਾਧਨਾਂ ਦੀਆਂ ਸਹੂਲਤਾ ਸਰਕਾਰ ਵੱਲੋਂ ਮੁਹੱਈਆ ਕੀਤੀਆਂ ਜਾਂਦੀਆਂ ਹਨ। ਮੈਰਿਟ ਵਸਤਾਂ ਉਹ ਹੁੰਦੀਆਂ ਹਨ ਜੋ ਗਰੀਬ ਵਿਅਕਤੀਆਂ ਦੀਆਂ ਨਿੱਜੀ ਘੱਟੋ-ਘੱਟ ਲੋੜਾਂ ਜਿਵੇਂ ਰੋਟੀ, ਕੱਪੜਾ ਅਤੇ ਮਕਾਨ ਨੂੰ ਪੂਰਾ ਕਰਦੀਆਂ ਹਨ। ਪ੍ਰੰਤੂ, ਗਰੀਬ ਵਿਅਕਤੀ ਇਨ੍ਹਾਂ ਨੂੰ ਆਪਣੇ ਸਾਧਨਾਂ ਨਾਲ ਪੂਰਾ ਕਰਨੋਂ ਅਸਮਰੱਥ ਹੁੰਦੇ ਹਨ। ਇਸ ਲਈ ਸਰਕਾਰ ਇਹ ਲੋੜਾਂ ਮੁਫਤ ਜਾਂ ਘੱਟ ਕੀਮਤ ਉੱਤੇ ਮੁਹੱਈਆ ਕਰਦੀ ਹੈ। ਇਸ ਤਰ੍ਹਾਂ ਸਰਕਾਰੀ ਖਰਚਾ ਵਧਦਾ ਜਾ ਰਿਹਾ ਹੈ।*

***ਆਰਥਿਕ ਸਥਿਰਤਾ :***

*ਹੁਣ ਦੇਸ਼ਾਂ ਵਿੱਚ ਮੰਦੇ ਅਤੇ ਤੇਜੀ ਦੀ ਸਥਿਤੀ ਦਾ ਮੁਕਾਬਲਾ ਕਰਨ ਲਈ ਸਰਕਾਰ ਨੂੰ ਬਹੁਤ ਖਰਚ ਕਰਨਾ ਪੈਂਦਾ ਹੈ। ਮੰਦੀ ਦੇ ਦਿਨਾਂ ਵਿੱਚ ਆਮਦਨ, ਰੁਜ਼ਗਾਰ ਅਤੇ ਕੀਮਤਾਂ ਨੂੰ ਸਥਿਰ ਰੱਖਣ ਲਈ ਬਹੁਤ ਖਰਚ ਕਰਨਾ ਪੈਂਦਾ ਹੈ। ਕੇਂਜ ਦਾ ਵੀ ਇਹ ਵਿਚਾਰ ਸੀ ਕਿ ਆਰਥਿਕ ਸਥਿਰਤਾ ਲਿਆਉਣ ਲਈ ਸਰਕਾਰ ਨੂੰ ਖਰਚਾ ਕਰਨਾ ਚਾਹੀਦਾ ਹੈ।*

***ਕੀਮਤ ਪੱਧਰ ਵਿੱਚ ਵਾਧਾ :***

*ਪਿਛਲੇ ਕੁਝ ਸਮੇਂ ਤੋਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਇਸ ਲਈ ਸਰਕਾਰ ਨੂੰ ਮੰਡੀ ਤੋਂ ਖਰੀਦੀਆਂ ਵਸਤਾਂ ਅਤੇ ਸੇ*

*ਵਾਵਾਂ ਲਈ ਵਧੇਰੇ ਅਦਾਇਗੀ ਕਰਨੀ ਪੈਂਦੀ ਹੈ। ਇਸ ਤਰ੍ਹਾਂ ਸਰਕਾਰੀ ਖਰਚ ਵਧ ਜਾਂਦਾ ਹੈ।*

***ਉਦਯੋਗਾਂ ਅਤੇ ਵਪਾਰ ਦਾ ਰਾਸ਼ਟਰੀਕਰਣ :***

*ਆਧੁਨਿਕ ਸਰਕਾਰਾਂ ਨਿੱਜੀ ਉੱਦਮੀਆਂ ਤੋਂ ਉਪਭੋਗਤਾ ਦਾ ਸ਼ੋਸ਼ਣ ਰੋਕਣ ਲਈ, ਆਮਦਨ ਦੀ ਅਸਮਾਨਤਾ ਘਟਾਉਣ ਲਈ ਅਤੇ ਸਰਕਾਰੀ ਖਜ਼ਾਨੇ ਲਈ ਧਨ ਇਕੱਠਾ ਕਰਨ ਲਈ ਉਦਯੋਗਾਂ ਅਤੇ ਵਪਾਰ ਦਾ ਰਾਸ਼ਟਰੀਕਰਣ ਕਰਦੀਆਂ ਹਨ। ਅਜਿਹਾ ਕਰਨ ਨਾਲ ਇੱਕ ਤਾਂ ਪੁਰਾਣੇ ਮਾਲਕਾਂ ਨੂੰ ਮੁਆਵਜ਼ਾ ਦੇਣਾ ਪੈਂਦਾ ਹੈ ਅਤੇ ਦੂਜਾ ਸਰਕਾਰੀ ਖੇਤਰ ਵਿਚਲੇ ਉੱਦਮਾਂ ਨੂੰ ਚਲਾਉਣ ਉੱਤੇ ਬਹੁਤ ਖਰਚ ਆਉਂਦਾ ਹੈ।*

***ਸਰਕਾਰੀ ਰਿਣ ਅਤੇ ਦੇਣਦਾਰੀਆਂ :***

*ਮੰਡੀ ਵਿਵਸਥਾ ਦੀਆਂ ਊਣਤਾਈਆਂ ਕਾਰਣ ਪੈਦਾ ਹੋਈ ਅਸਥਿਰਤਾ, ਬੇਰੁਜ਼ਗਾਰੀ, ਅਤੇ ਅਰਧ ਬੇਰੁਜ਼ਗਾਰੀ ਦੀ ਸਥਿਤੀ ਕਾਰਣ ਸਰਕਾਰ ਨੂੰ ਬਹੁਤ ਸਾਰੇ ਵਿਵਸਥਿਤ ਉਪਾਅ ਕਰਨੇ ਪੈਂਦੇ ਹਨ। ਇਸ ਲਈ ਸਰਕਾਰ ਨੂੰ ਵੱਡੇ ਖਰਚੇ ਕਰਨੇ ਪੈਂਦੇ ਹਨ। ਜਿਸ ਨਾਲ ਕੁੱਲ ਸਰਕਾਰੀ ਖਰਚ ਸਰਕਾਰੀ ਆਮਦਨ ਨਾਲੋਂ ਵਧ ਜਾਂਦੇ ਹਨ ਅਤੇ ਸਰਕਾਰ ਨੂੰ ਵੱਡੇ ਪੱਧਰ ਤੇ ਕਰਜ਼ੇ ਦਾ ਸਹਾਰਾ ਲੈਣਾ ਪੈਂਦਾ ਹੈ। ਇਸ ਕਾਰਣ ਵਧ ਰਹੀਆਂ ਰਿਣ ਦੇਣਦਾਰੀਆਂ ਅਤੇ ਵਿਆਜ ਦੀ ਵਾਪਸੀ ਲਈ ਸਰਕਾਰੀ ਖਰਚਾ ਤੇਜ਼ੀ ਨਾਲ ਵਧਦਾ ਜਾਂਦਾ ਹੈ।*

***ਆਰਥਿਕ ਵਿਕਾਸ ਵਿੱਚ ਵਾਧਾ :***

*ਘੱਟ ਵਿਕਸਿਤ ਦੇਸ਼ਾਂ ਵਿਚਲੀਆਂ ਸਰਕਾਰਾਂ ਨੂੰ ਗਰੀਬੀ ਦਾ ਕੁ-ਚੱਕਰ ਤੋੜਨ ਲਈ ਵੱਖ ਵੱਖ ਖੇਤਰਾਂ ਵਿੱਚ ਨਿਵੇਸ਼ ਕਰਨਾ ਪਿਆ ਹੈ ਅਤੇ ਪੈ ਰਿਹਾ ਹੈ। ਇਹਨਾਂ ਖਰਚਾਂ ਤੋਂ ਇਲਾਵਾ ਦੇਸ਼ ਵਿੱਚ ਖੇਤੀਬਾੜੀ ਖੇਤਰ ਅਤੇ ਉਦਯੋਗਿਕ ਖੇਤਰ ਦੇ ਵਿਕਾਸ ਲਈ ਵੀ ਬਹੁਤ ਖਰਚਾ ਕਰਨਾ ਪੈ ਰਿਹਾ ਹੈ। ਆਰਥਿਕ ਵਿਕਾਸ ਦੇ ਨਾਲ ਰਾਸ਼ਟਰੀ ਆਮਦਨ ਕਈ ਗੁਣਾਂ ਵਧ ਗਈ ਹੈ। ਨਤੀਜੇ ਵਜੋਂ ਕਰਾਂ ਰਾਹੀਂ ਰਾਸ਼ਟਰੀ ਆਮਦਨ ਵੀ ਵਧੀ ਹੈ। ਇਹਨਾਂ ਕਾਰਣਾਂ ਕਰਕੇ ਰਾਸ਼ਟਰੀ ਖਰਚਾ ਵੀ ਵਧ ਰਿਹਾ ਹੈ।*

***ਸਮਾਜਿਕ ਵਸਤਾਂ ਅਤੇ ਸੇਵਾਵਾਂ ਲਈ ਵਧੇਰੇ ਆਮਦਨ ਲਚਕ :***

*ਪ੍ਰਤਿ ਵਿਅਕਤੀ ਆਮਦਨ ਵਿੱਚ ਵਾਧਾ ਹੋਣ ਨਾਲ ਕੁੱਲ ਰਾਸ਼ਟਰੀ ਪੈਦਾਵਾਰ ਵਿੱਚ ਸਰਕਾਰੀ ਖਰਚ ਦਾ ਹਿੱਸਾ ਵਧਣ ਦਾ ਰੁਝਾਨ ਪਾਇਆ ਜਾਂਦਾ ਹੈ। ਜਿਉਂ ਹੀ ਪ੍ਰਤਿ ਵਿਅਕਤੀ ਆਮਦਨ ਵਧਦੀ ਹੈ ਸਮਾਜਿਕ ਵਸਤਾਂ ਲਈ ਮੰਗ ਵਿੱਚ ਤੇਜ਼ੀ ਨਾਲ ਵਾਧਾ ਹੁੰਦਾ ਹੈ। ਜਿਵੇਂ ਜਿਵੇਂ ਪ੍ਰਤਿ ਵਿਅਕਤੀ ਆਮਦਨ ਵਧਦੀ ਹੈ ਉਚੇਰੀ ਸਿੱਖਿਆ, ਸੁਧਰੀਆਂ ਸਿਹਤ ਸੇਵਾਵਾਂ, ਵਧੀਆ ਪਾਰਕਾਂ, ਵੱਡੇ ਵੱਡੇ ਪੁਲਾਂ, ਆਦਿ ਵਿਲਾਸਤਾ ਵਾਲੀਆਂ ਸਰਬਜਨਕ ਸੇਵਾਵਾਂ ਦੀ ਮੰਗ ਵਧ ਜਾਂਦੀ ਹੈ। ਇਸ ਨਾਲ ਸਰਕਾਰੀ ਖਰਚਾ ਵਧਦਾ ਹੈ।*

**ਸਵੈ-ਮੁਲਾਂਕਣ ਅਭਿਆਸ -3**

*ਪ੍ਰਸ਼ਨ:* *ਸਰਕਾਰੀ ਖਰਚ ਵਿੱਚ ਵਾਧੇ ਦੇ ਕੋਈ ਦੋ ਕਾਰਣ ਲਿਖੋ।*

*ਉੱਤਰ* ..................................................................................................

..................................................................................................

..................................................................................................

**2.2.6 ਸਰਕਾਰੀ ਖਰਚ ਦੇ ਪ੍ਰਭਾਵ (Effects of Public Expenditure)** *:*

*ਸਰਕਾਰੀ ਖਰਚ ਦੇ ਪ੍ਰਭਾਵ ਬਾਰੇ ਵਰਨਣ ਕਰਨ ਤੋਂ ਪਹਿਲਾਂ ਸਰਕਾਰੀ ਖਰਚ ਦੇ ਆਪਤਨ ਬਾਰੇ ਗੱਲ ਕਰਦੇ ਹਾਂ। ਸਰਕਾਰੀ ਖਰਚੇ ਦਾ ਆਪਤਨ ਤੋਂ ਭਾਵ ਹੈ ਕਿ ਆਖਰਕਾਰ ਸਰਕਾਰੀ ਖਰਚੇ ਦਾ ਲਾਭ ਕਿਸ ਨੂੰ ਹੁੰਦਾ ਹੈ। ਜਦੋਂ ਸਰਕਾਰ ਖਰਚ ਕਰਦੀ ਹੈ ਤਾਂ ਇਸ ਤੋਂ ਜਨਤਾ ਨੂੰ ਕਈ ਪ੍ਰਕਾਰ ਨਾਲ ਲਾਭ ਪਹੁੰਚਦਾ ਹੈ। ਪ੍ਰੰਤੂ ਇਹਨਾਂ ਲਾਭ ਦਾਤਿਆਂ ਬਾਰੇ ਪਤਾ ਲਗਾਉਣਾ ਬਹੁਤ ਮੁਸ਼ਕਿਲ ਕੰਮ ਹੈ। ਇਸ ਸਬੰਧੀ ਕੋਈ ਪੱਕਾ ਸਿਧਾਂਤ ਵੀ ਹੋਂਦ ਵਿੱਚ ਨਹੀਂ ਆਇਆ। ਸਰਕਾਰੀ ਖਰਚ ਦਾ ਦੇਸ਼ ਦੇ ਆਰਥਿਕ ਕੰਮਾਂ ਕਾਰਾਂ ਉੱਤੇ ਵੀ ਡੂੰਘਾ ਪ੍ਰਭਾਵ ਪੈਂਦਾ ਹੈ। ਇਹ ਦੇਸ਼ ਦੀ ਉਪਜ, ਆਮਦਨ, ਆਰਥਿਕ ਸਥਿਰਤਾ, ਸਾਧਨਾਂ ਦੀ ਵੰਡ, ਆਮਦਨ ਵੰਡ, ਰੋਜ਼ਗਾਰ ਦੇ ਪੱਧਰ ਅਤੇ ਹੋਰ ਕਈ ਖੇਤਰਾਂ ਉਤੇ ਡੂੰਘਾ ਪ੍ਰਭਾਵ ਪਾਉਂਦਾ ਹੈ।*

*ਫਿਰ ਵੀ ਸਰਕਾਰੀ ਖਰਚੇ ਦੇ ਆਪਤਨ ਨੂੰ ਤਿੰਨ ਵਿਧੀਆਂ ਨਾਲ ਦੇਖਿਆ ਜਾ ਸਕਦਾ ਹੈ।*

(i) *ਮੁਦਰਾ-ਪ੍ਰਵਾਹ ਵਿਧੀ*

(ii) *ਲਾਭ ਵਿਧੀ ਅਤੇ*

(iii) *ਖਰੀਦ ਸ਼ਕਤੀ ਦਾ ਬਦਲੀਕਰਣ*

***ਸਰਕਾਰੀ ਖਰਚੇ ਦੇ ਆਪਤਨ ਦਾ ਪਤਾ ਲਗਾਉਣ ਲਈ ਵਿਧੀਆਂ***

***1. ਮੁਦਰਾ ਪ੍ਰਵਾਹ ਵਿਧੀ :***

*ਇਸ ਵਿਧੀ ਤਹਿਤ ਸਰਕਾਰੀ ਖਰਚ ਤੋਂ ਮੁਦਰਾ ਰੂਪ ਵਿੱਚ ਹੋਣ ਵਾਲੇ ਲਾਭ ਨੂੰ ਹੀ ਵੇਖਿਆ ਜਾਂਦਾ ਹੈ। ਭਾਵ ਸਰਕਾਰ ਵੱਲੋਂ ਕਿਸੇ ਕਾਰਜ ਹਿੱਤ ਕੀਤੇ ਗਏ ਖਰਚ ਤੋਂ ਕਿਸ ਨੂੰ ਮੁਦਰਾ ਪ੍ਰਾਪਤ ਹੋਈ ਹੈ। ਜਿਵੇਂ ਵਿੱਦਿਆ ਉੱਪਰ ਖਰਚ ਤੋਂ ਅਧਿਆਪਕਾਂ, ਸਿਹਤ ਸਹੂਲਤਾਂ ਮੁਹੱਈਆ ਕਰਨ ਲਈ ਕੀਤੇ ਖਰਚ ਤੋਂ ਡਾਕਟਰਾਂ, ਸੁਰੱਖਿਆ ਤੇ ਕੀਤੇ ਖਰਚ ਤੋਂ ਸੈਨਿਕਾਂ ਨੂੰ ਮੁਦਰਾ ਰੂਪ ਵਿੱਚ ਲਾਭ ਮਿਲਦਾ ਹੈ ਭਾਵ ਉਹਨਾਂ ਨੂੰ ਤਨਖਾਹ ਦੇ ਰੂਪ ਵਿੱਚ ਲਾਭ ਹੁੰਦਾ ਹੈ।*

***2. ਲਾਭ ਵਿਧੀ :***

*ਇਸ ਵਿਧੀ ਤਹਿਤ ਸਰਕਾਰੀ ਖਰਚੇ ਦੇ ਲਾਭ ਪਾਤਰਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜਿਵੇਂ ਵਿੱਦਿਆ ਦੇ ਖਰਚੇ ਤੋਂ ਕਿੰਨੇ ਵਿਦਿਆਰਥੀਆਂ ਨੇ ਵਿਦਿਆ ਪ੍ਰਾਪਤ ਕੀਤੀ, ਸਿਹਤ ਸਹੂਲਤਾਂ ਦੇ ਖਰਚ ਤੋਂ ਕਿੰਨੇ ਮਰੀਜ਼ਾਂ ਨੇ ਲਾਭ ਪ੍ਰਾਪਤ ਕੀਤਾ ਆਦਿ। ਪ੍ਰੰਤੂ, ਸਾਰੇ ਖਰਚਿਆਂ ਦੇ ਲਾਭ ਪਾਤਰਾਂ ਦਾ ਪਤਾ ਕਰਨਾ ਬਹੁਤ ਮੁਸ਼ਕਿਲ ਹੈ।*

***3. ਖਰੀਦ-ਸ਼ਕਤੀ ਦਾ ਬਦਲੀਕਰਣ :***

*ਜਦੋਂ ਸਰਕਾਰ ਸਾਧਨਾਂ ਦੀ ਮੁੜ ਵੰਡ ਦੇ ਮੰਤਵ ਨਾਲ ਇੱਕ ਖੇਤਰ ਤੋਂ ਕਰਾਂ ਦੇ ਰੂਪ ਵਿੱਚ ਸਾਧਨ ਇਕੱਤਰ ਕਰਕੇ ਫਿਰ ਇਸੇ ਰਾਸ਼ੀ ਨੂੰ ਹੋਰ ਖੇਤਰ ਉੱਤੇ ਖਰਚ ਕਰ ਦਿੰਦੀ ਹੈ। ਇਸ ਨਾਲ ਖਰੀਦ ਸ਼ਕਤੀ ਦੀ ਮੁੜ ਵੰਡ ਹੋ ਜਾਂਦੀ ਹੈ। ਪ੍ਰੰਤੂ ਇਸ ਤਰ੍ਹਾਂ ਕੀਤੇ ਬਦਲੀਕਰਣ ਕਾਰਣ ਲਾਭ ਪ੍ਰਾਪਤ ਕਰਤਿਆਂ ਦਾ ਸਹੀ ਅਨੁਮਾਨ ਲਗਾਉਣਾ ਬਹੁਤ ਕਠਿਨ ਹੈ।*

*ਹੁਣ ਤੁਸੀਂ ਖਰਚ ਦੇ ਪ੍ਰਭਾਵਾਂ ਬਾਰੇ ਅਧਿਐਨ ਕਰੋਗੇ। ਸਰਕਾਰੀ ਖਰਚ ਦੇ ਪ੍ਰਭਾਵ ਦੇਸ਼ ਦੀਆਂ ਆਰਥਿਕ ਕ੍ਰਿਆਵਾਂ ਉੱਤੇ ਪੈਂਦੇ ਹਨ। ਹਿਊ ਡਾਲਟਨ ਨੇ ਆਪਣੀ ਪੁਸਤਕ* 'Public Finance' *ਵਿੱਚ ਸਰਕਾਰੀ ਖਰਚੇ ਦੇ ਉਤਪਾਦਨ, ਵੰਡ ਅਤੇ ਰੁਜ਼ਗਾਰ ਉੱਤੇ ਪੈਣ ਵਾਲੇ ਪ੍ਰਭਾਵਾਂ ਦੀ ਵਿਆਖਿਆ ਕੀਤੀ ਹੈ। ਇਹਨਾਂ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰਦਿਆਂ ਉਸ ਨੇ ਕੰਮ, ਬੱਚਤ ਅਤੇ ਨਿਵੇਸ਼ ਕਰਨ ਦੀ ਯੋਗਤਾ ਅਤੇ ਇੱਛਾ ਦੀ ਪ੍ਰੇਰਣਾ ਨੂੰ ਵਿਚਾਰਿਆ ਹੈ। ਕੇਨਜ ਦੀ ਵਿਚਾਰਧਾਰਾ ਨੇ ਸਰਕਾਰੀ ਖਰਚ ਦੀ ਮਹੱਤਤਾ ਕਾਫ਼ੀ ਵਧਾ ਦਿੱਤੀ ਸੀ ਅਤੇ ਸਰਕਾਰ ਖਰਚ ਵਿੱਚ ਤਬਦੀਲੀਆਂ ਸਥਿਰਤਾ ਲਿਆਉਣ ਦੇ ਢੰਗ ਵਜੋਂ ਮਹੱਤਵਪੂਰਣ ਸਮਝੀਆਂ ਜਾਣ ਲੱਗੀਆਂ ਹਨ।*

*ਆਓ ਹੁਣ ਸਰਕਾਰੀ ਖਰਚ ਦੇ ਆਰਥਿਕ ਅਸਰਾਂ ਦੀ ਵਿਆਖਿਆ ਕਰਦੇ ਹਾਂ :*

***ਉਪਜ ਉੱਤੇ ਪ੍ਰਭਾਵ :***

*ਡਾਲਟਨ ਦੇ ਅਨੁਸਾਰ, ਸਰਕਾਰੀ ਖਰਚ ਦੇ ਉਪਜ ਉੱਪਰ ਪ੍ਰਭਾਵਾਂ ਦਾ ਸਹੀ ਪਤਾ ਲਗਾਉਣ ਲਈ (ੳ) ਕੰਮ ਅਤੇ ਬੱਚਤ ਕਰਨ ਦੀ ਯੋਗਤਾ ਉੱਤੇ ਪ੍ਰਭਾਵ (ਅ) ਕੰਮ ਅਤੇ ਬੱਚਤ ਕਰਨ ਦੀ ਇੱਛਾ ਉੱਤੇ ਅਸਰ ਅਤੇ (ੲ) ਆਰਥਿਕ ਸਾਧਨਾਂ ਦੀ ਤਬਦੀਲੀ ਉੱਤੇ ਅਸਰ ਨੂੰ ਵਿਚਾਰਨਾ ਜ਼ਰੂਰੀ ਹੈ।*

*ਜੇਕਰ ਸਰਕਾਰੀ ਖਰਚਾ ਸਮਾਜਿਕ ਪੱਖੋਂ ਲੋੜੀਂਦੇ ਕੰਮਾਂ ਜਿਵੇਂ ਵਿਦਿਆ, ਸਿਹਤ ਸਹੂਲਤਾਂ, ਸਸਤੇ ਘਰਾਂ ਆਦਿ ਲਈ ਕੀਤਾ ਜਾਂਦਾ ਹੈ ਤਾਂ ਇਸ ਨਾਲ ਲਾਭ ਪ੍ਰਾਪਤ ਕਰਤਿਆਂ ਦੀ ਕੰਮ ਕਰਨ ਦੀ ਸ਼ਕਤੀ ਉੱਤੇ ਪ੍ਰਭਾਵ ਪੈਂਦਾ ਹੈ ਅਤੇ ਉਹਨਾਂ ਦੀ ਕੰਮ ਕਰਨ ਅਤੇ ਬੱਚਤ ਕਰਨ ਦੀ ਯੋਗਤਾ ਵਧਦੀ ਹੈ।*

*ਸਰਕਾਰੀ ਖਰਚਾ ਲੋਕਾਂ ਦੀ ਕੰਮ ਅਤੇ ਬੱਚਤ ਕਰਨ ਦੀ ਇੱਛਾ ਨੂੰ ਵੀ ਪ੍ਰਭਾਵਿਤ ਕਰਦਾ ਹੈ। ਇੱਛਾ ਵਧੇਗੀ ਜਾਂ ਘਟੇਗੀ ਇਹ ਗੱਲ ਸਰਕਾਰੀ ਖਰਚ ਦੀ ਕਿਸਮ ਉੱਤੇ ਨਿਰਭਰ ਕਰਦੀ ਹੈ। ਹਥਬਦਲੀ ਭੁਗਤਾਨ ਕਿਸਮ ਦੇ ਸਰਕਾਰੀ ਖਰਚਿਆਂ ਜਿਵੇਂ ਪੈਨਸ਼ਨਾਂ ਅਤੇ ਪ੍ਰਾਵੀਡੈਂਟ ਫੰਡ ਰਾਹੀਂ ਕਈ ਵਾਰੀ ਕੰਮ ਕਰਨ ਦੀ ਇੱਛਾ ਉੱਤੇ ਮਾੜਾ ਪ੍ਰਭਾਵ ਪੈ ਸਕਦਾ ਹੈ। ਦੂਜੇ ਪਾਸੇ ਉਤਪਾਦਕੀ ਕੰਮਾਂ ਉੱਤੇ ਕੀਤੇ ਜਾਣ ਵਾਲੇ ਖਰਚੇ ਜਿਵੇਂ ਸੜਕਾਂ, ਰੇਲਾਂ, ਸਿੰਚਾਈ, ਬਿਜਲੀ ਆਦਿ ਸਹੂਲਤਾਂ ਨਾਲ ਲੋਕਾਂ ਦੀ ਕੰਮ ਅਤੇ ਬੱਚਤ ਕਰਨ ਦੀ ਇੱਛਾ ਵਧਦੀ ਹੈ ਅਤੇ ਇਸ ਤਰ੍ਹਾਂ ਦੇਸ਼ ਦਾ ਉਤਪਾਦਨ ਵਧਦਾ ਹੈ। ਆਰਥਿਕ ਸਾਧਨਾਂ ਦੀ ਸਹੀ ਵੰਡ ਨਾਲ ਵੀ ਉਪਜ ਉੱਤੇ ਚੰਗਾ ਅਸਰ ਪੈਂਦਾ ਹੈ। ਵਿਲਾਸਤਾ ਵਾਲੀਆਂ ਵਸਤਾਂ ਦੇ ਉਤਪਾਦਨ ਨੂੰ ਘਟਾਕੇ ਜ਼ਰੂਰੀ ਵਸਤਾਂ ਦੇ ਉਤਪਾਦਨ ਉੱਤੇ ਵਧੇਰੇ ਸਾਧਨ ਮੁਹੱਈਆ ਕਰਕੇ ਅਜਿਹਾ ਕੀਤਾ ਜਾ ਸਕਦਾ*

ਹੈ। ਸਰਕਾਰੀ ਖਰਚ ਰਾਹੀਂ ਵਰਤਮਾਨ ਅਤੇ ਭਵਿੱਖ ਦੀਆਂ ਲੋੜਾਂ ਪੂਰੀਆਂ ਕਰਨ ਲਈ ਸੰਤੁਲਨ ਸਥਾਪਿਤ ਕੀਤਾ ਜਾਂਦਾ ਹੈ। ਜਦੋਂ ਸਰਕਾਰ ਭਵਿੱਖ ਲਈ ਲੋਕਾਂ ਦੀ ਭਲਾਈ ਦਾ ਖਿਆਲ ਰੱਖ ਕੇ ਖਰਚ ਅਤੇ ਨਿਵੇਸ਼ ਕਰਦੀ ਹੈ ਤਾਂ ਵੀ ਇਸ ਦੇ ਚੰਗੇ ਪ੍ਰਭਾਵ ਪੈਂਦੇ ਹਨ।

ਖੇਤਰੀ ਉੱਨਤੀ ਲਈ ਕੀਤੇ ਜਾਣ ਵਾਲੇ ਸਰਕਾਰੀ ਖਰਚੇ ਵੀ ਉਪਜ ਵਧਾਉਂਦੇ ਹਨ। ਕਿਉਂਕਿ ਆਵਾਜਾਈ ਦੇ ਸਾਧਨ, ਸੰਚਾਰ ਸਾਧਨ ਵਿਕਸਿਤ ਹੋਣ ਨਾਲ ਉਦਯੋਗਪਤੀ ਇਹਨਾਂ ਖੇਤਰਾਂ ਵਿੱਚ ਨਿਵੇਸ਼ ਕਰਦੇ ਹਨ ਅਤੇ ਉਪਜ ਵਧਦੀ ਹੈ।

ਸੋ ਇਹ ਕਿਹਾ ਜਾ ਸਕਦਾ ਹੈ ਕਿ ਵਿਦਿਆ, ਸਿਹਤ ਅਤੇ ਅਜਿਹੇ ਹੋਰ ਪ੍ਰੋਗ੍ਰਾਮਾਂ ਉੱਤੇ ਕੀਤੇ ਗਏ ਸਰਕਾਰੀ ਖਰਚ ਕਿਰਤ ਦੀ ਪੂਰਤੀ ਅਤੇ ਉਤਪਾਦਕਤਾ ਵਧਾਉਂਦੇ ਹਨ। ਇਸ ਨਾਲ ਉਤਪਾਦਨ ਵਧਦਾ ਹੈ।

### ਸਰਕਾਰੀ ਖਰਚ ਦੇ ਵੰਡ ਉੱਪਰ ਪ੍ਰਭਾਵ :

ਸਰਕਾਰੀ ਖਰਚੇ ਰਾਹੀਂ ਆਮਦਨ ਅਤੇ ਧਨ ਦੀ ਵੰਡ ਨੂੰ ਸਮਾਨ ਕਰਨ ਦੇ ਯਤਨ ਕੀਤੇ ਜਾਂਦੇ ਹਨ। ਸਰਕਾਰੀ ਦੀ ਇੱਕ ਨਿਯੋਜਿਤ ਖਰਚ ਨੀਤੀ ਅਤੇ ਕਰ ਨੀਤੀ ਰਾਹੀਂ ਇਸ ਉਦੇਸ਼ ਨੂੰ ਪ੍ਰਾਪਤ ਕਰਨ ਵਿੱਚ ਮਦਦ ਮਿਲਦੀ ਹੈ। ਭਾਵ ਕਰਾਧਾਨ ਅਤੇ ਸਰਕਾਰੀ ਖਰਚ ਇੱਕ ਦੂਜੇ ਦੇ ਸਹਾਇਕ ਅਤੇ ਪੂਰਕ ਹਨ। ਸਰਕਾਰੀ ਖਰਚ ਨੀਤੀ ਬਨਾਉਣ ਲੱਗਿਆਂ ਸਰਕਾਰ ਗਰੀਬ ਵਰਗ ਨੂੰ ਵਧੇਰੇ ਸਹੂਲਤਾਂ ਦੇਣ ਵੱਲ ਵਧੇਰੇ ਧਿਆਨ ਦੇਵੇ ਤਾਂ ਸਮਾਨਤਾ ਛੇਤੀ ਲਿਆਂਦੀ ਜਾ ਸਕਦੀ ਹੈ।

### ਅਰੋਹੀ, ਅਨੁਪਾਤਕ ਅਤੇ ਅਵਰੋਹੀ ਖਰਚ ਦੇ ਪ੍ਰਭਾਵ :

ਪ੍ਰੋਫੈਸਰ ਡਾਲਟਨ ਦੇ ਅਨੁਸਾਰ ਕਰਾਂ ਵਾਂਗ ਸਰਕਾਰੀ ਖਰਚ ਦੇ ਵੀ ਅਰੋਹੀ, ਅਨੁਪਾਤਕ ਅਤੇ ਅਵਰੋਹੀ ਪ੍ਰਭਾਵ ਪੈ ਸਕਦੇ ਹਨ। ਉਹਨਾਂ ਦੇ ਅਨੁਸਾਰ, ''ਇੱਕ ਗ੍ਰਾਂਟ ਉਸ ਸਮੇਂ ਅਵਰੋਹੀ ਹੁੰਦੀ ਹੈ ਜੇ ਘੱਟ ਆਮਦਨ ਵਾਲੇ ਪ੍ਰਾਪਤ ਕਰਤਾ ਨੂੰ ਅਨੁਪਾਤਕ ਰੂਪ ਵਿੱਚ ਗ੍ਰਾਂਟ ਤੋਂ ਘੱਟ ਹਿੱਸਾ ਮਿਲੇ, ਉਸ ਸਮੇਂ ਅਰੋਹੀ ਹੁੰਦੀ ਹੈ ਜਦੋਂ ਘੱਟ ਆਮਦਨ ਵਾਲੇ ਪ੍ਰਾਪਤ ਕਰਤਾ ਨੂੰ ਗ੍ਰਾਂਟ ਦਾ ਵਧੇਰੇ ਅਨੁਪਾਤ ਮਿਲੇ, ਅਤੇ ਪ੍ਰਾਪਤ ਕਰਤਿਆਂ ਦੀ ਆਮਦਨ ਜਿੰਨੀ ਮਰਜੀ ਹੋਵੇ ਉਹਨਾਂ ਨੂੰ ਬਰਾਬਰ ਅਨੁਪਾਤ ਵਿੱਚ ਗ੍ਰਾਂਟ ਪ੍ਰਾਪਤ ਹੋਵੇ।'' ਸਰਕਾਰੀ ਖਰਚ ਤੋਂ ਉੱਚ ਆਮਦਨ ਵਰਗ ਦੇ ਲੋਕਾਂ ਨੂੰ ਲਾਭ ਹੋ ਰਿਹਾ ਹੋਵੇ ਤਾਂ ਇਹ ਸਰਕਾਰੀ ਖਰਚ ਅਵਰੋਹੀ ਕਿਸਮ ਦਾ ਹੋਵੇਗਾ ਕਿਉਂਕਿ ਇਸ ਖਰਚੇ ਤੋਂ ਸਮਾਜ ਦੇ ਗਰੀਬ ਵਰਗ ਨੂੰ ਘੱਟ ਲਾਭ ਹੁੰਦਾ ਹੈ। ਉਹ ਸਰਕਾਰੀ ਖਰਚ ਅਰੋਹੀ ਹੁੰਦਾ ਹੈ ਜਿਸ ਨਾਲ ਦੇਸ਼ ਦੇ ਗਰੀਬ ਵਰਗ ਦੀ ਅਸਲ ਆਮਦਨ ਵਿੱਚ ਵਾਧਾ ਹੁੰਦਾ ਹੋਵੇ। ਉਹ ਸਰਕਾਰੀ ਖਰਚ ਅਨੁਪਾਤਕ ਹੁੰਦਾ ਹੈ ਜਿਹੜਾ ਸਮਾਜ ਦੇ ਵਿਭਿੰਨ ਵਰਗਾਂ ਨੂੰ ਉਹਨਾਂ ਦੀ ਆਮਦਨ ਦੇ ਅਨੁਪਾਤ ਅਨੁਸਾਰ ਲਾਭ ਦਿੰਦਾ ਹੈ।

ਉਪਰੋਕਤ ਵਿਆਖਿਆ ਤੋਂ ਇਹ ਸਪਸ਼ਟ ਹੈ ਕਿ ਅਰੋਹੀ ਖਰਚ - ਜਿਵੇਂ ਕਿ ਗਰੀਬਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਜਿਵੇਂ ਸਸਤੀਆਂ ਵਸਤਾਂ ਅਤੇ ਸੇਵਾਵਾਂ, ਸਮਾਜਿਕ ਸੁਰੱਖਿਆ ਸਕੀਮਾਂ - ਆਮਦਨ ਅਤੇ ਧਨ ਦੀ ਵੰਡ ਵਿਚਲੀ ਅਸਮਾਨਤਾ ਘਟਾਉਂਦਾ ਹੈ।

### ਸਰਕਾਰੀ ਖਰਚ ਦੇ ਆਰਥਿਕ ਸਥਿਰਤਾ ਉੱਤੇ ਪ੍ਰਭਾਵ :

ਆਧੁਨਿਕ ਸਮੇਂ ਵਿੱਚ ਸਰਕਾਰ ਦੀਆਂ ਵਿੱਤੀ ਕ੍ਰਿਆਵਾਂ ਦਾ ਅਹਿਮ ਉਦੇਸ਼ ਆਰਥਿਕ ਸਥਿਰਤਾ ਲਿਆਉਣਾ ਹੈ। ਮੰਦਵਾੜੇ ਜਾਂ ਤੇਜੀ ਦੀ ਸਥਿਤੀ ਨਾਲ ਦੇਸ਼ ਦੀ ਆਰਥਿਕ ਸਥਿਤੀ ਡਾਂਵਾਂ ਡੋਲ ਹੋ ਸਕਦੀ ਹੈ। ਮੰਦਵਾੜੇ ਦੇ ਦਿਨਾਂ ਵਿੱਚ ਜਦੋਂ ਕੁੱਲ ਪ੍ਰਭਾਵੀ ਮੰਗ ਘੱਟ ਹੁੰਦੀ ਹੈ ਤਾਂ ਸਰਕਾਰੀ ਖਰਚਾ ਵਧ ਕੇ ਕੁੱਲ ਮੰਗ ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਜਦੋਂ ਸਰਕਾਰ ਸਮਾਜਿਕ ਭਲਾਈ ਦੇ ਕੰਮਾਂ ਉੱਤੇ ਖਰਚ ਕਰਦੀ ਹੈ ਤਾਂ ਇਸ ਖਰਚ ਨਾਲ ਲੋਕਾਂ ਦੀ ਆਮਦਨ ਵਧ ਜਾਂਦੀ ਹੈ ਅਤੇ ਉਹ ਵੱਧ ਖਰਚ ਕਰਦੇ ਹਨ। ਇਸ ਤਰ੍ਹਾਂ ਉਹਨਾਂ ਦੀ ਮੰਗ ਅਤੇ ਉਪਭੋਗ ਵਿੱਚ ਵਾਧਾ ਹੋ ਜਾਂਦਾ ਹੈ। ਇਸ ਤੋਂ ਇਲਾਵਾ ਸਰਕਾਰ ਆਪ ਵਸਤਾਂ ਦੀ ਖਰੀਦ ਕਰਕੇ ਸਸਤੇ ਭਾਅ ਤੇ ਵੇਚ ਸਕਦੀ ਹੈ। ਇਸ ਤੋਂ ਇਲਾਵਾ ਸਰਕਾਰ ਸਮਾਜਿਕ ਆਰਥਿਕ ਢਾਂਚੇ ਦੇ ਨਿਰਮਾਣ ਅਤੇ ਉਤਪਾਦਕੀ ਕੰਮਾਂ ਉੱਤੇ ਖਰਚ ਕਰ ਸਕਦੀ ਹੈ ਜਿਸ ਦੇ ਬਹੁਪੱਖੀ ਅਸਰ ਪੈਂਦੇ ਹਨ। ਜਿਵੇਂ ਲੋਕਾਂ ਨੂੰ ਰੁਜ਼ਗਾਰ ਮਿਲਦਾ ਹੈ, ਉਹਨਾਂ ਦੀ ਆਮਦਨ ਵਧਦੀ ਹੈ ਅਤੇ ਪ੍ਰਭਾਵੀ ਮੰਗ ਵਧਦੀ ਹੈ ਗੁਣਾਂਕ ਅਸਰ ਨਾਲ ਦੇਸ਼ ਵਿੱਚ ਸਥਿਰਤਾ ਆਉਂਦੀ ਹੈ।

ਦੂਜੇ ਪਾਸੇ ਤੇਜੀ ਦੀ ਸਥਿਤੀ ਵਿੱਚ ਸਰਕਾਰ ਵਿੱਤ ਨੀਤੀ ਇਸ ਤਰ੍ਹਾਂ ਬਣਾਉਂਦੀ ਹੈ ਕਿ ਕੁਝ ਸਰਕਾਰੀ ਖਰਚੇ ਘੱਟ ਕੀਤੇ ਜਾ ਸਕਣ। ਜਿਵੇਂ ਸਰਕਾਰ ਹਥਬਦਲੀ ਭੁਗਤਾਨ ਘਟਾ ਦਿੰਦੀ ਹੈ। ਸਫ਼ੀਤੀ ਦੇ ਦੌਰ ਵਿੱਚ ਅਣਉਤਪਾਦਕ ਅਤੇ ਫ਼ਜ਼ੂਲ ਖਰਚਿਆਂ ਨੂੰ ਘਟਾਉਣ ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ।

**ਸਰਕਾਰੀ ਖਰਚ ਦਾ ਆਰਥਿਕ ਵਾਧੇ ਉੱਤੇ ਪ੍ਰਭਾਵ :**

*ਵਿਕਾਸਸ਼ੀਲ ਦੇਸ਼ਾਂ ਵਿੱਚ ਸਰਕਾਰ ਖੇਤਰੀ ਅਸਮਾਨਤਾ ਘਟਾਉਣ, ਸਮਾਜਿਕ ਉੱਪਰੀ ਪੂੰਜੀ ਵਿਕਸਿਤ ਕਰਨ, ਸੰਰਚਨਾਤਮਕ ਢਾਂਚੇ ਦਾ ਨਿਰਮਾਣ ਕਰਨ, ਵਿਦਿਆ ਆਦਿ ਉੱਤੇ ਕਾਫੀ ਖਰਚ ਕਰਦੀ ਹੈ। ਦੂਜੇ ਪਾਸੇ, ਇੱਕ ਵਿਕਸਿਤ ਅਰਥਵਿਵਸਥਾ ਵਿੱਚ ਸਰਕਾਰੀ ਖਰਚ, ਆਰਥਿਕ ਕ੍ਰਿਆਵਾਂ ਨੂੰ ਉੱਨਤ ਕਰਨ ਲਈ ਕੀਤਾ ਜਾਂਦਾ ਹੈ। ਆਰਥਿਕ ਵਾਧੇ ਦੀ ਦਰ ਵਧਾਉਣ ਲਈ ਸਰਕਾਰੀ ਖਰਚਾ ਕੀਤਾ ਜਾਂਦਾ ਹੈ।*

*ਖੇਤੀਬਾੜੀ ਖੇਤਰ ਲਈ ਸਬਸਿਡੀਆਂ ਉੱਤੇ ਕੀਤਾ ਜਾਣ ਵਾਲਾ ਖਰਚ ਖੇਤੀਬਾੜੀ ਪੈਦਾਵਾਰ ਵਧਾਉਂਦਾ ਹੈ ਅਤੇ ਖੇਤਰੀ ਅਸਮਾਨਤਾਵਾਂ ਘਟਾਉਂਦਾ ਹੈ। ਇਸ ਨਾਲ ਆਰਥਿਕ ਵਾਧਾ ਹੁੰਦਾ ਹੈ। ਵਿਭਿੰਨ ਵਿਕਾਸਾਤਮਕ ਪ੍ਰਾਜੈਕਟਾਂ ਉੱਤੇ ਕੀਤਾ ਜਾਣ ਵਾਲਾ ਖਰਚ ਵੀ ਪੈਦਾਵਾਰ ਵਧਾਉਂਦਾ ਹੈ ਜਿਸ ਨਾਲ ਆਰਥਿਕ ਵਾਧੇ ਦੀ ਦਰ ਤੇਜ਼ ਹੁੰਦੀ ਹੈ। ਮਾਨਵੀ ਪੂੰਜੀ ਨਿਰਮਾਣ ਉੱਤੇ ਕੀਤਾ ਜਾਣ ਵਾਲਾ ਸਰਕਾਰੀ ਖਰਚਾ ਕਿਰਤ ਦੀ ਉਤਪਾਦਕਤਾ ਵਧਾਉਂਦਾ ਹੈ ਜਿਸ ਨਾਲ ਆਰਥਿਕ ਵਾਧੇ ਦੀ ਰਫ਼ਤਾਰ ਤੇਜ਼ ਹੁੰਦੀ ਹੈ।*

## 2.2.7 ਸਾਰਾਂਸ਼ :

*ਇਸ ਪਾਠ ਵਿੱਚ ਤੁਸੀਂ ਸਰਕਾਰੀ ਖਰਚ ਅਤੇ ਸਥਾਨਕ ਸਰਕਾਰਾਂ ਵੱਲੋਂ ਕੀਤੇ ਜਾਣ ਵਾਲੇ ਖਰਚ (ਜਿਸ ਵਿੱਚ ਕੇਂਦਰ, ਪ੍ਰਾਂਤਕ ਖਰਚੇ ਸ਼ਾਮਿਲ ਹੁੰਦੇ ਹਨ) ਬਾਰੇ ਪੜ੍ਹ ਆਏ ਹੋ। ਸਰਕਾਰੀ ਖਰਚ ਦੇ ਸਿਧਾਂਤਾਂ ਵਿੱਚ ਵੈਗਨਰ ਵੱਲੋਂ ਦਿੱਤੇ ਸਰਕਾਰੀ ਖਰਚੇ ਦੇ ਵਾਧੇ ਬਾਰੇ ਸਿਧਾਂਤ ਅਤੇ ਵਾਈਜ਼ਮੈਨ-ਪੀਕੌਕ ਵੱਲੋਂ ਦਿੱਤੇ ਸਿਧਾਂਤ ਵਿਚਲੇ ਵਿਸਥਾਪਨ ਅਸਰ, ਨਿਰੀਖਣ ਅਸਰ ਅਤੇ ਸੰਕੇਂਦ੍ਰੀਕਰਣ ਅਸਰ ਦਾ ਵਰਨਣ ਕੀਤਾ ਗਿਆ ਹੈ। ਕੁਝ ਅਰਥਵਿਗਿਆਨੀਆਂ ਵੱਲੋਂ ਸਰਕਾਰੀ ਖਰਚ ਦੇ ਕੁਝ ਵਿਧਾਨ ਬਣਾਏ ਗਏ ਹਨ ਤਾਂ ਕਿ ਸਰਕਾਰ ਇਹਨਾਂ ਦੀ ਪਾਲਣਾ ਕਰਦੇ ਹੋਏ ਸਰਕਾਰੀ ਖਰਚ ਨੀਤੀ ਬਣਾ ਸਕੇ। ਇਹਨਾਂ ਵਿੱਚ ਲਾਭ ਦਾ ਵਿਧਾਨ, ਬੱਚਤ ਦਾ ਵਿਧਾਨ, ਮਨਜ਼ੂਰੀ ਦਾ ਵਿਧਾਨ, ਬੇਸ਼ੀ ਦਾ ਵਿਧਾਨ, ਉਤਪਾਦਕਤਾ ਦਾ ਵਿਧਾਨ ਅਤੇ ਸਮਾਨਤਾ ਦਾ ਵਿਧਾਨ ਸ਼ਾਮਿਲ ਹਨ। ਸਰਕਾਰੀ ਖਰਚੇ ਦੇ ਵਾਧੇ ਦੇ ਅਹਿਮ ਕਾਰਣਾ ਜਿਵੇਂ ਸੁਰੱਖਿਆ, ਆਰਥਿਕ ਯੋਜਨਾਬੰਦੀ, ਆਰਥਿਕ ਸਥਿਰਤਾ, ਆਰਥਿਕ ਵਿਕਾਸ ਆਦਿ ਦੀ ਵੀ ਵਿਆਖਿਆ ਕੀਤੀ ਗਈ ਹੈ। ਸਰਕਾਰੀ ਖਰਚ ਦੇ ਉਪਜ, ਵੰਡ, ਆਰਥਿਕ ਸਥਿਰਤਾ ਉੱਤੇ ਪੈਣ ਵਾਲੇ ਪ੍ਰਭਾਵਾਂ ਦਾ ਵਰਨਣ ਕੀਤਾ ਗਿਆ ਹੈ।*

## 2.2.8 ਲੰਬੇ ਉੱਤਰਾਂ ਵਾਲੇ ਪ੍ਰਸ਼ਨ

(1) *ਆਧੁਨਿਕ ਸਮੇਂ ਵਿੱਚ ਸਰਕਾਰੀ ਖਰਚ ਤੇ ਵਾਧੇ ਦੇ ਕਾਰਣਾਂ ਦੀ ਵਿਆਖਿਆ ਕਰੋ।*

(2) *ਸਰਕਾਰੀ ਖਰਚ ਦੇ ਪੈਦਾਵਾਰ ਅਤੇ ਆਮਦਨ ਦੀ ਵੰਡ ਉੱਤੇ ਪੈਣ ਵਾਲੇ ਪ੍ਰਭਾਵਾਂ ਦਾ ਵਰਨਣ ਕਰੋ।*

(3) *ਸਰਕਾਰੀ ਖਰਚੇ ਦੇ ਸਿਧਾਂਤਾਂ ਦੀ ਵਿਆਖਿਆ ਕਰੋ।*

## 2.2.9 ਲੰਬੇ ਉੱਤਰਾਂ ਵਾਲੇ ਪ੍ਰਸ਼ਨ

(1) *ਨਿਜੀ ਖਰਚ ਅਤੇ ਸਰਕਾਰੀ ਖਰਚ ਵਿੱਚ ਭੇਦ ਕਰੋ।*

(2) *ਸਰਕਾਰੀ ਖਰਚ ਦੇ ਆਪਤਨ ਅਤੇ ਪ੍ਰਭਾਵ ਵਿੱਚ ਭੇਦ ਕਰੋ।*

(3) *ਸਰਕਾਰੀ ਖਰਚੇ ਦੇ ਕੋਈ ਦੋ ਵਿਧਾਨਾਂ ਦੀ ਵਿਆਖਿਆ ਕਰੋ।*

## 2.10 ਮਹੱਤਵਪੂਰਨ ਧਾਰਨਾਵਾਂ :

**1. ਸਰਬਜਨਕ ਵਸਤਾਂ/ਧਾਰਨਾਵਾਂ :**

*ਸਰਕਾਰ ਵੱਲੋਂ ਮੁਫ਼ਤ ਜਾਂ ਘੱਟ ਕੀਮਤ ਤੇ ਸਾਰਿਆਂ ਨੂੰ ਮੁਹੱਈਆ ਕੀਤੀਆਂ ਜਾਣ ਵਾਲੀਆਂ ਵਸਤਾਂ/ਸੇਵਾਵਾਂ। ਅਜਿਹੀਆਂ ਵਸਤਾਂ ਦੀ ਸਥਿਤੀ ਵਿੱਚ ਵਾਂਝੇ ਕਰਨ ਦਾ ਸਿਧਾਂਤ ਲਾਗੂ ਨਹੀਂ ਹੁੰਦਾ।*

**2. ਮੈਰਿਟ ਵਸਤਾਂ/ਸੇਵਾਵਾਂ :**

*ਇਹ ਧਾਰਨਾ ਮਸਗ੍ਰੇਵ ਵੱਲੋਂ ਦਿੱਤੀ ਗਈ ਹੈ। ਉਹ ਨਿੱਜੀ ਜ਼ਰੂਰੀ ਲੋੜਾਂ ਜੋ ਗਰੀਬ ਵਿਅਕਤੀ ਆਪਣੇ ਸਾਧਨਾਂ ਰਾਹੀਂ ਪੂਰੀਆਂ ਕਰਨੋਂ ਅਸਮਰੱਥ ਹੁੰਦੇ ਹਨ। ਜੇ ਇਹ ਲੋੜਾਂ ਪੂਰੀਆਂ ਨਾ ਹੋਣ ਤਾਂ ਸਮਾਜ ਦਾ ਨੁਕਸਾਨ ਹੁੰਦਾ ਹੈ। ਇਸ ਲਈ ਇਹ ਲੋੜਾਂ ਸਰਕਾਰ ਵੱਲੋਂ ਪੂਰੀਆਂ ਕੀਤੀਆਂ ਜਾਂਦੀਆਂ ਹਨ।*

*2.2.11 ਪੜ੍ਹਨ ਲਈ ਪੁਸਤਕਾਂ*


| | | | |
|---|---|---|---|
| 1. | H. Dalton | : | Principles of Public Finance |
| 2. | Richard A. Musgrave | : | Theory of Public Finance |
| 3. | H.L. Bhatia | : | Public Finance |
| 4. | B.P. Tyagi | : | Public Finance |
| 5. | R.N. Bhargava | : | The Theory and Working of Union Finance in India |
| 6. | P.E. Taylor | : | The Economics of Public Finance |
| 7. | O.P. Sharma | : | Public Finance (Punjabi Medium) |
| 8. | Findlay Shiras | : | Science of Public Finance |
| 9. | A.R. Prest | : | Public Finance |
| 10. | R.A. Musgrave & P.B. Musgrave | : | Public Finance in Theory and Practice |
| 11. | R.J. Chelliah | : | Trends in Taxation in Developing Countries, IMF Staff Papers, 1971 |
| 12. | R.K. Lekhi | : | Public Finance |

ਪਾਠ ਨੰਬਰ : **2.3** ਲੇਖਿਕਾ : ਡਾ. ਹਰਵਿੰਦਰ ਕੌਰ

Last updated on 5 May, 2023

# ਕਰਾਂ ਦਾ ਵਰਗੀਕਰਨ
# (**Classification of Taxes**)

**2.3.1** ਪਾਠ ਦੇ ਉਦੇਸ਼
**2.3.2** ਜਾਣ ਪਛਾਣ
**2.3.3** ਸਿੱਧੇ ਅਤੇ ਅਸਿੱਧੇ ਕਰ
- **2.3.3.1** ਲਾਭ
- **2.3.3.2** ਹਾਨੀਆਂ
- **2.3.3.3** ਸਿੱਧੇ ਅਤੇ ਅਸਿੱਧੇ ਕਰਾਂ ਵਿੱਚ ਅੰਤਰ

**2.3.4** ਅਨੁਪਾਤਕ, ਆਰੋਹੀ ਅਤੇ ਅਵਰੋਹੀ ਕਰ
**2.3.5** ਸਾਰਾਂਸ਼
**2.3.6** ਛੋਟੇ ਉਤਰਾਂ ਵਾਲੇ ਪ੍ਰਸ਼ਨ
**2.3.7** ਵੱਡੇ ਉਤਰਾਂ ਵਾਲੇ ਪ੍ਰਸ਼ਨ
**2.3.8** ਪੜ੍ਹਨਯੋਗ ਪੁਸਤਕਾਂ

## 2.3.1 ਪਾਠ ਦੇ ਉਦੇਸ਼

1 ਸਿੱਧੇ ਅਤੇ ਅਸਿੱਧੇ ਕਰਾਂ ਵਿੱਚ ਅੰਤਰ ਬਾਰੇ ਜਾਣਨਾ।
2 ਅਨੁਪਾਤਕ, ਆਰੋਹੀ ਅਤੇ ਅਵਰੋਹੀ ਕਰ ਬਾਰੇ ਜਾਣਨਾ।

## 2.3.2 ਜਾਣ ਪਛਾਣ

ਆਧੁਨਿਕ ਸਰਕਾਰੀ ਵਿੱਤ ਵਿਚ ਕਰ ਮਹੱਤਵਪੂਰਣ ਯੋਗਦਾਨ ਪਾਉਂਦੇ ਹਨ। ਕਰ ਸਰਕਾਰੀ ਅਧਿਕਾਰੀਆਂ ਵੱਲੋਂ ਲਗਾਏ ਜਾਂਦੇ ਹਨ। ਕਰ ਅਦਾ ਕਰਨ ਵਾਲੇ ਵਿਅਕਤੀ ਅਤੇ ਸਰਕਾਰੀ ਅਧਿਕਾਰੀ ਵਿਚ 'ਇੱਕ ਹੱਥ ਦੇ ਦੂਜੇ ਹੱਥ ਲੈ' ਵਾਲਾ ਰਿਸ਼ਤਾ ਨਹੀਂ ਹੁੰਦਾ। ਦੂਜੇ ਸ਼ਬਦਾਂ ਵਿਚ ਕਰ ਅਦਾ ਕਰਨ ਵਾਲਾ ਕਰ ਅਦਾ ਕਰਨ ਬਦਲੇ ਕੋਈ ਪ੍ਰਤੱਖ ਲਾਭ ਪ੍ਰਾਪਤ ਕਰਨ ਦਾ ਦਾਅਵਾ ਨਹੀਂ ਕਰ ਸਕਦਾ। ਕਰ ਅਦਾ ਕਰਨ ਵਾਲੇ ਸਰਕਾਰ ਪਾਸੋਂ ਲਾਭ ਤਾਂ ਜਰੂਰ ਪ੍ਰਾਪਤ ਕਰਦੇ ਹਨ, ਪਰ ਕਿਸੇ ਕਰਦਾਤਾ ਨੂੰ ਸਰਕਾਰੀ ਖਰਚੇ ਵਿਚੋਂ ਇਸ ਆਧਾਰ ਤੇ ਲਾਭ ਪ੍ਰਾਪਤ ਕਰਨ ਦਾ ਅਧਿਕਾਰ ਨਹੀਂ ਹੁੰਦਾ ਕਿ ਉਹ ਕਰ ਦੇ ਰਿਹਾ ਹੈ। ਸਰਕਾਰੀ ਖਰਚੇ ਤੋਂ ਮਿਲਣ ਵਾਲੇ ਲਾਭ ਕਿਸੇ ਨੂੰ ਵੀ ਪ੍ਰਾਪਤ ਹੋ ਸਕਦੇ ਹਨ ਭਾਵੇਂ ਉਸ ਨੇ ਕਰ ਅਦਾ ਕੀਤਾ ਹੋਵੇ ਜਾਂ ਨਾ। ਜਿਆਦਾ ਤੋਂ ਜਿਆਦਾ ਲੋਕਾਂ ਨੂੰ ਕਰਾਂ ਦੇ ਘੇਰੇ ਵਿਚ ਲਿਆਉਣ ਲਈ ਕਈ ਤਰ੍ਹਾਂ ਦੇ ਕਰ ਲਗਾਏ ਜਾਂਦੇ ਹਨ । ਕਰਾਂ ਦਾ ਵੱਖ ਵੱਖ ਆਧਾਰ ਤੇ ਵਰਗੀਕਰਣ ਕੀਤਾ ਗਿਆ ਹੈ, ਜਿਵੇਂ ਕਿ ਕਰਾਂ ਦੇ ਰੂਪ, ਕਿਸਮ, ਨਿਚੋੜ ਅਤੇ ਵਿਧੀ ਦੇ ਆਧਾਰ ਤੇ ਕਰਾਂ ਦੀਆਂ ਵੱਖ ਵੱਖ ਕਿਸਮਾਂ ਹੇਠ ਲਿਖੇ ਅਨੁਸਾਰ ਹਨ :

1. ਰੂਪ ਦੇ ਆਧਾਰ ਤੇ
   - (ੳ) ਸਿੱਧੇ ਕਰ (Direct Taxes)
   - (ਅ) ਅਸਿੱਧੇ ਕਰ (Indirect Taxes)
2. ਕਿਸਮ ਦੇ ਆਧਾਰ ਤੇ
   - (ੳ) ਆਮਦਨ ਕਰ (Income Tax)

(ਅ) ਖ਼ਰਚ ਕਰ (Expenditure Tax)
(ੲ) ਸੰਪਤੀ ਕਰ (Property Tax)
(ਸ) ਵਸਤਾਂ ਅਤੇ ਸੇਵਾਵਾਂ ਤੇ ਕਰ (Taxes on goods and services)

3. ਨਿਚੋੜ ਦੇ ਆਧਾਰ ਤੇ
(ੳ) ਮੁੱਲ–ਪੂਰਕ ਕਰ (Ad-valorem Taxes)
(ਅ) ਵਿਸ਼ੇਸ਼ ਕਰ (Specific Taxes)

4. ਵਿਧੀ ਦੇ ਆਧਾਰ ਤੇ
(ੳ) ਅਨੁਪਾਤਕ ਕਰ (Proportional Tax)
(ਅ) ਆਰੋਹੀ ਕਰ (Progressive Tax)
(ੲ) ਅਵਰੋਹੀ ਕਰ (Regressive Tax)

### 2.3.3. ਸਿੱਧੇ ਅਤੇ ਅਸਿੱਧੇ ਕਰ (Direct and indirect Taxes)

ਕਰਾਂ ਦਾ ਵਰਗੀਕਰਣ ਆਮ ਤੌਰ ਤੇ ਸਿੱਧੇ ਅਤੇ ਅਸਿੱਧੇ ਕਰਾਂ ਵਜੋਂ ਕੀਤਾ ਜਾਂਦਾ ਹੈ, ਸਿੱਧੇ ਕਰ ਆਮਦਨ ਤੇ ਲੱਗੇ ਕਰ ਹੁੰਦੇ ਹਨ। ਕਰ ਲਗਾਉਣ ਵਾਲੀ ਤਾਕਤ ਹਰ ਕਰ ਅਦਾ ਕਰਨ ਵਾਲੇ ਵਿਅਕਤੀ ਦੀ ਦੇਣਦਾਰੀ ਦਾ ਉਸ ਦੀ ਵਿਸ਼ੇਸ਼ ਸਥਿਤੀ ਅਨੁਸਾਰ, ਭਾਵੇਂ ਉਹ ਇਕ ਵਿਅਕਤੀ ਹੈ ਜਾਂ ਵਪਾਰ, ਸਿੱਧਾ ਨਿਰਧਾਰਣ ਕਰਦੀ ਹੈ, ਤਦ ਉਹ ਸਿੱਧੇ ਕਰ ਅਧਿਕਾਰੀ (ਆਮਦਨ ਕਰ ਦਫ਼ਤਰ ਵਿੱਚ) ਕਰਾਂ ਦੀ ਅਦਾਇਗੀ ਕਰਦੇ ਹਨ। ਵਸਤਾਂ ਤੇ ਲੱਗੇ ਕਰਾਂ ਨੂੰ ਅਸਿੱਧੇ ਕਰ ਕਿਹਾ ਜਾਂਦਾ ਹੈ। ਪ੍ਰੋ. ਸ਼ਿਰਾਜ ਨੇ ਪ੍ਰਤੱਖ ਅਤੇ ਅਪ੍ਰਤੱਖ ਕਰਾਂ ਵਿਚਾਲੇ ਇਸ ਤਰ੍ਹਾਂ ਭੇਦ ਕੀਤਾ ਹੈ ਕਿ ਉਹ ਕਰ ਜੋ ਵਿਅਕਤੀ ਦੀ ਆਮਦਨ ਅਤੇ ਸੰਪਤੀ ਵਿਚੋਂ ਸਿੱਧੇ ਸਰਕਾਰ ਨੂੰ ਅਦਾ ਕੀਤੇ ਜਾਂਦੇ ਹਨ, ਉਹ ਪ੍ਰਤੱਖ ਕਰ ਹਨ। ਦੂਜੇ ਪਾਸੇ, ਮਨੁੱਖ ਦੀ ਆਮਦਨ ਅਤੇ ਸੰਪਤੀ ਨੂੰ, ਉਸ ਦੇ ਉਪਭੋਗ ਰਾਹੀਂ, ਜੋ ਕਰ ਪ੍ਰਭਾਵਿਤ ਕਰਦੇ ਹਨ, ਉਹ ਅਪ੍ਰੱਤਖ ਕਰ ਹਨ। ਕਰਾਂ ਦੀ ਦੇਣਦਾਰੀ ਅਦਾ ਕਰਨ ਵਾਲਿਆਂ ਵਲੋਂ ਨਿਰਧਾਰਤ ਕੀਤੀ ਜਾਂਦੀ ਹੈ ਕਿਉਂਕਿ ਇਹ ਇਸ ਗਲ ਤੇ ਨਿਰਭਰ ਕਰਦਾ ਹੈ ਕਿ ਉਹ ਕੀ ਖਰੀਦਦੇ ਹਨ। ਪਹਿਲਾਂ ਪਹਿਲ ਤਾਂ ਕਰ ਨਿਰਮਾਤਾ ਜਾਂ ਵਿਕਰੇਤਾ ਤੇ ਲਾਇਆ ਜਾਂਦਾ ਹੈ ਪਰ ਅੰਤਿਮ ਰੂਪ ਵਿਚ ਇਹ ਉਪਭੋਗਤਾ ਨੂੰ ਹੀ ਦੇਣਾ ਪੈਂਦਾ ਹੈ। ਇਸ ਕਰ ਦੀ ਅਦਾਇਗੀ ਦਾ ਢੰਗ ਅਸਿੱਧਾ ਹੈ। ਦੂਜੇ ਸ਼ਬਦਾਂ ਵਿਚ ਸਿੱਧਾ ਕਰ ਇਕੋ ਵਿਅਕਤੀ ਤੇ ਲਗਦਾ ਹੈ ਅਤੇ ਉਸ ਦਾ ਪ੍ਰਭਾਵ ਉਸੇ ਪੱਧਰ ਉੱਪਰ ਹੀ ਪੈਂਦਾ ਹੈ। ਪ੍ਰੰਤੂ ਅਪ੍ਰਤੱਖ ਕਰ ਵੱਖ ਵੱਖ ਵਿਅਕਤੀਆਂ ਤੇ ਹੀ ਲੱਗਦੇ ਹਨ ਅਤੇ ਉਨ੍ਹਾਂ ਦਾ ਪ੍ਰਭਾਵ ਵੀ ਵੱਖ ਵੱਖ ਵਿਅਕਤੀਆਂ ਤੇ ਹੀ ਪੈਂਦਾ ਹੈ।

ਸਿੱਧੇ ਕਰਾਂ ਵਿਚ ਆਮਦਨ ਕਰ, ਸੰਪਤੀ ਕਰ, ਜਾਇਦਾਦ ਕਰ, ਧਨ ਉੱਪਰ ਕਰ, ਪੂੰਜੀਗਤ ਲਾਭ ਕਰ, ਕੈਪੀਟਲ ਲੈਵੀ ਆਦਿ ਨੂੰ ਸ਼ਾਮਲ ਕੀਤਾ ਜਾਂਦਾ ਹੈ, ਜਦ ਕਿ ਅਪ੍ਰਤੱਖ ਕਰਾਂ ਵਿਚ ਵਸਤੂ ਕਰ, ਵਿਕਰੀ ਕਰ, ਆਬਕਾਰੀ ਡਿਊਟੀ ਆਦਿ ਨੂੰ ਸ਼ਾਮਲ ਕੀਤਾ ਜਾਂਦਾ ਹੈ।

### ਸਿੱਧੇ ਅਤੇ ਅਸਿੱਧੇ ਕਰਾਂ ਦੇ ਲਾਭ ਅਤੇ ਹਾਨੀਆਂ (Merits and Demerits of Direct and Indirect Taxes )

ਸਿੱਧੇ ਕਰਾਂ ਦੇ ਅਨੇਕਾਂ ਲਾਭ ਹਨ :

1. ਮਹੱਤਵਪੂਰਣ ਸਿੱਧੇ ਕਰਾਂ ਨੂੰ ਜਿਵੇਂ ਕਿ ਆਮਦਨ ਅਤੇ ਸੰਪਤੀ ਤੇ ਕਰਾਂ ਨੂੰ ਕਰ ਅਦਾ ਕਰਨ ਦੀ ਸਮਰੱਥਾ (Ability to Pay) ਦੇ ਸਿਧਾਂਤ ਅਨੁਸਾਰ ਲਗਾਇਆ ਜਾ ਸਕਦਾ ਹੈ।

2. ਸਿੱਧੇ ਕਰ ਇਸ ਕਾਰਨ ਨਿਸ਼ਚਿਤ ਹਨ ਕਿ ਕਰ ਅਦਾ ਕਰਨ ਵਾਲਿਆਂ ਦੀ ਵਿਅਕਤੀਗਤ ਤੌਰ ਤੇ ਪਹਿਚਾਣ ਹੋ ਜਾਂਦੀ ਹੈ ਅਤੇ ਕਰ ਦੀ ਦਰ ਅਤੇ ਅਦਾਇਗੀ ਦਾ ਸਮਾਂ ਪਹਿਲਾਂ ਹੀ ਨਿਰਧਾਰਤ ਹੁੰਦਾ ਹੈ।

3. ਸਿੱਧੇ ਕਰਾਂ ਨੂੰ ਸੁਵਿਧਾਜਨਕ ਕਿਹਾ ਜਾ ਸਕਦਾ ਹੈ ਕਿਉਂਕਿ ਇਹ ਇਸ ਆਧਾਰ ਤੇ ਲਗਾਇਆ ਜਾਂਦਾ ਹੈ ਕਿ ਜਿਤਨਾ ਕਮਾਓ ਓਸੇ ਹਿਸਾਬ ਨਾਲ ਅਦਾ ਕਰੋ ਅਤੇ ਕਰਾਂ ਦੀ ਅਦਾਇਗੀ ਆਮਦਨ ਪ੍ਰਾਪਤੀ ਦੇ ਅਨੁਸਾਰ ਕੀਤੀ ਜਾਂਦੀ ਹੈ।

4. ਜਿਸ ਵਿਅਕਤੀ ਤੇਂ ਸਿੱਧਾ ਕਰ ਨਿਰਧਾਰਤ ਕੀਤਾ ਜਾਂਦਾ ਹੈ ਉਸ ਦਾ ਭਾਰ ਦੂਜੇ ਵਿਅਕਤੀ ਉੱਤੇ ਨਹੀਂ ਪਾਇਆ ਜਾ ਸਕਦਾ। ਇਸ ਲਈ ਕਰ ਲਗਾਉਣ ਵਾਲੇ ਅਧਿਕਾਰੀ ਇਹ ਨਿਸ਼ਚਿਤ ਕਰ ਸਕਦੇ ਹਨ ਕਿ ਕਰਾਂ ਦਾ ਬੋਝ ਕਿਸ ਵਿਅਕਤੀ ਤੇ ਹੈ।

5. ਸਿੱਧੇ ਕਰ ਲਚਕਦਾਰ ਵੀ ਹੁੰਦੇ ਹਨ ਕਿਉਂਕਿ ਸਰਕਾਰ ਆਮਦਨ ਵਧਾਉਣ ਲਈ ਕਰਾਂ ਦੀਆਂ ਦਰਾਂ ਵਿਚ ਵਾਧਾ ਕਰ ਸਕਦੀ ਹੈ।

6. ਅਖ਼ੀਰ ਵਿਚ ਇਹ ਵੀ ਕਿਹਾ ਜਾ ਸਕਦਾ ਹੈ, ਕਿ ਸਿੱਧੇ ਕਰ ਸਿੱਖਿਆਦਾਇਕ ਵੀ ਹੁੰਦੇ ਹਨ। ਕਿਉਂਕਿ ਕਰ ਅਦਾ ਕਰਨ ਵਾਲਾ ਇਸ ਗੱਲ ਵਿਚ ਦਿਲਚਸਪੀ ਰਖਦਾ ਹੈ ਕਿ ਕਰਾਂ ਤੋਂ ਪ੍ਰਾਪਤ ਧਨ ਦੀ ਸਰਕਾਰ ਉਚਿੱਤ ਰੂਪ ਵਿਚ ਵਰਤੋਂ ਕਰਦੀ ਹੈ ਜਾਂ ਨਹੀਂ।

ਸਿੱਧੇ ਕਰਾਂ ਦੇ ਲਾਭਾਂ ਦੇ ਨਾਲ ਨਾਲ ਇਸ ਦੀਆਂ ਕੁਝ ਹਾਨੀਆਂ ਹਨ ਜੋ ਕਿ ਇਸ ਤਰ੍ਹਾਂ ਹਨ :

1. ਸਿੱਧੇ ਕਰਾਂ ਦਾ ਕੰਮ ਕਰਨ ਦੀ ਇੱਛਾ ਅਤੇ ਬੱਚਤ ਕਰਨ ਤੇ ਬੁਰਾ ਪ੍ਰਭਾਵ ਪੈਂਦਾ ਹੈ।
2. ਸਿੱਧੇ ਕਰ ਇਸ ਲਈ ਮੁਸ਼ਕਿਲ ਹੁੰਦੇ ਹਨ ਕਿ ਇਨ੍ਹਾਂ ਲਈ ਬਹੁਤ ਸਾਰਾ ਲੇਖਾ ਜੋਖਾ ਅਤੇ ਹੋਰ ਰਸਮੀ ਗੱਲਾਂ ਪੂਰੀਆਂ ਕਰਨੀਆਂ ਹੁੰਦੀਆਂ ਹਨ।
3. ਸਿੱਧੇ ਕਰਾਂ ਨੂੰ ਇੱਕਠਾ ਕਰਨ ਤੇ ਕਾਫੀ ਖਰ੍ਚਾ ਆਉਂਦਾ ਹੈ।
4. ਸਿੱਧੇ ਕਰਾਂ ਦਾ ਮਨੋਵਿਗਿਆਨਿਕ ਪ੍ਰਭਾਵ ਵੀ ਪੈਂਦਾ ਹੈ। ਕਰ ਅਦਾ ਕਰਨ ਵਾਲੇ ਅਸਿੱਧੇ ਕਰਾਂ ਨਾਲੋਂ ਸਿੱਧੇ ਕਰਾਂ ਬਾਰੇ ਜ਼ਿਆਦਾ ਜਾਗਰੂਕ ਹੁੰਦੇ ਹਨ। ਉਹ ਕੇਵਲ ਆਮਦਨ ਘਟਾ ਕੇ ਕਾਨੂੰਨੀ ਤੌਰ ਤੇ ਆਪਣੀ ਦੇਣਦਾਰੀ ਨੂੰ ਘੱਟ ਕਰ ਸਕਦੇ ਹਨ। ਸਿੱਧੇ ਕਰਾਂ ਦਾ ਵਿਰੋਧ ਕਈ ਰੂਪ ਵਿਚ ਦਿਖਾਈ ਦਿੰਦਾ ਹੈ ਜਿਵੇਂ ਕਾਲੇ ਧਨ ਵਿਚ ਵਾਧਾ, ਕੰਮ ਨਾਲੋਂ ਆਰਾਮ ਨੂੰ ਤਰਜ਼ੀਹ ਅਤੇ ਅਗਲੀਆਂ ਚੋਣਾਂ ਵਿਚ ਵੱਧ ਕਰ ਲਾਉਣ ਵਾਲੀ ਸਰਕਾਰ ਵਿਰੁੱਧ ਵੋਟ ਪਾਉਣਾ ਆਦਿ।

**ਅਸਿੱਧੇ ਕਰਾਂ ਦੇ ਲਾਭ ਹੇਠ ਲਿਖੇ ਹਨ :**

1. ਇਨ੍ਹਾਂ ਦਾ ਭੁਗਤਾਨ ਸਿੱਧੇ ਕਰਾਂ ਨਾਲੋਂ ਜ਼ਿਆਦਾ ਸੁਵਿਧਾਜਨਕ ਹੁੰਦਾ ਹੈ ਕਿਉਂਕਿ ਇਨ੍ਹਾਂ ਨੂੰ ਵੱਖ ਵੱਖ ਸਮੇਂ ਤੇ ਥੋੜ੍ਹਾ ਥੋੜ੍ਹਾ ਕਰਕੇ ਅਦਾ ਕਰਨਾ ਹੁੰਦਾ ਹੈ।
2. ਇਕ ਉਪਭੋਗਤਾ ਨੂੰ ਵਸਤੂ ਉਤੇ ਅਸਿੱਧੇ ਕਰਾਂ ਨੂੰ ਟਾਲ ਮਟੋਲ ਕਰਨ ਦਾ ਮੌਕਾ ਨਹੀਂ ਮਿਲਦਾ ਕਿਉਂਕਿ ਇਹ ਕਰ ਵਸਤਾਂ ਅਤੇ ਸੇਵਾਵਾਂ ਦੀਆਂ ਕੀਮਤਾਂ ਵਿਚ ਸ਼ਾਮਿਲ ਹੁੰਦੇ ਹਨ।
3. ਅਸਿੱਧੇ ਕਰ ਮਨੋਵਿਗਿਆਨਕ ਪੱਖੋਂ ਵੀ ਅਦਾ ਕਰਨੇ ਘੱਟ ਦੁਖਦਾਈ ਹੁੰਦੇ ਹਨ ਕਿਉਂਕਿ ਵਸਤੂ ਤੋਂ ਪ੍ਰਾਪਤ ਹੋਈ ਸੰਤੁਸ਼ਟਤਾ ਕੁਝ ਹੱਦ ਤਕ ਕਰ ਅਦਾ ਕਰਨ ਦੀ ਕੁਰਬਾਨੀ ਦੇ ਮੁਆਵਜ਼ੇ ਨੂੰ ਪੂਰਾ ਕਰ ਦਿੰਦੀ ਹੈ।
4. ਅਸਿੱਧੇ ਕਰ ਅਗਾਂਹਵਧੂ ਹੁੰਦੇ ਹਨ ਕਿਉਂਕਿ ਵਿਲਾਸਤਾ ਵਾਲੀਆਂ ਵਸਤਾਂ ਤੇ ਭਾਰੀ ਕਰ ਲਗਦੇ ਹਨ ਅਤੇ ਜਰੂਰੀ ਵਸਤਾਂ ਨੂੰ ਕਰ ਮੁਕਤ ਕੀਤਾ ਜਾਂਦਾ ਹੈ।

**ਅਸਿੱਧੇ ਕਰਾਂ ਦੀਆਂ ਮੁੱਖ ਹਾਨੀਆਂ**

ਅਸਿੱਧੇ ਕਰ ਅਵਰੋਹੀ (regressive) ਹੁੰਦੇ ਹਨ ਕਿਉਂਕਿ ਇਹਨਾਂ ਦਾ ਜ਼ਿਆਦਾ ਭਾਰ ਗਰੀਬਾਂ ਤੇ ਪੈਂਦਾ ਹੈ। ਦੂਜਾ ਇਹਨਾਂ ਤੇ ਪ੍ਰਬੰਧਕੀ ਖਰਚਾ ਵੀ ਵਧੇਰੇ ਹੁੰਦਾ ਹੈ ਕਿਉਂਕਿ ਅਜਿਹੇ ਕਰ ਕਰੋੜਾਂ ਲੋਕਾਂ ਤੋਂ ਛੋਟੀ ਛੋਟੀ ਮਾਤਰਾ ਵਿਚ ਇੱਕਠੇ ਕਰਨੇ ਹੁੰਦੇ ਹਨ।

**ਸਿੱਧੇ ਅਤੇ ਅਸਿੱਧੇ ਕਰਾਂ ਵਿਚ ਅੰਤਰ (Difference between Direct and Indirect Taxes)**

ਸਿੱਧੇ ਅਤੇ ਅਸਿੱਧੇ ਕਰਾਂ ਵਿਚਕਾਰ ਭਲਾਈ, ਪ੍ਰਬੰਧਕੀ ਅਤੇ ਵਿਭਾਜਕ ਪੱਖਾਂ ਤੋਂ ਅੰਤਰ ਕੀਤਾ ਜਾ ਸਕਦਾ ਹੈ।

**ਭਲਾਈ ਪੱਖ** : ਮਿਸ ਜੋਸਿਫ ਹਿਕਸ ਨੇ ਭਲਾਈ ਪੱਖ ਨੂੰ ਮੁੱਖ ਰੱਖਦਿਆਂ ਅਸਿੱਧੇ ਕਰਾਂ ਨਾਲੋਂ ਸਿੱਧੇ ਕਰਾਂ ਨੂੰ ਸ੍ਰੇਸ਼ਠ ਮੰਨਿਆ ਹੈ। ਸਿੱਧੇ ਕਰਾਂ ਦੀ ਸੂਰਤ ਵਿਚ ਕਰ ਅਦਾ ਕਰਨ ਵਾਲਿਆਂ ਕਿਸੇ ਵਿਸ਼ੇਸ਼ ਵਸਤੂ ਜਾਂ ਉਪਭੋਗ ਨੂੰ ਘੱਟ ਨਹੀਂ ਕਰਨਾ ਪੈਂਦਾ। ਇਸ ਲਈ ਭਲਾਈ ਪੱਖੋਂ ਸਿੱਧੇ ਕਰਾਂ ਨੂੰ ਬਿਹਤਰ ਮੰਨਿਆ ਗਿਆ ਹੈ।

**ਪ੍ਰਬੰਧਕੀ ਪੱਖ** : ਪ੍ਰਬੰਧਕੀ ਲਾਗਤ, ਕੁਸ਼ਲਤਾ ਅਤੇ ਉਪਜ ਪੱਖੋਂ ਅਸਿੱਧੇ ਕਰ, ਸਿੱਧੇ ਕਰਾਂ ਨਾਲੋਂ ਬਿਹਤਰ ਹਨ। ਇਹ ਮੰਨਿਆ ਗਿਆ ਹੈ ਕਿ ਘੱਟ ਵਿਕਸਤ ਦੇਸ਼ਾਂ ਵਿਚ ਆਮ ਲੋਕ ਗਰੀਬ ਹੁੰਦੇ ਹਨ ਅਤੇ ਉਹ ਸਿੱਧੇ ਕਰਾਂ ਦੇ ਘੇਰੇ ਵਿਚ ਨਹੀਂ ਆਉਂਦੇ ਅਤੇ ਇਸ ਤਰ੍ਹਾਂ ਸਰਕਾਰ ਨੂੰ ਕਰ ਲਗਾਨ ਤੋਂ ਜ਼ਿਆਦਾ ਆਮਦਨ ਨਹੀਂ ਹੁੰਦੀ। ਅਸਿੱਧੇ ਕਰ ਸਾਰੇ ਲੋਕਾਂ ਤੇ ਇਕ ਸਮਾਨ ਲਾਗੂ ਹੁੰਦੇ ਹਨ। ਨਤੀਜੇ ਵਜੋਂ ਸਰਕਾਰ ਨੂੰ ਆਮਦਨ ਜਿਆਦਾ ਹੁੰਦੀ ਹੈ। ਇਨਾਂ ਤੇ ਲਾਗਤ ਵੀ ਘੱਟ ਆਉਂਦੀ ਹੈ।

**ਵਿਭਾਜਕ ਪੱਖ** : ਸਿੱਧੇ ਅਤੇ ਅਸਿੱਧੇ ਕਰਾਂ ਵਿਚ ਵਿਭਾਜਕ ਪੱਖ ਤੋਂ ਵੀ ਅੰਤਰ ਦਰਸਾਇਆ ਜਾ ਸਕਦਾ ਹੈ। ਧਨ ਵਿਚਲੀ ਅਸਾਮਨਤਾ ਘਟਾਉਣ ਦੇ ਪੱਖੋਂ ਸਿੱਧੇ ਕਰਾਂ ਨੂੰ ਅਸਿੱਧੇ ਕਰਾਂ ਤੋਂ ਬਿਹਤਰ ਮੰਨਿਆ ਗਿਆ ਹੈ, ਪਰੰਤੂ ਅਸਿੱਧੇ ਕਰਾਂ ਨੂੰ ਵਿਲਾਸਤਾ ਵਾਲੀਆਂ ਵਸਤਾਂ ਤੇ ਲਗਾ ਕੇ ਅਗਾਂਹ ਵਧੂ ਬਣਾਇਆ ਜਾ ਸਕਦਾ ਹੈ।

ਜੇਕਰ ਵਿਸ਼ਾਲ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਸਿੱਧੇ ਅਤੇ ਅਸਿੱਧੇ ਕਰ ਇਕ ਦੂਜੇ ਦੇ ਪੂਰਕ ਹਨ। ਹਰ ਕਰ ਪ੍ਰਣਾਲੀ ਵਿਚ ਸਿੱਧੇ ਅਤੇ ਅਸਿੱਧੇ ਦੋਹਾਂ ਕਿਸਮਾਂ ਦੇ ਕਰ ਲਗਾਏ ਜਾਂਦੇ ਹਨ। ਭਾਰਤ ਵਰਗੇ ਦੇਸ਼ ਵਿਚ ਸਿੱਧੇ ਕਰ ਆਰਥਿਕ ਸਮਾਨਤਾ ਲਿਆਉਂਦੇ ਹਨ ਜਦ ਕਿ ਅਸਿੱਧੇ ਕਰ ਲਗਾਉਣ ਨਾਲ ਆਮਦਨ ਵਿਚ ਵਾਧਾ ਹੁੰਦਾ ਹੈ। ਸਮਾਨਤਾ ਦੇ ਉਦੇਸ਼ਾਂ ਪੱਖੋਂ ਸਿੱਧੇ ਕਰਾਂ ਨੂੰ ਜ਼ਿਆਦਾ ਅਗਾਂਹਵਧੂ ਨਹੀਂ ਬਣਾਇਆ ਜਾ ਸਕਦਾ। ਭਾਰਤ ਵਰਗੇ ਦੇਸ਼ ਵਿਚ ਅਸਿੱਧੇ ਕਰਾਂ ਨੂੰ ਵਧਾਉਣਾ ਜ਼ਰੂਰੀ ਹੈ। ਕਿਉਂਕਿ ਯੋਜਨਾਵਾਂ ਰਾਹੀਂ ਵੱਧ ਰੋਜ਼ਗਾਰ ਦੇ ਮੌਕੇ ਉਪਲੱਬਧ ਹੁੰਦੇ ਹਨ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਦੀ ਆਮਦਨ ਵਿਚ ਵਾਧਾ ਹੁੰਦਾ ਹੈ। ਭਾਰਤੀ ਕਰ ਪ੍ਰਣਾਲੀ ਵਿਚ ਕਰ ਕੇਵਲ ਆਮਦਨ ਵਧਾਉਣ ਦਾ ਹੀ ਸਾਧਨ ਨਹੀਂ, ਸਗੋਂ ਇਸ ਨੂੰ ਆਰਥਿਕ ਵਿਕਾਸ ਦੀ ਰਫਤਾਰ ਨਿਸ਼ਚਿਤ ਕਰਨ ਅਤੇ ਸਮਾਜਿਕ ਭਲਾਈ ਦੇ ਔਜ਼ਾਰ ਵਜੋਂ ਵੀ ਇਸਤੇਮਾਲ ਕੀਤਾ ਜਾਂਦਾ ਹੈ।

**2. (ੳ) ਆਮਦਨ ਕਰ** : ਆਮਦਨ ਕਰ ਸਿੱਧੇ ਕਰਾਂ ਵਿਚੋਂ ਸਭ ਤੋਂ ਵੱਧ ਮਹੱਤਵਪੂਰਨ ਹੈ। ਅਰੋਹੀ ਕਰ ਅਨੁਸੂਚੀ, ਛੋਟ ਸੀਮਾਂ ਦੀ ਸਹੂਲਤ ਮੁਹੱਈਆ ਕਰਕੇ ਅਤੇ ਕਈ ਕਿਸਮ ਦੀਆਂ ਪ੍ਰੇਰਕ ਸਹੂਲਤਾਂ ਦੇ ਕੇ ਇਸ ਨੂੰ ਨਾਂ ਕੇਵਲ ਠੋਸ ਕਰ ਪ੍ਰਣਾਲੀ ਦੇ ਨਿਯਮਾਂ ਅਨੁਕੂਲ ਬਣਾਇਆ ਜਾ ਸਕਦਾ ਹੈ, ਸਗੋਂ ਆਰਥਿਕ ਪ੍ਰਣਾਲੀ ਦੁਆਰਾ ਨਿਰਧਾਰਤ ਉਦੇਸ਼ਾਂ ਨੂੰ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ।

ਆਮਦਨ ਕਰ ਜਾਂ ਤਾਂ ਸਰਬ ਵਿਆਪੀ (Universal) ਜਾਂ ਅੰਸ਼ਕ (Partial) ਹੋ ਸਕਦਾ ਹੈ। ਅੰਸ਼ਕ ਆਮਦਨ ਕਰ ਸਰਬ-ਵਿਆਪੀ ਅਰਧ-ਅਨੁਸੂਚੀ (Quasi scheduler) ਵਾਲੇ ਜਾਂ ਅਨੁਸੂਚੀ (Scheduler) ਵਾਲੇ ਹੋ ਸਕਦੇ ਹਨ। ਸਮੂਹਕ ਆਮਦਨ ਕਰ ਦੂਜੇ ਵਿਸ਼ਵ ਯੁੱਧ ਵਿਚ ਸ਼ੁਰੂ ਕੀਤਾ ਗਿਆ ਸੀ। ਸਰਬਵਿਆਪੀ ਆਮਦਨ ਕਰ ਵੀ ਇਸ ਦ੍ਰਿਸ਼ਟੀ ਨਾਲ ਇਕ ਸਮਾਨ ਹੋ ਸਕਦਾ ਹੈ। ਧਨ ਦੀ ਵੰਡ ਵਿਚ ਅਸਮਾਨਤਾ ਨੂੰ ਘੱਟ ਕਰਨ ਲਈ ਇਕਹਿਰੀ (ਅਰੋਹੀ ਕਰ ਪ੍ਰਣਾਲੀ ਦੀ ਵਰਤੋਂ ਕੀਤੀ ਜਾਂਦੀ ਹੈ) ਅਜਿਹੇ ਕਰ ਦੇ ਭਾਰ ਨੂੰ ਦੂਜੇ ਵਿਅਕਤੀ ਤੇ ਨਹੀਂ ਸੁੱਟਿਆ ਜਾ ਸਕਦਾ। ਇਸ ਨੂੰ ਖੁਸ਼ਹਾਲੀ ਅਤੇ ਮੰਦੀ ਦੋਹਾਂ ਸਮਿਆਂ ਵਿਚ ਆਰਥਿਕ ਸਥਿਰਤਾ ਕਾਇਮ ਕਰਨ ਲਈ ਸ਼ਕਤੀਸ਼ਾਲੀ ਹਥਿਆਰ ਵਜੋਂ ਇਸਤੇਮਾਲ ਕੀਤਾ ਜਾ ਸਕਦਾ ਹੈ। ਕਿਸੇ ਹੋਰ ਕਰ ਵਾਂਗ ਆਮਦਨ ਕਰ, ਕਰ ਅਦਾ ਕਰਨ ਵਾਲੇ ਦੀ ਸ਼ਕਤੀ ਨੂੰ ਘਟਾਉਂਦਾ ਤਾਂ ਹੈ, ਪਰ ਹੋਰਨਾਂ ਕਰਾਂ ਤੋਂ ਬਿਲਕੁਲ ਉਲਟ ਇਹ ਕਰ ਅਦਾ ਕਰਨ ਵਾਲੇ ਨੂੰ ਕਿਸੇ ਖਾਸ ਪੱਖ ਤੋਂ ਆਪਣਾ ਖ਼ਰਚ ਘਟਾਉਣ ਲਈ ਮਜ਼ਬੂਰ ਨਹੀਂ ਕਰਦਾ।

ਆਮਦਨ ਕਰ ਵਿਚ ਸਭ ਤੋਂ ਵੱਡੀ ਊਣਤਾਈ ਇਹ ਹੈ ਕਿ ਇਹ ਦੂਜੇ ਕਰਾਂ ਦੇ ਮੁਕਾਬਲੇ ਬੱਚਤ ਕਰਨ ਅਤੇ ਨਿਵੇਸ਼ ਕਰਨ ਦੇ ਰੁਝਾਨ ਨੂੰ ਘੱਟ ਕਰਨ ਦਾ ਕਾਰਣ ਬਣਦਾ ਹੈ।

**2. (ਅ) ਖ਼ਰਚਾ ਕਰ** : ਖ਼ਰਚਾ ਕਰ ਦਾ ਭਾਵ ਅਜਿਹਾ ਕਰ ਹੈ, ਜੋ ਕਾਨੂੰਨੀ ਰਿਆਇਤ ਤੋਂ ਵਧੀਕ ਕਿਸੇ ਵਿਅਕਤੀ ਦੇ ਕੁਲ ਖ਼ਰਚੇ ਤੇ ਲਗਾਇਆ ਜਾਂਦਾ ਹੈ।

ਕੁਲ ਘਰੇਲੂ ਉਪਭੋਗ ਖ਼ਰਚ ਤੇ ਆਰੋਹੀ ਕਰ ਜਾਂ ਤਾਂ ਆਮਦਨ ਕਰ ਦਾ ਪੂਰਕ ਹੁੰਦਾ ਹੈ ਜਾਂ ਇਸ ਦਾ ਬਦਲ ਹੁੰਦਾ ਹੈ। ਪੂਰਕ ਪੱਖੋਂ, ਇਹ ਜ਼ਿਆਦਾ ਉਪਭੋਗ ਨੂੰ ਰੋਕਣ ਲਈ ਕੁਝ ਅਮੀਰਾਂ ਤੇ ਲਗਾਇਆ ਜਾਂਦਾ ਹੈ ਜਾਂ ਪ੍ਰਤੱਖ ਤੌਰ ਤੇ ਆਮਦਨ ਕਰ ਤੋਂ ਚੁਰਾਈ ਆਮਦਨ ਖ਼ਾਸ ਤੌਰ ਤੇ ਪੂੰਜੀਗਤ ਪ੍ਰਾਪਤੀਆਂ

ਤਕ ਪਹੁੰਚਣ ਲਈ ਲਗਾਇਆ ਜਾਂਦਾ ਹੈ। ਇਸ ਰੂਪ ਵਿਚ ਖ਼ਰਚ ਕਰ ਨਾ-ਮਾਤਰ ਆਮਦਨ ਹੀ ਮੁਹੱਈਆ ਕਰਦਾ ਹੈ। ਇਸ ਦਾ ਅਨੁਭਵ ਤਕਰੀਬਨ ਤਿੰਨ ਦਹਾਕਿਆਂ ਤੋਂ ਕੇਵਲ ਦੋ ਦੇਸ਼ਾਂ ਭਾਰਤ ਅਤੇ ਸੀਲੋਨ ਵਿਚ ਹੋਇਆ ਹੈ। ਆਮਦਨ ਕਰ ਦੇ ਪ੍ਰਤੀਸਥਾਪਕ ਵਜੋਂ ਖ਼ਰਚਾ ਕਰ ਜਾਂ ਤਾਂ ਸਮੂਹਕ ਖਰਚਾ ਕਰ ਜਾਂ ਇਕ ਸਮਾਨ ਪਰ ਅੰਸ਼ਕ ਖ਼ਰਚਾ ਕਰ ਬਣ ਜਾਂਦਾ ਹੈ।

ਨਿੱਜੀ ਖ਼ਰਚਾ ਕਰ ਨੂੰ ਅਜਿਹੇ ਸੂਚਕ ਚਿੰਨ੍ਹਾਂ ਵਿਚੋਂ ਮੰਨਿਆ ਜਾਂਦਾ ਹੈ ਜੋ ਅਦਾ ਕਰਨ ਦੀ ਯੋਗਤਾ ਦਰਸਾਉਂਦਾ ਹੈ ਅਤੇ ਜੋ ਦੇਣਦਾਰੀ ਨਿਸ਼ਚਿਤ ਕਰਨ ਦਾ ਉਚਿਤ ਆਧਾਰ ਹੈ। ਇਹ ਬੱਚਤਾਂ ਅਤੇ ਨਿਵੇਸ਼ ਵਿਚ ਵਾਧਾ ਕਰਦਾ ਹੈ ਇਸ ਲਈ ਇਸ ਦੀ ਘੱਟ ਵਿਕਸਤ ਦੇਸ਼ਾਂ ਵਿਚ ਵੱਧ ਮਹੱਤਤਾ ਹੈ।

ਕਰ ਅਦਾ ਕਰਨ ਵਾਲੇ ਦੇ ਸਾਲਾਨਾ ਉਪਭੋਗ ਨੂੰ ਹੇਠ ਲਿਖੇ ਢੰਗ ਅਨੁਸਾਰ ਨਿਰਧਾਰਤ ਕਰਨਾ ਜ਼ਿਆਦਾ ਬੇਹਤਰ ਹੋਵੇਗਾ। (ੳ) ਸਾਲ ਦੇ ਸ਼ੁਰੂ ਵਿਚ ਬੈਂਕ ਬੈਲੇਂਸ ਜਮ੍ਹਾਂ (ਅ) ਪ੍ਰਾਪਤੀਆਂ, ਜਮ੍ਹਾਂ (ੲ) ਸ਼ੁੱਧ ਉਧਾਰ, ਮਨਫ਼ੀ ਕਰਜੇ ਦੀ ਪੁਨਰ ਅਦਾਇਗੀ ਜਾਂ ਉਧਾਰ ਦੇਣਾ (ਸ) ਮਨਫੀ, ਸ਼ੁੱਧ ਨਿਵੇਸ਼ (ਹ) ਮਨਫ਼ੀ, ਸਾਲ ਦੇ ਅਖ਼ੀਰ ਤੇ ਬੈਂਕ ਬੈਂਲੈਂਸ ਅਤੇ (ਕ) ਸਾਲ ਦੌਰਾਨ ਉਪਭੋਗ ਖ਼ਰਚਾ।

ਪਰੰਤੂ ਖ਼ਰਚਾ ਕਰ ਕਈ ਕਠਿਨਾਈਆਂ ਪੈਦਾ ਕਰਦਾ ਹੈ, ਇਸ ਲਈ ਇਹ ਜ਼ਰੂਰੀ ਹੋਵੇਗਾ ਕਿ ਸ਼ੁਰੂ ਵਿਚ ਨਕਦ ਬਾਕੀ (Balance) ਨੂੰ ਪੂਰੇ ਤੌਰ ਤੇ ਲਿਖਿਆ ਜਾਵੇ ਨਹੀਂ ਤਾਂ ਕਰ ਤੋਂ ਮੁਕਤ ਉਪਭੋਗ ਨੂੰ ਬਾਅਦ ਵਿਚ ਅਜਿਹੇ ਬੈਂਲੇਂਸ ਕਢਵਾ ਕੇ ਫਾਇਨਾਂਸ ਕੀਤਾ ਜਾ ਸਕਦਾ ਹੈ।

ਖ਼ਰਚਾ ਕਰ ਤੇ ਇਕ ਇਤਰਾਜ ਇਹ ਵੀ ਹੈ ਕਿ ਇਸ ਦਾ ਪ੍ਰਬੰਧ ਕਰਨਾ ਬਹੁਤ ਮੁਸ਼ਕਲ ਹੋਵੇਗਾ। ਇਸ ਦੇ ਨਿਰਧਾਰਨ ਲਈ ਭਾਵੇਂ ਕੋਈ ਢੰਗ ਵੀ ਅਪਨਾਇਆ ਜਾਵੇ ਨਿਰਧਾਰਤ ਕਰਤਾ ਨੂੰ ਬੜੇ ਗੁੰਝਲਦਾਰ ਲੇਖੇ ਜੋਖੇ ਰੱਖਣੇ ਪੈਣਗੇ। ਕਰ ਵਿਚ ਟਾਲ-ਮਟੋਲ ਨੂੰ ਰੋਕਣਾ ਵੀ ਮੁਸ਼ਕਲ ਹੋਵੇਗਾ। ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਿਧਾਂਤਕ ਤੌਰ ਤੇ ਸਮਾਨਤਾ ਅਤੇ ਲਾਭ ਪੱਖੋਂ ਕਰ ਦੇ ਹੱਕ ਵਿਚ ਬਹੁਤ ਕੁਝ ਕਿਹਾ ਜਾ ਸਕਦਾ ਹੈ ਪਰ ਕਰ ਲਾਗੂ ਕਰਨ ਵਿਚ ਵਿਹਾਰਕ ਕਠਿਨਾਈਆਂ ਕਾਫੀ ਆਉਂਦੀਆਂ ਹਨ।

**2. (ੲ) ਪੂੰਜੀ ਅਤੇ ਸੰਪਤੀ ਤੇ ਕਰ** : ਕਰ ਦੇ ਉਦੇਸ਼ ਪੱਖੋਂ ਪੂੰਜੀ ਦਾ ਭਾਵ ਉਹ ਸਭ ਪ੍ਰਕਾਰ ਦਾ ਧਨ ਹੈ ਜੋ ਮੰਡੀ ਵਿਚ ਭੇਜਿਆ ਜਾ ਸਕਦਾ ਹੈ। ਇਸ ਵਿਚ ਅਜਿਹਾ ਸਟਾਕ ਸ਼ਾਮਿਲ ਹੈ ਜੋ (ੳ) ਜਾਇਦਾਦ ਸਮੇਤ ਠੋਸ ਵਸਤੂਆਂ (ਜਿਵੇ ਭੂਮੀ ਤੇ ਬਿਲਡਿੰਗਾਂ) ਅਤੇ ਚਲ ਸੰਪਤੀ ਜਿਵੇਂ ਫਰਨੀਚਰ, ਗਹਿਣੇ ਅਤੇ ਜਵਾਹਰਾਤ ਆਦਿ ਅਤੇ ਧਨ ਰਾਸ਼ੀ। ਪੂੰਜੀ ਕਰ ਬਹੁਤ ਮਹੱਤਵਪੂਰਣ ਹੈ, ਕਿਸੇ ਵਿਅਕਤੀ ਦਾ ਕਰ ਅਦਾ ਕਰਨ ਦੀ ਸਮਰਥਾ ਦੇ ਮਾਪਦੰਡ ਵਜੋਂ ਸੰਪਤੀ ਦੀ ਮਲਕੀਅਤ ਨਾਲੋਂ ਆਮਦਨ ਬੇਹਤਰ ਢੰਗ ਹੈ। ਸੰਪਤੀ ਜਾਂ ਪੂੰਜੀ ਕਰ ਵੱਡੀਆਂ ਸੰਪਤੀਆਂ ਨੂੰ ਘਟਾ ਕੇ ਆਮਦਨ ਦੀ ਸਮਾਨ ਵੰਡ ਕਰਨ ਲਈ ਇਕ ਮਹੱਤਵਪੂਰਨ ਢੰਗ ਬਣ ਸਕਦਾ ਹੈ।

ਪੂੰਜੀ ਕਰ ਵਿਰੁੱਧ ਕਈ ਦਲੀਲਾਂ ਦਿੱਤੀਆਂ ਜਾਂਦੀਆਂ ਹਨ। ਗੁੰਝਲਦਾਰ ਆਰਥਿਕ ਪ੍ਰਣਾਲੀ ਵਿਚ ਅਜਿਹੇ ਕਰਾਂ ਦਾ ਨਿਰਧਾਰਣ ਅਤੇ ਸੰਗ੍ਰਹਿਣ ਕਰਨਾ ਬੜਾ ਮਹਿੰਗਾ ਪੈਂਦਾ ਹੈ। ਮੁਦਰਾ ਸਫ਼ੀਤੀ ਸਮੇਂ ਅਜਿਹੇ ਕਰਾਂ ਨੂੰ ਲਗਾਉਣਾ ਅਨੁੱਚਿਤ ਹੁੰਦਾ ਹੈ। ਇਹ ਬੱਚਤਾਂ ਨੂੰ ਨਿਰ-ਉਤਸ਼ਾਹਿਤ ਕਰਦੇ ਹਨ, ਅਤੇ ਉਦਯੋਗਾਂ ਨੂੰ ਪੂੰਜੀ ਦੀ ਪੂਰਤੀ ਘੱਟ ਕਰਦੇ ਹਨ।

ਮੁੱਖ ਪੂੰਜੀ ਜਾਂ ਸੰਪਤੀ ਕਰ ਹਨ : ਪੂੰਜੀ ਬਦਲੀ ਕਰ, ਪੂੰਜੀ ਲੈਵੀ ਅਤੇ ਧਨ ਕਰ।

(i) **ਪੂੰਜੀ ਬਦਲੀ ਕਰ** (Capital transfer Tax) : ਜਿਵੇਂ ਕਿ ਨਾਂ ਤੋਂ ਹੀ ਸਪਸ਼ਟ ਹੈ ਕਿ ਇਹ ਪੂੰਜੀ ਦਾ ਹੱਥ ਬਦਲੀ ਤੇ ਲਗਾਇਆ ਜਾਣ ਵਾਲਾ ਕਰ ਹੈ। ਵਿਰਾਸਤ ਦੀ ਹੱਥ ਬਦਲੀ ਵੇਲੇ ਇਹ ਕਰ ਮੌਤ ਡਿਊਟੀ (Death Duty) ਦੀ ਕਿਸਮ ਦਾ ਹੁੰਦਾ ਹੈ ਅਤੇ ਜਦੋਂ ਇਹ ਡੋਨਰ (Doner) ਦੇ ਜੀਵਨ ਕਾਲ ਵਿਚ ਤਬਦੀਲ ਕੀਤਾ ਜਾਂਦਾ ਹੈ ਤਾਂ ਇਸ ਨੂੰ ਤੋਹਫਾ ਕਰ (Gift Tax) ਕਿਹਾ ਜਾਂਦਾ ਹੈ। ਪੂੰਜੀ ਬਦਲੀ ਕਰ, ਸੰਪਤੀ ਅਤੇ ਵਿਰਾਸਤ ਦੋਹਾਂ ਸਿਧਾਂਤਾਂ ਦੇ ਆਧਾਰ ਤੇ ਲਗਾਇਆ ਜਾਂਦਾ ਹੈ।

(ii) **ਪੂੰਜੀ ਕਰ** (Capital Levy) : ਕਿਸੇ ਇਕ ਸਮੇਂ ਤੇ ਸੰਪਤੀ ਦੀ ਮਲਕੀਅਤ ਅਨੁਸਾਰ ਪੂੰਜੀ ਲੈਵੀ ਭਾਰੀ ਕਰ ਦੇਣਦਾਰੀ ਨਿਰਧਾਰਤ ਕਰਦੀ ਹੈ। ਕਰ ਦੀ ਅਦਾਇਗੀ ਸਾਧਾਰਣ ਤੌਰ ਤੇ ਇਕ ਜਾਂ ਦੋ ਦਹਾਕਿਆਂ ਤਕ ਫੈਲੀ ਹੁੰਦੀ ਹੈ। ਕਿਸੇ ਵੀ ਸੰਪਤੀ ਦੇ ਮਾਲਕ ਦੀ ਕੁਲ ਦੇਣਦਾਰੀ ਆਮ ਤੌਰ ਤੇ

ਇੰਨੀ ਜ਼ਿਆਦਾ ਹੁੰਦੀ ਹੈ ਕਿ ਉਹ ਪੂਰਾ ਸਾਲ ਆਪਣੇ ਸਾਧਨਾਂ ਦੀ ਖ਼ਰੀਦ ਤੇ ਰੋਕ ਲਗਾ ਕੇ ਵੀ ਉਸ ਨੂੰ ਪੂਰਾ ਨਹੀਂ ਕਰ ਸਕਦਾ। ਸੰਕਟ ਸਮੇਂ ਜਾਂ ਸੰਕਟ ਕਾਲ ਉਪਰੰਤ ਹੀ ਸਰਕਾਰ ਵਲੋਂ ਇਕ ਸਮੇਂ ਅਦਾ ਕਰਨ ਵਾਲੇ ਅਜਿਹੇ ਕਰ ਲਗਾਏ ਜਾਂਦੇ ਹਨ।

ਪੂੰਜੀ ਲੈਵੀ ਦੇ ਹਕ ਵਿਚ ਇਹ ਦਲੀਲ ਦਿਤੀ ਜਾਂਦੀ ਹੈ ਕਿ ਇਸ ਨਾਲ ਸਰਕਾਰੀ ਕਰਜ਼ੇ ਦੀ ਅਦਾਇਗੀ ਕਰਕੇ ਇਸ ਵਿਚ ਭਾਰੀ ਕਮੀ ਆਉਂਦੀ ਹੈ ਅਤੇ ਇਸ ਨਾਲ ਜਨਤਾ ਤੇ ਕਰਾਂ ਦਾ ਭਾਰ ਘਟਦਾ ਹੈ।

(iii) **ਧਨ ਕਰ** (Wealth Tax) : ਇਸ ਤਰ੍ਹਾਂ ਦਾ ਕਰ ਧਨ ਦੀ ਮਲਕੀਅਤ ਉਤੇ ਹੁੰਦਾ ਹੈ ਅਤੇ ਇਹ ਇਸ ਦੀ ਬਦਲੀ ਦੇ ਕਰ ਤੋਂ ਭਿੰਨ ਤਰ੍ਹਾਂ ਦਾ ਹੁੰਦਾ ਹੈ। ਇਹ ਸਾਲਾਨਾ ਕਰ ਦੇ ਰੂਪ ਵਿਚ ਵੀ ਹੋ ਸਕਦਾ ਹੈ, ਅਤੇ ਸਦਾ ਲਈ ਯਕਮੁਸ਼ਤ (Once and for all) ਵੀ ਹੋ ਸਕਦਾ ਹੈ, ਜਿਵੇਂ, ਕਿ ਅਜਿਹਾ ਧਨ ਕਰ 1975 ਵਿਚ ਪੋਲੈਂਡ ਵਿਚ ਲਗਾਇਆ ਗਿਆ ਸੀ। ਧਨ ਕਰ ਦੀ ਕਿਸਮ ਸਰਕਾਰ ਦੀ ਇਸ ਇੱਛਾ ਤੇ ਨਿਰਭਰ ਕਰਦੀ ਹੈ ਕਿ ਕਰ ਦੀ ਦੇਣਦਾਰੀ ਨੂੰ ਕਿਸ ਤਰ੍ਹਾਂ ਪੂਰਾ ਕੀਤਾ ਜਾਵੇ। ਧਨ ਕਰ ਦੋ ਤਰ੍ਹਾਂ ਲਗਾਏ ਜਾ ਸਕਦੇ ਹਨ : ਵਧੀਕ ਧਨ ਕਰ ਅਤੇ ਬਦਲਵਾਂ ਧਨ ਕਰ। ਵਧੀਕ ਧਨ ਕਰ ਉਹ ਹੁੰਦਾ ਹੈ, ਜੋ ਕੇਵਲ ਕੁਝ ਸਥਿਤੀਆਂ ਨੂੰ ਵੇਖ ਕੇ ਹੀ ਪੂਰਾ ਕੀਤਾ ਜਾ ਸਕਦਾ ਹੈ। ਬਦਲਵਾਂ ਧਨ ਕਰ ਅਜਿਹੀ ਪੱਧਰ ਤੇ ਲਗਾਇਆ ਜਾਂਦਾ ਹੈ ਜਿਸ ਵਿਚ ਕਰ ਅਦਾ ਕਰਨ ਵਾਲੇ ਪਾਸ ਦੋ ਰਸਤੇ ਹੁੰਦੇ ਹਨ, ਕਿ ਜਾਂ ਤਾਂ ਉਹ ਕਰ ਪੂੰਜੀ ਵਿਚੋਂ ਅਤੇ ਜਾਂ ਆਪਣੀ ਸਾਲਾਨਾਂ ਆਮਦਨ ਵਿਚੋਂ ਅਦਾ ਕਰੇ।

ਧਨ ਕਰ, ਕਰ ਪ੍ਰਣਾਲੀ ਦਾ ਇਕ ਮਹੱਤਵਪੂਰਣ ਹਿੱਸਾ ਹੈ ਕਿਉਂ ਕਿ ਆਮਦਨ ਕਰ ਵਜੋਂ ਇਸ ਦੇ ਪ੍ਰਭਾਵ ਨੁਕਸਾਨਦੇਹ ਨਹੀਂ ਹੁੰਦੇ ਅਤੇ ਇਹ ਵੰਡ ਦੀ ਅਸਮਾਨਤਾ ਨੂੰ ਘਟਾਉਣ ਲਈ ਪ੍ਰਭਾਵਸ਼ਾਲੀ ਸਾਧਨ ਹੈ।

2. (ਸ) **ਵਸਤੂਆਂ ਅਤੇ ਸੇਵਾਵਾਂ ਤੇ ਕਰ** : ਉਪਭੋਗ ਜਾਂ ਵਸਤਾਂ ਤੇ ਲਗਾਏ ਜਾਣ ਵਾਲੇ ਕਰਾਂ ਨੂੰ ਅਸਿੱਧੇ ਕਰ ਵੀ ਆਖਿਆ ਜਾਂਦਾ ਹੈ। ਵਸਤੂਆਂ ਤੇ ਵੱਖ-ਵੱਖ ਕਰਾਂ ਦੀਆਂ ਮੁੱਖ ਸ੍ਰੇਣੀਆਂ ਹਨ : ਕਸਟਮ ਅਤੇ ਆਬਕਾਰੀ ਕਰ (customs and excise taxes), ਖ਼ਰੀਦ ਜਾਂ ਵਿਕਰੀ ਕਰ (Purchase or sales tax), ਮੁਲ ਜਮ੍ਹਾਂ ਕਰ (Value added taxes), (ਵਸਤੂ ਕਰ ਉਪਭੋਗ ਨੂੰ ਨਿਯੰਤਰਣ ਕਰਨ ਵਾਸਤੇ ਇਕ ਲਾਭਕਾਰੀ ਹਥਿਆਰ ਸਾਬਤ ਹੋ ਸਕਦਾ ਹੈ ਜਿਵੇਂ ਕਿ ਹਾਨੀਕਾਰਕ ਵਸਤਾਂ ਤੇ ਕਰ।

(i) **ਕਸਟਮ ਅਤੇ ਆਬਕਾਰੀ ਕਰ** : ਕਸਟਮ ਟੈਕਸ ਉਹ ਹਨ ਜੋ ਅੰਤਰ ਰਾਸ਼ਟਰੀ ਵਪਾਰ ਕਰਨ ਵਾਲੀਆਂ ਵਸਤਾਂ ਤੇ ਲਗਾਏ ਜਾਂਦੇ ਹਨ। ਇਹ ਦੇਸ਼ ਤੋਂ ਬਾਹਰ ਜਾ ਰਹੀਆਂ ਵਸਤਾਂ ਤੇ ਨਿਰਯਾਤ ਡਿਊਟੀਆਂ ਜਾਂ ਦੇਸ਼ ਵਿਚ ਬਾਹਰੋਂ ਆਉਣ ਵਾਲੀਆਂ ਵਸਤੂਆਂ ਤੇ ਆਯਾਤ ਡਿਊਟੀਆਂ ਦੇ ਰੂਪ ਵਿਚ ਲਗਾਏ ਜਾਂਦੇ ਹਨ। ਕਸਟਮ ਡਿਊਟੀਆਂ ਨੂੰ ਆਮਦਨ ਡਿਊਟੀਆਂ, ਹਿਫਾਜ਼ਤੀ ਡਿਊਟੀਆਂ ਅਤੇ ਤਰਜੀਹੀ ਡਿਊਟੀਆਂ ਵੀ ਆਖਿਆ ਜਾਂਦਾ ਹੈ।

**ਆਮਦਨ ਡਿਊਟੀਆਂ** : ਜੇਕਰ ਮੁੱਖ ਉਦੇਸ਼ ਆਮਦਨ ਵਧਾਉਣਾ ਹੋਵੇ। **ਹਿਫ਼ਾਜਤੀ ਡਿਊਟੀਆਂ :** ਜੇਕਰ ਦੇਸ਼ ਨੂੰ ਵਿਦੇਸ਼ੀ ਮੁਕਾਬਲੇ ਤੋਂ ਬਚਾਉਣ ਲਈ ਆਯਾਤ ਵਸਤਾਂ ਹੋਰ ਮਹਿੰਗੀਆਂ ਕਰ ਦਿੱਤੀਆ ਜਾਣ।

**ਤਰਜੀਹੀ ਡਿਊਟੀਆਂ** : ਜਦੋਂ ਕਿਸੇ ਵਿਸ਼ੇਸ਼ ਦੇਸ਼ ਦੇ ਨਾਲ ਆਪਸੀ ਵਪਾਰ ਵਿਚ ਵਾਧਾ ਕਰਨ ਦਾ ਉਦੇਸ਼ ਹੋਵੇ।

ਆਬਕਾਰੀ ਕਰ ਦੇਸ਼ ਵਿਚ ਪੈਦਾ ਕੀਤੀਆਂ ਵਸਤਾਂ ਉਤੇ ਲਗਾਈਆਂ ਜਾਣ ਵਾਲੀਆਂ ਆਮਦਨ ਡਿਊਟੀਆਂ ਹਨ ਜੋ ਕਿ ਆਯਾਤ ਕੀਤੀਆਂ ਵਸਤਾਂ ਉਤੇ ਕਸਟਮ ਡਿਊਟੀਆਂ ਦੇ ਬਰਾਬਰ ਕਰਨ ਲਈ ਲਗਾਏ ਜਾਂਦੇ ਹਨ।

(ii) **ਖ਼ਰੀਦ ਜਾਂ ਵਿਕਰੀ ਕਰ :** ਵਿਕਰੀ ਕਰ ਸਰਕਾਰ ਦੁਆਰਾ ਵਿਕਰੀ ਕਰਨ ਵਾਲੇ ਤੇ ਲਗਾਇਆ ਅਤੇ ਉਸ ਪਾਸੋਂ ਹੀ ਵਸੂਲ ਕੀਤਾ ਜਾਂਦਾ ਹੈ, ਜਦੋਂ ਕਿ ਖਰੀਦ ਕਰ ਖ਼ਰੀਦਦਾਰ ਤੇ ਲਗਾਇਆ ਜਾਂਦਾ ਹੈ ਅਤੇ ਉਸ ਕੋਲੋਂ ਹੀ ਵਸੂਲ ਕੀਤਾ ਜਾਂਦਾ ਹੈ।

ਆਮ ਵਿਕਰੀ ਕਰ ਸਭ ਵਸਤੂਆਂ ਦੀ (ਕੇਵਲ ਉਨ੍ਹਾਂ ਵਸਤਾਂ ਨੂੰ ਛੱਡ ਕੇ ਜੋ ਸਰਕਾਰ ਵਲੋਂ ਕਰ ਮੁਕਤ ਹੋਣ) ਵਿਕਰੀ ਤੇ ਲਗਾਇਆ ਜਾਂਦਾ ਹੈ। ਆਮ ਵਿਕਰੀ ਕਰ ਦੇ ਕਈ ਰੂਪ ਹੋ ਸਕਦੇ ਹਨ : (ੳ)

ਟਰਨਓਵਰ ਟੈਕਸ (Turn over tax) (ਅ) ਨਿਰਮਾਣ ਕਰਤਾ ਦਾ ਵਿਕਰੀ ਕਰ (Manufacture's sale tax), (ੲ) ਥੋਕ ਵਿਕਰੇਤਾ ਦਾ ਵਿਕਰੀ ਕਰ (Whole salers sales tax), (ਸ) ਪਰਚੂਨ ਵਿਕਰੇਤਾ ਕਰ (Retail sales tax)

(ੳ) **ਟਰਨਓਵਰ ਟੈਕਸ (Turnover Tax)** : ਟਰਨਓਵਰ ਟੈਕਸ ਦੇ ਅਧੀਨ ਇਕ ਵਸਤੂ ਉੱਤੇ ਉਤਨੀ ਵਾਰ ਕਰ ਲਗਾਇਆ ਜਾਂਦਾ ਹੈ, ਜਿੰਨੀ ਵਾਰ ਉਹ ਪੈਦਾਵਾਰ ਅਤੇ ਵੰਡ ਦੇ ਪੜਾਵਾਂ ਵਿੱਚੋਂ ਗੁਜ਼ਰਦੀ ਹੈ। ਸਿੱਟੇ ਵਜੋਂ ਇਸ ਕਰ ਦਾ ਆਧਾਰ ਕੁੱਲ ਰਾਸ਼ਟਰੀ ਪੈਦਾਵਾਰ ਦਾ ਗੁਣਕ ਹੈ ਅਤੇ ਇਸ ਦੀਆਂ ਨੀਵੀਆਂ ਦਰਾਂ ਤੇ ਵੀ ਵੱਧ ਆਮਦਨ ਪ੍ਰਾਪਤ ਕੀਤੀ ਜਾ ਸਕਦੀ ਹੈ।

(ਅ) **ਨਿਰਮਾਤਾ ਦਾ ਵਿਕਰੀ ਕਰ** : ਅਜਿਹਾ ਕਰ ਵਿਕਰੀ ਦੀ ਕੇਵਲ ਇਕੋ ਅਵਸਥਾ ਤੇ ਲਗਾਇਆ ਜਾਂਦਾ ਹੈ। ਇਹ ਨਿਰਮਾਤਾ ਵਲੋਂ ਵਿਕਰੀ ਸਮੇਂ ਲਗਾਇਆ ਜਾਂਦਾ ਹੈ। ਨਿਰਮਾਤਾ ਦਾ ਵਿਕਰੀ ਕਰ ਦੋ ਸਿਧਾਂਤਾਂ ਦੇ ਆਧਾਰ ਤੇ ਲਗਾਇਆ ਜਾਂਦਾ ਹੈ। (1) The Origin Principle and (2) The Destination Principle.

Origin Principle ਦੇ ਆਧਾਰ ਤੇ ਨਿਰਮਾਣ ਦੇ ਪੱਧਰ ਤੇ ਲਗਾਏ ਜਾਣ ਵਾਲੇ ਕਰ ਵਿਚ ਉਨ੍ਹਾਂ ਨਿਰਯਾਤ ਵਸਤਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ ਜਿਨ੍ਹਾਂ ਦਾ ਵਿਦੇਸ਼ਾਂ ਵਿਚ ਉਪਭੋਗ ਕੀਤਾ ਜਾਂਦਾ ਹੈ ਅਤੇ ਉਹਨਾਂ ਵਸਤਾਂ ਨੂੰ ਸ਼ਾਮਿਲ ਨਹੀਂ ਕੀਤਾ ਜਾਂਦਾ ਜੋ ਆਯਾਤ ਕੀਤੀਆਂ ਜਾਂਦੀਆਂ ਹਨ ਅਤੇ ਵਿਦੇਸ਼ਾਂ ਵਿਚ ਤਿਆਰ ਕੀਤੀਆਂ ਜਾਂਦੀਆਂ ਹਨ।

(ੲ) **ਥੋਕ ਵਿਕਰੇਤਾ ਦਾ ਵਿਕਰੀ ਕਰ** : ਥੋਕ ਵਿਕਰੇਤਾ ਦਾ ਵਿਕਰੀ ਕਰ ਨਿਰਮਾਣ ਕਰਤਾ ਦੇ ਵਿਕਰੀ ਕਰ ਦਾ ਸੋਧਿਆ ਹੋਇਆ ਰੂਪ ਹੈ। ਇਕ ਨਿਰਮਾਣ ਕਰਤਾ ਕਿਸੇ ਥੋਕ ਵਿਕਰੇਤਾ ਦੀ ਅਣਗਹਿਲੀ ਕਰ ਸਕਦਾ ਹੈ, ਪਰੰਤੂ ਇਕ ਥੋਕ ਵਿਕਰੇਤਾ ਕਿਸੇ ਨਿਰਮਾਣ ਕਰਤਾ ਦੀ ਅਣਗਹਿਲੀ ਨਹੀਂ ਕਰ ਸਕਦਾ।

(ਸ) **ਪਰਚੂਨ ਵਿਕਰੀ ਕਰ** : ਪਰਚੂਨ ਵਿਕਰੀ ਕਰ ਇੱਕੋ ਪੜਾਅ ਤੇ ਲਗਾਇਆ ਜਾਣ ਵਾਲਾ ਕਰ ਹੈ। ਇਹ ਕਰ ਉਨ੍ਹਾਂ ਵਿਕਰੇਤਾਵਾਂ ਤੇ ਲਗਾਇਆ ਜਾਂਦਾ ਹੈ ਜੋ ਅਸਲ ਉਪਭੋਗੀਆਂ ਨੂੰ ਵਸਤਾਂ ਵੇਚਦੇ ਹਨ।

ਪਰਚੂਨ ਵਿਕਰੀ ਕਰ Destination Principle ਦੀ ਕਸੌਟੀ ਤੇ ਵੀ ਪੂਰਾ ਉਤਰਦਾ ਹੈ। ਸਾਰੀਆਂ ਆਯਾਤ ਵਸਤਾਂ ਉਤੇ ਉਸ ਸਮੇਂ ਕਰ ਲਗਾਇਆ ਜਾਵੇਗਾ ਜਦੋਂ ਇਹ ਘਰੇਲੂ ਵਿਕਰੇਤਾ ਪਾਸੋਂ ਘਰੇਲੂ ਉਪਭੋਗਤਾ ਕੋਲ ਪੁੱਜਦੀਆਂ ਹਨ।

(iii) **ਮੁੱਲ ਵਾਧਾ ਕਰ** : ਮੁੱਲ ਵਾਧਾ ਕਰ ਵਸਤਾਂ ਅਤੇ ਸੇਵਾਵਾਂ ਦੋਹਾਂ ਤੇ ਲਗਾਏ ਜਾਂਦੇ ਹਨ। ਇਹ ਉਪਭੋਗ ਉਤੇ ਪੈਦਾਵਾਰੀ ਕਰ ਹਨ। ਇਹ ਕਈ ਯੂਰਪੀ ਦੇਸ਼ਾਂ ਵਿੱਚ ਲਗਾਏ ਜਾਂਦੇ ਹਨ। ਇਹ ਅਜਿਹਾ ਕਰ ਹੈ ਜੋ ਕਿਸੇ ਫਰਮ ਵੱਲੋਂ ਦੂਜੀਆਂ ਫਰਮਾਂ ਕੋਲੋਂ ਖਰੀਦੀਆਂ ਗਈਆਂ ਵਸਤਾਂ ਅਤੇ ਸੇ ਵਾਵਾਂ ਦੇ ਮੁੱਲ ਵਿੱਚ ਕੀਤੇ ਗਏ ਵਾਧੂ ਮੁੱਲ ਉਤੇ ਲਗਾਇਆ ਜਾਂਦਾ ਹੈ। ਇਹ ਮੁੱਲ ਇਸ ਲਈ ਪਤਾ ਕੀਤਾ ਜਾਂਦਾ ਹੈ, ਕਿਉਂਕਿ ਹਰ ਫਰਮ ਆਪਣੀ ਮਸ਼ੀਨਰੀ, ਹੋਰ ਪੂੰਜੀਗਤ ਸਾਜ਼ੋ ਸਮਾਨ ਅਤੇ ਮਜ਼ਦੂਰਾਂ ਦੀ ਸਹਾਇਤਾ ਨਾਲ ਵਸਤੂ ਵਿਚ ਤਬਦੀਲੀ ਲਿਆਂਉਂਦੀ ਹੈ। ਜਿਸ ਮੁੱਲ ਤੇ ਵਸਤੂ ਨੂੰ ਖਰੀਦਿਆ ਗਿਆ ਸੀ ਉਸ ਨਾਲੋਂ ਵੱਧ ਮੁੱਲ ਤੇ ਉਸ ਵਸਤੂ ਨੂੰ ਵੇਚਿਆ ਜਾਂਦਾ ਹੈ।

ਮੁੱਲ ਵਾਧਾ ਕਰ ਦਾ ਆਧਾਰ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਦੂਜੀਆਂ ਫਰਮਾਂ ਤੋਂ ਖਰੀਦੇ ਸਮਾਨ ਦੀ ਲਾਗਤ ਅਤੇ ਆਪਣੀ ਫਰਮ ਤੋਂ ਵਿਕਰੀ ਆਮਦਨ ਵਿਚਾਲੇ ਕੀ ਫਰਕ ਹੈ। ਨਿਰਮਾਣ, ਥੋਕ ਅਤੇ ਪ੍ਰਚੂਨ ਦੇ ਪੜਾਵਾਂ ਵਿਚੋਂ ਲੰਘਦਿਆਂ ਵਸਤੂ ਤਬਦੀਲੀ ਵੀ ਇਸ ਦਾ ਆਧਾਰ ਹੈ।

## ਮੁੱਲ ਵਾਧਾ ਕਰ ਦੇ ਲਾਭ ਅਤੇ ਹਾਨੀਆਂ

ਮੁੱਲ ਵਾਧਾ ਕਰ ਦਾ ਲਾਭ ਇਹ ਹੈ ਕਿ ਇਸ ਵਿੱਚ ਚੋਰੀ ਦੀ ਘੱਟ ਸੰਭਾਵਨਾ ਹੁੰਦੀ ਹੈ ਕਿਉਂਕਿ ਵਿਕਰੀ, ਖਰੀਦ ਅਤੇ ਕਰ ਅਦਾਇਗੀ ਦਾ ਪੂਰਾ ਰਿਕਾਰਡ ਰੱਖਣਾ ਪੈਂਦਾ ਹੈ। ਇਸ ਲਈ ਰਿਕਾਰਡ ਦੀ ਕਰਾਸ ਚੈਕਿੰਗ ਦੀ ਵੀ ਸੰਭਾਵਨਾ ਹੁੰਦੀ ਹੈ।

ਮੁੱਲ ਵਾਧਾ ਕਰ ਦੇ ਨਾਲ ਦੇਸ਼ ਦੇ ਨਿਰਯਾਤ ਵਿਚ ਵਾਧਾ ਕੀਤਾ ਜਾ ਸਕਦਾ ਹੈ, ਇਹ ਵੀ ਦਾਅਵਾ

ਕੀਤਾ ਜਾਂਦਾ ਹੈ ਕਿ ਇਸ ਨਾਲ ਕੁਸ਼ਲਤਾ ਵਿਚ ਵਾਧਾ ਹੁੰਦਾ ਹੈ ਕਿਉਂਕਿ ਕੋਈ ਵੀ ਫਰਮ, ਭਾਵੇਂ ਉਹ ਨੁਕਸਾਨ ਵਿਚ ਹੀ ਕਿਉਂ ਨਾ ਹੋਵੇ, ਆਪਣੀ ਦੇਣਦਾਰੀ ਤੋਂ ਨਹੀਂ ਭੱਜ ਸਕਦੀ। ਇਸ ਲਈ ਆਪਣੀ ਕਾਰਗੁਜ਼ਾਰੀ ਨੂੰ ਬਿਹਤਰ ਕਰਨ ਅਤੇ ਪੈਦਾਵਾਰ ਦੀ ਲਾਗਤ ਨੂੰ ਘਟਾਉਣ ਦਾ ਯਤਨ ਕਰਦੀ ਹੈ।

ਇਸ ਨਾਲ ਕਰ ਉਤੇ ਕਰ ਲੱਗਣ ਵਾਲੀ ਸਮੱਸਿਆ ਤੋਂ ਬਚਿਆ ਜਾ ਸਕਦਾ ਹੈ। ਭਾਵੇਂ ਮੁੱਲ ਵਾਧਾ ਕਰ ਦੇ ਕੁਝ ਲਾਭ ਹਨ, ਪ੍ਰੰਤੂ ਇਸ ਦੀਆਂ ਕੁਝ ਕਠਿਨਾਈਆਂ ਵੀ ਹਨ। ਘੱਟ ਵਿਕਸਿਤ ਦੇਸ਼ਾਂ ਵਿਚ ਇਸ ਪ੍ਰਣਾਲੀ ਨੂੰ ਅਪਨਾਉਣਾ ਆਸਾਨ ਨਹੀਂ ਹੈ। ਇਹ ਇਕ ਗੁੰਝਲਦਾਰ ਪ੍ਰਣਾਲੀ ਹੈ, ਕਿਉਂਕਿ ਕਰਾਸ ਚੈਕਿੰਗ ਅਤੇ ਹੋਰ ਲੇਖੋ-ਜੋਖੇ ਰੱਖਣ ਲਈ ਇਮਾਨਦਾਰ ਅਤੇ ਕੁਸ਼ਲ ਮਸ਼ੀਨਰੀ ਦੀ ਲੋੜ ਹੈ।

## 3. ਵਿਸ਼ੇਸ਼ ਅਤੇ ਮੁੱਲ-ਪਰਕ ਕਰ

ਨਿਰਧਾਰਣ ਦੇ ਤਰੀਕੇ ਅਨੁਸਾਰ ਵਸਤੂਆਂ ਤੇ ਲਗਾਏ ਜਾਣ ਵਾਲੇ ਕਰਾਂ ਨੂੰ ਦੋ ਸ੍ਰੇਣੀਆਂ ਵਿਚਕਾਰ ਵੰਡਿਆ ਜਾ ਸਕਦਾ ਹੈ। ਵਿਸ਼ੇਸ਼ ਅਤੇ ਮੁੱਲ ਪਰਕ ਕਰ।

**3. (ੳ) ਵਿਸ਼ੇਸ਼ ਕਰ** : ਵਿਸ਼ੇਸ਼ ਕਰ ਵਸਤਾਂ ਦੇ ਵਿਸ਼ੇਸ਼ ਗੁਣਾਂ ਤੇ ਆਧਾਰਿਤ ਹੁੰਦੇ ਹਨ। ਇਹ ਵਿਸ਼ੇਸ਼ ਕਰਕੇ ਕਰ ਵਾਲੀ ਵਸਤੂ ਦੇ ਭਾਰ, ਗਿਣਤੀ ਜਾਂ ਆਕਾਰ ਦੇ ਆਧਾਰ ਤੇ ਨਿਰਧਾਰਤ ਕੀਤਾ ਜਾਂਦਾ ਹੈ, ਜਿਵੇਂ ਕਿ ਕੱਪੜੇ ਉਤੇ ਵਿਸ਼ੇਸ਼ ਆਬਕਾਰੀ ਡਿਊਟੀ ਲੰਬਾਈ ਦੇ ਆਧਾਰ ਤੇ ਲਗਾਈ ਜਾਂਦੀ ਹੈ ਅਤੇ ਚੀਨੀ ਉਤੇ ਭਾਰ ਦੇ ਆਧਾਰ ਤੇ ਲਗਾਈ ਜਾ ਸਕਦੀ ਹੈ। ਵਿਸੇਸ਼ ਕਰਾਂ ਨੂੰ ਲਾਗੂ ਕਰਨਾ ਆਸਾਨ ਹੈ।

3. (ਅ) **ਮੁੱਲ ਪਰਕ ਕਰ** : ਵਸਤਾਂ ਦੇ ਮੁਦਰਾ ਮੁੱਲ ਦੇ ਆਧਾਰ ਤੇ ਜੋ ਕਰ ਲਗਾਏ ਜਾਂਦੇ ਹਨ, ਉਹਨਾਂ ਨੂੰ ਮੁੱਲ-ਪਰਕ ਕਰ ਕਿਹਾ ਜਾਂਦਾ ਹੈ। ਆਯਾਤ ਕਰ ਕਈ ਵਸਤਾਂ ਦੀ ਕੀਮਤ ਦੇ ਆਧਾਰ ਤੇ ਲਗਾਇਆ ਜਾਂਦਾ ਹੈ ਅਤੇ ਉਥੇ ਵਸਤੂ ਦੇ ਆਕਾਰ, ਲੰਬਾਈ ਜਾਂ ਭਾਰ ਦਾ ਖਿਆਲ ਨਹੀਂ ਕੀਤਾ ਜਾਂਦਾ। ਮੁੱਲ-ਪਰਕ ਕਰ ਇਸ ਲਈ ਉਚਿੱਤ ਵੀ ਹੁੰਦੇ ਹਨ ਕਿਉਂਕਿ ਇਨ੍ਹਾਂ ਨਾਲ ਅਦਾ ਕਰਨ ਦੀ ਸਮਰੱਥਾ ਦੇ ਸਿਧਾਂਤ ਦੀ ਪਾਲਣਾ ਹੁੰਦੀ ਹੈ।

ਵਿਸੇਸ਼ ਕਰ ਅਵਰੋਹੀ ਹੁੰਦੇ ਹਨ, ਕਿਉਂਕਿ ਭਿੰਨ-ਭਿੰਨ ਗੁਣਾਂ ਵਾਲੀਆਂ ਵਸਤਾਂ ਤੇ ਇਕ ਵਿਸੇਸ਼ ਕਰ ਲਗਾਉਣ ਨਾਲ ਗਰੀਬਾਂ ਤੇ ਅਮੀਰਾਂ ਨਾਲੋਂ ਵੱਧ ਬੋਝ ਪੈਂਦਾ ਹੈ। ਇਸ ਲਈ ਬਰਾਬਰਤਾ ਦੇ ਨਿਯਮ ਦੇ ਪੱਖੋਂ ਮੁੱਲ ਪਰਕ ਕਰਾਂ ਨੂੰ ਵਿਸੇਸ਼ ਕਰਾਂ ਨਾਲੋਂ ਵੱਧ ਤਰਜੀਹ ਦਿੱਤੀ ਜਾਂਦੀ ਹੈ।

**ਸਵੈ ਅਧਿਐਨ ਪ੍ਰਸ਼ਨ**

1. ਵਿਸ਼ੇਸ਼ ਕਰ ਤੋਂ ਕੀ ਭਾਵ ਹੈ?
2. ਵਿਕਰੀ ਕਰ ਤੋਂ ਕੀ ਭਾਵ ਹੈ?


## 2.3.4 ਅਨੁਪਾਤਕ, ਆਰੋਹੀ ਤੇ ਅਵਰੋਹੀ ਕਰ

ਕਰ ਆਧਾਰ ਭਾਵ ਕਰ ਅਦਾ ਕਰਨ ਵਾਲੇ ਦੀ ਆਮਦਨ ਜਾਂ ਆਰਥਿਕ ਸਮਰੱਥਾ ਅਤੇ ਕਰ ਦਰ ਵਿਚਾਲੇ ਸਬੰਧ ਦੇ ਆਧਾਰ ਤੇ ਕਰ ਅਨੁਪਾਤਕ, ਆਰੋਹੀ ਜਾਂ ਅਵਰੋਹੀ ਹੋ ਸਕਦੇ ਹਨ।

4. (ੳ) **ਅਨੁਪਾਤਕ ਕਰ** (Proportional Tax) : ਅਨੁਪਾਤਕ ਕਰ ਉਹ ਹੈ, ਜਿਸ ਵਿਚ ਕਰ ਆਧਾਰ ਤਾਂ ਬਦਲ ਜਾਂਦਾ ਹੈ, ਪਰ ਕਰ ਦੀ ਦਰ ਉਹੀ ਰਹਿੰਦੀ ਹੈ। ਉਦਾਹਰਣ ਵਜੋਂ ਜੇਕਰ ਆਮਦਨ ਦੁੱਗਣੀ ਹੋ ਜਾਵੇ, ਕਰ ਦਰ ਉਹੀ ਰਹੇ ਤਾਂ ਕਰ ਦੀ ਰਕਮ ਵੀ ਦੁੱਗਣੀ ਹੋ ਜਾਵੇਗੀ। ਅਜਿਹਾ ਨਿਮਨ ਤਾਲਿਕਾ 1 ਅਨੁਸਾਰ ਦਿਖਾਇਆ ਗਿਆ ਹੈ।

| ਕਰ ਆਧਾਰ ਕਰਯੋਗ ਆਮਦਨ (ਰੁ:) | ਆਮਦਨ ਕਰ ਦੀ ਦਰ (%) | ਅਦਾਇਗੀ ਯੋਗ ਕਰ ਦੀ ਰਕਮ | ਕਰ ਅਦਾਇਗੀ ਉਪਰੰਤ ਸ਼ੁੱਧ ਆਮਦਨ |
|---|---|---|---|
| 1000 | 10 | 100 | 900 |
| 2000 | 10 | 200 | 1800 |
| 3000 | 10 | 300 | 2700 |

ਉਪਰੋਕਤ ਤਾਲਿਕਾ ਤੋਂ ਸਪੱਸ਼ਟ ਹੈ ਕਿ ਜਦੋਂ ਵਿਅਕਤੀ ਦੀ ਕੁੱਲ ਕਰਯੋਗ ਆਮਦਨ ਦੁੱਗਣੀ ਹੋ ਜਾਂਦੀ ਹੈ ਤਾਂ ਕਰ ਅਦਾ ਕਰਨ ਉਪਰੰਤ ਨਿਰੋਲ ਆਮਦਨ ਵੀ ਦੁੱਗਣੀ ਹੋ ਜਾਂਦੀ ਹੈ। ਚਿੱਤਰ-1 ਅਨੁਪਾਤਕ ਦਰਾਂ ਬਾਰੇ ਉਸੇ ਸਥਿਤੀ ਨੂੰ ਦਰਸਾਉਂਦਾ ਹੈ।




ਚਿੱਤਰ -1

ਚਿੱਤਰ -1 ਵਿੱਚ ਕਰ ਦੀ ਦਰ, ਕਰ ਦੇ ਆਧਾਰ ਉਤੇ ਅਸਰ ਪਾਏ ਬਿਨਾਂ ਸਥਿਰ ਰਹਿੰਦੀ ਹੈ।


ਅਜਿਹੀ ਕਰ ਵਿਵਸਥਾ ਸਮਾਜਿਕ-ਆਰਥਿਕ ਢਾਂਚੇ ਵਿਚ ਕੋਈ ਵੀ ਪਰਿਵਰਤਨ ਨਹੀਂ ਲਿਆਉਂਦੀ ਅਜਿਹੀ ਕਰ ਪ੍ਰਣਾਲੀ ਆਮਦਨ ਅਤੇ ਧਨ ਵਿਚਲੀ ਅਸਮਾਨਤਾ ਨੂੰ ਵੀ ਘੱਟ ਨਹੀਂ ਕਰਦੀ।

4. (ਅ) **ਆਰੋਹੀ ਕਰ** : (Progressive Tax) : ਕਰ ਆਧਾਰ ਵਧਣ ਤੇ ਕਰ ਦੀ ਦਰ ਵੀ ਵਧਦੀ ਹੈ । ਕਿਸੇ ਕਰ ਨੂੰ ਉਸ ਸਮੇਂ ਆਰੋਹੀ ਕਿਹਾ ਜਾਂਦਾ ਹੈ ਜਦੋਂ ਆਮਦਨ ਦੇ ਵਧਣ ਨਾਲ ਆਮਦਨ ਦੇ ਅਨੁਪਾਤ ਅਨੁਸਾਰ ਕਰ ਦੇਣਦਾਰੀ ਵੀ ਵਧ ਜਾਂਦੀ ਹੈ। ਇਸ ਨੂੰ ਤਾਲਿਕਾ-2 ਰਾਹੀਂ ਦਰਸਾਇਆ ਜਾ ਸਕਦਾ ਹੈ।

**ਤਾਲਿਕਾ -2**

| ਕਰ ਯੋਗ ਆਮਦਨ (ਰੁਪਏ) | ਕਰ ਦੀ ਦਰ (%) | ਅਦਾਇਗੀ ਯੋਗ ਕਰ ਦੀ ਰਕਮ (ਰੁਪਏ) | ਕਰ ਦੀ ਅਦਾਇਗੀ ਉਪਰੰਤ ਨਿਰੋਲ ਆਮਦਨ (ਰੁਪਏ) |
|---|---|---|---|
| 5000 | 10 | 500 | 4500 |
| 15000 | 20 | 3000 | 12000 |
| 25000 | 30 | 7500 | 17500 |

ਤਾਲਿਕਾ -2 ਤੋਂ ਇਹ ਸਪੱਸ਼ਟ ਹੈ ਕਿ ਕਰਯੋਗ ਆਮਦਨ ਵਧਣ ਨਾਲ ਉਸੇ ਅਨੁਸਾਰ ਕਰ ਦੀ ਦਰ ਵੀ ਵੱਧ ਜਾਵੇਗੀ।




ਚਿੱਤਰ -2


ਚਿੱਤਰ –2 ਵਿਚ ੳ ਅ ਰੇਖਾ ਕਰ ਆਰੋਹੀ ਕਰ ਨੂੰ ਦਰਸਾਉਂਦੀ ਹੈ। ਹਰ ਵਿਅਕਤੀਗਤ ਆਮਦਨ ਪਿੱਛੇ ਕਰ ਦੀ ਦਰ ਵੱਖੋ ਵੱਖਰੀ ਹੈ।

ਆਰੋਹੀ ਕਰ ਪ੍ਰਣਾਲੀ ਉਚਿਤ, ਪ੍ਰਗਤੀਸ਼ੀਲ ਅਤੇ ਇਨਸਾਫ ਪੱਖੋਂ ਵੀ ਸਹੀ ਹੈ, ਇਹ ਅਸਮਾਨਤਾ ਨੂੰ ਘਟਾਉਣ ਵਾਲਾ ਵਧੀਆ ਸਾਧਨ ਹੈ। ਅਜਿਹੀ ਕਰ ਪ੍ਰਣਾਲੀ ਲਚਕਸ਼ੀਲ ਵੀ ਹੈ ਕਿਉਂਕਿ ਲੋੜ ਵੇਲੇ ਕਰ ਦੀ ਦਰ ਵਧਾਈ ਜਾ ਸਕਦੀ ਹੈ ਅਤੇ ਸਰਕਾਰ ਵਧੇਰੇ ਫੰਡ ਇੱਕਠਾ ਕਰ ਸਕਦੀ ਹੈ। ਇਸ ਕਰ ਪ੍ਰਣਾਲੀ ਦੀ ਮੁੱਖ ਮੁਸ਼ਕਿਲ ਇਹ ਹੈ ਕਿ ਇਹ ਪੂੰਜੀ ਬਣਤਰ ਨੂੰ ਨੁਕਸਾਨ ਪਹੁੰਚਾਉਂਦੀ ਹੈ।

**4**. (ੲ) **ਅਵਰੋਹੀ ਕਰ** (**Regressive Tax**) : ਜਦੋਂ ਕਰ ਦਾ ਆਕਾਰ ਵਧਣ ਨਾਲ ਕਰ ਦੀ ਦਰ ਘਟ ਜਾਂਦੀ ਹੈ, ਤਾਂ ਅਜਿਹੇ ਕਰਾਂ ਨੂੰ ਅਵਰੋਹੀ ਕਰ ਕਹਿੰਦੇ ਹਨ। ਅਜਿਹੀ ਪ੍ਰਣਾਲੀ ਕਲਿਆਣਕਾਰੀ ਰਾਜ ਦੇ ਉਦੇਸ਼ ਤੋਂ ਉਲਟ ਹੈ ਅਤੇ ਅਜੋਕੇ ਸਮੇਂ ਕੋਈ ਵੀ ਸਰਕਾਰ ਅਜਿਹੀ ਕਰ ਪ੍ਰਣਾਲੀ ਅਪਨਾਉਣਾ ਪਸੰਦ ਨਹੀਂ ਕਰਦੀ। ਇਸ ਕਰ ਪ੍ਰਣਾਲੀ ਨੂੰ ਅੱਗੇ ਦਿੱਤੀ ਸਾਰਣੀ ਅਤੇ ਚਿੱਤਰ ਨੰਬਰ 3 ਰਾਹੀਂ ਦਰਸਾਇਆ ਜਾ ਸਕਦਾ ਹੈ।

**ਸਾਰਣੀ –3**

| ਕਰ ਯੋਗ ਆਮਦਨ (ਰੁਪਏ) | ਕਰ ਦੀ ਦਰ (%) | ਅਦਾਇਗੀ ਯੋਗ ਕਰ ਦੀ ਰਕਮ (ਰੁਪਏ) | ਕਰ ਦੀ ਅਦਾਇਗੀ ਉਪਰੰਤ ਨਿਰੋਲ ਆਮਦਨ (ਰੁਪਏ) |
|---|---|---|---|
| 5000 | 15 | 750 | 4250 |
| 15000 | 10 | 1500 | 13500 |
| 25000 | 7 | 1750 | 23250 |



ਚਿੱਤਰ -3

ਅਵਰੋਹੀ ਕਰ ਪ੍ਰਣਾਲੀ ਇਸ ਤਰ੍ਹਾਂ ਅਨੁਚਿਤ ਹੈ, ਕਿਉਂਕਿ ਇਸ ਦੇ ਨਾਲ ਬੇਇਨਸਾਫੀ ਵਧਦੀ ਹੈ, ਕਰਾਂ ਦਾ ਬੋਝ ਅਮੀਰਾਂ ਨਾਲੋਂ ਗਰੀਬਾਂ ਤੇ ਵਧਦਾ ਜਾਂਦਾ ਹੈ।

**ਸਵੈ ਅਧਿਐਨ ਪ੍ਰਸ਼ਨ**

1 ਆਰੋਹੀ ਕਰ ਤੋਂ ਕੀ ਭਾਵ ਹੈ?

2 ਅਨੁਪਾਤਕ ਕਰ ਤੋਂ ਕੀ ਭਾਵ ਹੈ?

### 2.3.5 ਸਾਰਾਂਸ

ਉਪਰੋਕਤ ਵਿਆਖਿਆ ਤੋਂ ਪ੍ਰਸ਼ਨ ਇਹ ਉਠਦਾ ਹੈ ਕਿ ਅਜੋਕੇ ਲੋਕਤਾਂਤ੍ਰਿਕ ਰਾਜ ਵਿਚ ਖਾਸ ਕਰਕੇ ਅਲਪਵਿਕਸਿਤ ਦੇਸ਼ਾਂ ਵਿਚ ਕਿਹੜੀ ਕਰ ਪ੍ਰਣਾਲੀ ਵਧੇਰੇ ਉਚਿੱਤ ਹੈ। ਪ੍ਰਗਤੀਸ਼ੀਲ ਕਰ ਪ੍ਰਣਾਲੀ ਰਾਹੀਂ ਸਾਧਨਾਂ ਦੀ ਸਹੀ ਵੰਡ ਹੁੰਦੀ ਹੈ ਅਤੇ ਧਨ ਵਿਚਲੀ ਅਸਮਾਨਤਾ ਵੰਡ ਘਟੀ ਹੈ। ਇਸ ਲਈ ਇਹ ਪ੍ਰਣਾਲੀ ਅਨੁਪਾਤਕ ਅਤੇ ਪ੍ਰਗਤੀਹੀਣ ਕਰ ਪ੍ਰਣਾਲੀ ਨਾਲੋਂ ਵਧੀਆ ਮੰਨੀ ਜਾਂਦੀ ਹੈ। ਅਲਪ ਵਿਕਸਤ ਦੇ ਸ਼ਾਂ ਲਈ ਅਨੁਪਾਤਕ ਕਰ ਪ੍ਰਣਾਲੀ ਦੇ ਸਹਿਯੋਗ ਨਾਲ ਪ੍ਰਗਤੀਸ਼ੀਲ ਕਰ ਪ੍ਰਣਾਲੀ, ਜਿਸ ਨਾਲ ਕਰ ਭਾਰ ਦੀ ਵੰਡ ਵਿਚਾਲੇ ਸਮਾਨਤਾ ਆਉਂਦੀ ਹੈ, ਦੀ ਵਰਤੋਂ, ਉਚਿੱਤ ਹੈ।

### 2.3.6 ਛੋਟੇ ਉਤਰਾਂ ਵਾਲੇ ਪ੍ਰਸ਼ਨ

1 ਅਵਰੋਹੀ ਕਰ ਤੋਂ ਕੀ ਭਾਵ ਹੈ?

2 ਮੁੱਲ ਵਾਧਾ ਕਰ ਤੋਂ ਕੀ ਭਾਵ ਹੈ?

3 ਟਰਨਓਵਰ ਟੈਕਸ ਤੋਂ ਕੀ ਭਾਵ ਹੈ?

4 ਪੂੰਜੀ ਕਰ ਤੋਂ ਕੀ ਭਾਵ ਹੈ?

5 ਧਨ ਕਰ ਤੋਂ ਕੀ ਭਾਵ ਹੈ?

### 2.3.7 ਵੱਡੇ ਉਤਰਾਂ ਵਾਲੇ ਪ੍ਰਸ਼ਨ

1 ਕਰਾਂ ਦਾ ਵਰਗੀਕਰਨ ਸੰਖੇਪ ਵਿੱਚ ਕਰੋ।

2 ਕਰਾਂ ਤੋਂ ਕੀ ਭਾਵ ਹੈ? ਸਿੱਧੇ ਅਤੇ ਅਸਿੱਧੇ ਕਰਾਂ ਨੂੰ ਸੰਖੇਪ ਵਿੱਚ ਬਿਆਨ ਕਰੋ।

**2.3.8 ਪੜ੍ਹਨਯੋਗ ਪੁਸਤਕਾਂ**


| | | | |
|---|---|---|---|
| 1. | H. Dalton | : | Principles of Public Finance |
| 2. | Richard A. Musgrave | : | Theory of Public Finance |
| 3. | H.L. Bhatia | : | Public Finance |
| 4. | B.P. Tyagi | : | Public Finance |
| 5. | R.N. Bhargava | : | The Theory and Working of Union Finance in India |

ਪਾਠ ਨੰ: 2.4

ਲੇਖਿਕਾ : ਡਾ. ਹਰਵਿੰਦਰ ਕੌਰ

Last updated on 15 May, 2023

# ਕਰ ਨਿਰਧਾਰਣ ਦੇ ਨਿਯਮ

2.4.1 ਉਦੇਸ਼
2.4.2 ਜਾਣ-ਪਛਾਣ
2.4.3 ਕਰਾਂ ਦਾ ਅਰਥ
2.4.4 ਕਰਾਧਾਨ ਦੇ ਨਿਯਮ
2.4.5 ਇੱਕ ਚੰਗੀ ਕਰ ਪ੍ਰਣਾਲੀ ਦੀਆਂ ਵਿਸ਼ੇਸ਼ਤਾਈਆਂ
2.4.6 ਪਰਸਪਰ ਵਿਰੋਧੀ ਸਿਧਾਂਤ ਅਤੇ ਆਪਸੀ ਸਮਝੌਤੇ ਦੀ ਸਮੱਸਿਆ
2.4.7 ਕਰਾਧਾਨ ਵਿੱਚ ਸਮਾਨਤਾ ਦੀ ਧਾਰਨਾ
2.4.8 ਸਾਰਾਂਸ਼
2.4.9 (ੳ) ਲੰਬੇ ਉੱਤਰਾਂ ਵਾਲੇ ਪ੍ਰਸ਼ਨ
(ਅ) ਛੋਟੇ ਉੱਤਰਾਂ ਵਾਲੇ ਪ੍ਰਸ਼ਨ
2.4.10 ਮਹੱਤਵਪੂਰਨ ਧਾਰਨਾਵਾਂ
2.4.11 ਪ੍ਰਸਤਾਵਿਤ ਪੁਸਤਕਾਂ

## 2.4.1 ਉਦੇਸ਼ :

ਇਸ ਪਾਠ ਵਿੱਚ ਤੁਸੀਂ

- ਕਰਾਂ ਦਾ ਅਰਥ ਅਤੇ ਇਸ ਦੇ ਤੱਤਾਂ ਬਾਰੇ ਜਾਣਕਾਰੀ ਹਾਸਲ ਕਰੋਗੇ।
- ਕਰਾਂ ਦੇ ਨਿਯਮਾਂ ਬਾਰੇ ਜਾਣਕਾਰੀ ਪ੍ਰਾਪਤੀ ਕਰੋਂਗੇ।

## 2.4.2 ਜਾਣ-ਪਛਾਣ

ਪਿਛਲੇ ਪਾਠ ਵਿੱਚ ਤੁਸੀਂ ਪੜ੍ਹ ਆਏ ਹੋ ਕਿ ਸਰਕਾਰ ਵੱਲੋਂ ਵੱਧ ਤੋਂ ਵੱਧ ਲੋਕਾਂ ਨੂੰ ਕਰਾਂ ਦੇ ਦਾਇਰੇ ਵਿੱਚ ਲਿਆਉਣ ਲਈ ਭਿੰਨ ਭਿੰਨ ਤਰ੍ਹਾਂ ਦੇ ਕਰ ਲਗਾਏ ਜਾਂਦੇ ਹਨ। ਵਿਅਕਤੀ ਦੀ ਹਰੇਕ ਆਰਥਿਕ ਕ੍ਰਿਆ ਉੱਤੇ ਕਰ ਲਗਾਏ ਜਾਂਦੇ ਹਨ। ਇਹ ਪ੍ਰਤੱਖ ਅਤੇ ਅਪ੍ਰਤੱਖ ਕਰਾਂ ਦੇ ਰੂਪ ਵਿੱਚ ਹੁੰਦੇ ਹਨ। ਪ੍ਰਤੱਖ ਕਰਾਂ ਦੇ ਅਧੀਨ ਜਿਵੇਂ ਵਿਅਕਤੀ ਜਦੋਂ ਇੱਕ ਨਿਰਧਾਰਤ ਸੀਮਾਂ ਤੋਂ ਵੱਧ ਆਮਦਨ ਕਮਾਉਂਦਾ ਹੈ ਤਾਂ ਉਸ ਨੂੰ ਆਮਦਨ ਕਰ ਦੇਣਾ ਪੈਂਦਾ ਹੈ, ਜੇਕਰ ਉਹ ਆਮਦਨ ਇਕੱਤਰ ਕਰਦਾ ਹੈ ਤਾਂ ਉਸ ਨੂੰ ਪੂੰਜੀ ਕਰ ਦੇਣਾ ਪੈਂਦਾ ਹੈ, ਜੇਕਰ ਉਹ ਆਮਦਨ ਦੀ ਹੱਥ-ਬਦਲੀ ਕਰਦਾ ਹੈ ਤਾਂ ਉਸ ਨੂੰ ਤੋਹਫ਼ਾ ਕਰ ਦੇਣਾ ਪੈਂਦਾ ਹੈ। ਜੇ ਕਰ ਉਹ ਆਪਣੀ ਸੰਪਤੀ ਨੂੰ ਵੇਚਦਾ ਹੈ ਤਾਂ ਉਸਨੂੰ ਪੂੰਜੀ ਲਾਭ ਕਰ ਦੇਣਾ ਪੈਂਦਾ ਹੈ। ਮਰਨ ਉਪਰੰਤ ਵਾਰਸਾਂ ਲਈ ਛੱਡੀ ਸੰਪੱਤੀ ਵਿੱਚੋਂ ਉਹਨਾਂ ਨੂੰ ਸੰਪੱਤੀ ਕਰ ਦੇਣਾ ਪੈਂਦਾ ਹੈ। ਇਸੇ ਤਰ੍ਹਾਂ ਕਈ ਤਰ੍ਹਾਂ ਦੇ ਅਪ੍ਰਤੱਖ ਕਰ ਜਿਵੇਂ ਵਸਤੂਆਂ ਦੇ ਉਤਪਾਦਨ ਉੱਤੇ ਕੇਂਦਰੀ ਆਬਕਾਰੀ ਕਰ ਅਤੇ ਵਸਤਾਂ ਦੀ ਵਿਕਰੀ ਉੱਤੇ ਵਿਕਰੀ ਕਰ/ਮੁੱਲ ਵਾਧਾ ਕਰ ਲਗਾਏ ਜਾਂਦੇ ਹਨ। ਕਹਿਣ ਦਾ ਭਾਵ ਇਹ ਹੈ ਕਿ ਇਸ ਤਰ੍ਹਾਂ ਦੇ ਬਹੁਤ ਸਾਰੇ ਕਰ ਲਗਾਕੇ ਸਰਕਾਰ ਜਿੱਥੇ ਇੱਕ ਪਾਸੇ ਆਪਣੀ ਆਮਦਨ ਇਕੱਤਰ ਕਰਦੀ ਹੈ ਉੱਥੇ ਹੋਰ ਵੀ ਕਈ ਉਦੇਸ਼ - ਜਿਵੇਂ ਆਮਦਨ ਅਤੇ ਧਨ ਦੀ ਵੰਡ ਵਿਚਲੀ ਅਸਮਾਨਤਾ ਦੂਰ ਕਰਨਾ, ਖੇਤਰੀ ਅਸੰਤੁਲਨ ਦੂਰ ਕਰਨਾ ਆਦਿ - ਪ੍ਰਾਪਤ ਕਰਨ ਦਾ ਯਤਨ ਕਰਦੀ ਹੈ। ਸੋ, ਜਿੱਥੇ ਕਰਾਂ ਰਾਹੀਂ ਸਰਕਾਰ ਦੀ ਆਮਦਨ ਵਧਦੀ ਹੈ, ਉੱਥੇ ਕਰਾਂ ਦਾ ਕਰਦਾਤਾ ਦੇ ਉਪਭੋਗ ਉੱਤੇ ਸਿੱਧਾ ਅਸਰ ਪੈਂਦਾ ਹੈ। ਇਸ ਲਈ ਸਰਕਾਰ ਨੂੰ ਇੱਕ ਸ੍ਰੇਸ਼ਟ ਕਰ ਨੀਤੀ ਅਪਨਾਉਣੀ ਚਾਹੀਦੀ ਹੈ। ਇੱਕ ਸ੍ਰੇਸ਼ਟ ਕਰ ਨੀਤੀ ਅਜਿਹੀ ਹੋਣੀ ਚਾਹੀਦੀ ਹੈ ਜਿਸ ਨਾਲ ਬੱਚਤਾਂ ਦੇ ਪੱਧਰ ਅਤੇ ਨਿਵੇਸ਼ਯੋਗ ਸ੍ਰੋਤਾਂ ਵਿੱਚ ਵਾਧਾ ਹੋਵੇ, ਆਮਦਨ ਅਤੇ ਧਨ ਦੀ ਵੰਡ ਵਿੱਚ ਅਸਮਾਨਤਾ ਘਟੇ ਭਾਵ ਅਮੀਰੀ-ਗਰੀਬੀ ਦਾ ਪਾੜਾ ਘਟੇਆਰਥਿਕ ਵਿਕਾਸ ਦੀ ਦਰ ਵਧੇ ਅਤੇ ਜਿਹੜੀ ਮੁਦਰਾ ਸਫ਼ੀਤੀ ਦੇ ਰੁਝਾਨ ਨੂੰ ਰੋਕੇ। ਦੂਜੇ ਪਾਸੇ, ਕਰਦਾਤਾ ਦੇ ਪੱਖ ਤੋਂ ਵੀ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਕਰ ਦਾ

ਭਾਰ ਹਰ ਵਿਅਕਤੀ ਅਤੇ ਹਰ ਵਰਗ ਉੱਤੇ ਇੱਕ ਸਮਾਨ ਪਵੇ ਅਤੇ ਕਰ ਅਦਾਇਗੀ ਸਮਰੱਥਾ ਦੇ ਅਨੁਸਾਰ ਲਗਾਏ ਜਾਣ। ਕਰਦਾਤਾ ਤੋਂ ਕਰ ਅਜਿਹੇ ਸਮੇਂ ਵਸੂਲ ਕਰਨੇ ਚਾਹੀਦੇ ਹਨ ਕਿ ਉਸ ਨੂੰ ਅਦਾਇਗੀ ਸਮੇਂ ਕੋਈ ਔਖ ਮਹਿਸੂਸ ਨਾ ਹੋਵੇ। ਅਰਥਵਿਗਿਆਨੀਆਂ ਵੱਲੋਂ ਕਰ ਲਗਾਉਣ ਸਬੰਧੀ ਕੁਝ ਨਿਯਮ ਅਤੇ ਸਿਧਾਂਤ ਦਿੱਤੇ ਗਏ ਹਨ। ਨਿਯਮਾਂ ਦਾ ਸਬੰਧ ਕਰਾਂ ਦੇ ਆਧਾਰ, ਕਰਾਂ ਦੀਆਂ ਦਰਾਂ, ਕਰ ਲਾਉਣ ਦੇ ਢੰਗਾਂ ਅਤੇ ਇਹਨਾਂ ਨੂੰ ਇਕੱਠਾ ਕਰਨ ਦੇ ਢੰਗਾਂ ਨਾਲ ਹੈ। ਇੱਕ ਗੱਲ ਧਿਆਨ ਰੱਖਣ ਯੋਗ ਹੈ ਕਿ ਨਿਯਮਾਂ ਦਾ ਸਬੰਧ ਵਿਅਕਤੀਗਤ ਕਰਾਂ ਨਾਲ ਹੈ। ਕਰ ਸਿਧਾਂਤਾਂ ਦਾ ਸਬੰਧ ਉਹਨਾਂ ਅਸੂਲਾਂ ਨਾਲ ਹੈ ਜਿਹੜੇ ਕਰ ਭਾਰ ਨੂੰ ਵੰਡਣ ਲਈ ਸੁਝਾਏ ਜਾਂਦੇ ਹਨ।

### 2.4.3 ਕਰ ਦਾ ਅਰਥ :

ਕਰ ਸਰਕਾਰ ਵੱਲੋਂ ਕਿਸੇ ਆਰਥਿਕ ਇਕਾਈ ਲਈ ਨਿਸ਼ਚਿਤ ਕੀਤੀ ਗਈ ਉਹ ਰਕਮ ਹੈ ਜਿਸ ਦਾ ਭੁਗਤਾਨ ਕਰਨਾ ਲਾਜ਼ਮੀ ਹੁੰਦਾ ਹੈ। ਇਸ ਅਦਾਇਗੀ ਤੋਂ ਬਚਿਆ ਨਹੀਂ ਜਾ ਸਕਦਾ। ਇਸ ਅਦਾਇਗੀ ਦੇ ਬਦਲੇ ਵਿੱਚ ਸਰਕਾਰ ਤੋਂ ਕੋਈ ਵਿਸ਼ੇਸ਼ ਸੇਵਾ ਪ੍ਰਾਪਤ ਕਰਨ ਦਾ ਹੱਕ ਨਹੀਂ ਜਤਾਇਆ ਜਾ ਸਕਦਾ। ਇਸ ਦਾ ਭਾਵ ਹੈ ਕਿ ਕਰ ਸਰਕਾਰ ਵੱਲੋਂ ਮੁਹੱਈਆ ਕੀਤੀ ਜਾਣ ਵਾਲੀ ਕੋਈ ਵਿਸ਼ੇਸ਼ ਵਸਤੂ ਜਾਂ ਸੇਵਾਵਾਂ ਲਈ ਅਦਾ ਕੀਤੀ ਜਾਣ ਵਾਲੀ ਕੀਮਤ ਨਹੀਂ ਹੈ। ਪ੍ਰੋਫ਼ੈਸਰ ਸੈਲਿਗਮੈਨ ਨੇ ਕਰ ਨੂੰ ਇਸ ਤਰ੍ਹਾਂ ਪ੍ਰੀਭਾਸ਼ਿਤ ਕੀਤਾ ਹੈ ਕਿ, ''ਇਹ ਸਰਕਾਰ ਵੱਲੋਂ ਸਾਰਿਆਂ ਦੇ ਸਾਂਝੇ ਹਿੱਤਾਂ ਲਈ ਕੀਤੇ ਗਏ ਖਰਚੇ ਦੇ ਭੁਗਤਾਨ ਲਈ ਵਿਅਕਤੀਆਂ ਵੱਲੋਂ ਸਰਕਾਰ ਨੂੰ ਕੀਤੀ ਗਈ ਲਾਜ਼ਮੀ ਅਦਾਇਗੀ ਹੈ।'' ("A compulsory contribution from the person to the government to defray the expenses incurred in the common interest of all, without reference for special benefits conferred." -Prof. Seligman) ਪ੍ਰੋਫ਼ੈਸਰ ਟਾਜ਼ਿੰਗ ਦਾ ਵਿਚਾਰ ਹੈ ਕਿ ''ਸਰਕਾਰ ਨੂੰ ਕੀਤੇ ਗਏ ਬਾਕੀ ਭੁਗਤਾਨਾਂ ਦੇ ਨਾਲੋਂ ਕਰ ਇਸ ਤਰ੍ਹਾਂ ਭਿੰਨ ਹਨ ਕਿ ਕਰ ਅਦਾ ਕਰਨ ਵਾਲਿਆਂ ਅਤੇ ਕਰ ਅਧਿਕਾਰੀਆਂ ਵਿਚਕਾਰ ਕਿਸੇ ਪ੍ਰਤੱਖ ਲੈਣ-ਦੇਣ ਦੀ ਅਣਹੋਂਦ ਹੁੰਦੀ ਹੈ।''( "The essence of tax, as distinguished from other charges by government is the absence of a direct quid-pro-quo between the tax payer and public authority."

- Prof. Tausing)

ਭਾਰਤੀ ਕਰਾਧਾਨ ਖੋਜ ਕਮੇਟੀ (1924-25)ਵੱਲੋਂ ਕਰ ਦੀ ਪ੍ਰੀਭਾਸ਼ਾ ਇਸ ਤਰ੍ਹਾਂ ਕੀਤੀ ਗਈ ਹੈ। ''ਕਰ ਕਿਸੇ ਨਿਸ਼ਚਿਤ ਸਮੁਦਾਇ ਦੇ ਮੈਂਬਰਾਂ ਵੱਲੋਂ ਸ਼ਾਸਨ ਕਰਨ ਵਾਲੀ ਸ਼ਕਤੀ ਨੂੰ ਕੀਤੇ ਗਏ ਜ਼ਰੂਰੀ ਭੁਗਤਾਨ ਹਨ। ਇਸ ਦੇ ਬਦਲੇ ਵਿੱਚ ਕੋਈ ਵਿਸ਼ੇਸ਼ ਸੇਵਾ ਪ੍ਰਾਪਤ ਹੋਣ ਦੀ ਗਰੰਟੀ ਨਹੀਂ ਹੁੰਦੀ।("Taxes are compulsory contribution made by the members of a definite community to the governing body of the same towards the common expenditure without any guarantee of a definite service in return."

-Indian Taxation Enquiry Committee)

ਕਰਾਂ ਦੀ ਪ੍ਰੀਭਾਸ਼ਾ ਦੇ ਵਿੱਚ 'ਜ਼ਰੂਰੀ' ਸ਼ਬਦ ਦਾ ਵਿਸ਼ੇਸ਼ ਅਰਥ ਹੈ। ਕਰ ਦੀ ਮਾਤਰਾ, ਕਰ ਦੀ ਕਿਸਮ ਅਤੇ ਅਦਾਇਗੀ ਦਾ ਸਮਾਂ ਸਰਕਾਰ ਵੱਲੋਂ ਕਾਨੂੰਨਣ ਨਿਰਧਾਰਤ ਕੀਤੇ ਜਾਂਦੇ ਹਨ। ਇਸ ਸਬੰਧੀ ਕਰਦਾਤੇ ਦੀ ਇੱਛਾ ਜਾਂ ਖੁਸ਼ੀ ਦਾ ਧਿਆਨ ਘੱਟ ਹੀ ਰੱਖਿਆ ਜਾਂਦਾ ਹੈ। ਸਰਕਾਰ ਵੱਲੋਂ ਨਿਰਧਾਰਤ ਕੀਤੇ ਕਰ ਦੀ ਅਦਾਇਗੀ ਕਰਨਾ ਵਿਅਕਤੀ ਦੀ ਮਜਬੂਰੀ ਹੈ ਕਿਉਂਕਿ ਨਹੀਂ ਤਾਂ ਉਸ ਨੂੰ ਸਜਾ ਵੀ ਹੋ ਸਕਦੀ ਹੈ।

ਹਰੇਕ ਕਰ ਦੇ ਦੋ ਤੱਤ ਹੁੰਦੇ ਹਨ : ਇੱਕ ਕਰਾਂ ਦਾ ਆਧਾਰ ਅਤੇ ਦੂਜਾ ਕਰਾਂ ਦੀਆਂ ਦਰਾਂ। ਆਧਾਰ ਦਾ ਭਾਵ ਹੈ ਕਿ ਜਿਸ ਚੀਜ਼ ਉੱਤੇ ਕਰ ਲਗਾਇਆ ਹੈ ਅਤੇ ਦਰਾਂ ਦਾ ਭਾਵ ਹੈ ਕਿ ਆਧਾਰ ਉੱਤੇ ਕਰ ਕਿਵੇਂ ਲਗਾਏ ਜਾਂਦੇ ਹਨ। ਰਿਚਰਡ ਮਸਗ੍ਰੇਵ ਅਨੁਸਾਰ ਕੁਝ ਕਰ ਆਧਾਰ ਇਸ ਤਰ੍ਹਾਂ ਦੱਸੇ ਗਏ ਹਨ: ਜਿਵੇਂ, ਆਬਕਾਰੀ ਕਰ ਦਾ ਆਧਾਰ ਵਸਤੂ ਦਾ ਮੁੱਲ ਜਾਂ ਮਾਤਰਾ ; ਵਿੱਕਰੀ ਕਰ ਦਾ ਆਧਾਰ ਕਿਸੇ ਵਪਾਰਕ ਇਕਾਈ ਦੀ ਵਿਕਰੀ; ਕਸਟਮ ਡਿਊਟੀ ਦਾ ਆਧਾਰ ਰਾਸ਼ਟਰੀ ਸੀਮਾਂ ਲੰਘਣ ਵਾਲੀਆਂ ਵਸਤਾਂ; ਪ੍ਰਾਂਤਕ ਵਿਕਰੀ ਕਰ ਦਾ ਆਧਾਰ ਇੱਕ ਰਾਸ਼ਟਰ ਦੇ ਵਿੱਚ ਪ੍ਰਾਂਤ ਦੀ ਸੀਮਾਂ ਲੰਘਣ ਵਾਲੀਆਂ ਵਸਤਾਂ; ਆਮਦਨ ਕਰ ਦਾ ਆਧਾਰ ਇੱਕ ਲੇਖਾ ਸਾਲ ਵਿੱਚ ਵਿਅਕਤੀ ਜਾਂ ਹਿੰਦੂ ਅਣਵੰਡੇ ਪਰਿਵਾਰ ਵੱਲੋਂ ਕਮਾਈ ਆਮਦਨ।

ਉਪਰੋਕਤ ਵਿਆਖਿਆ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਕਰ ਸਰਕਾਰੀ ਸੱਤਾ ਵੱਲੋਂ ਕਿਸੇ ਆਰਥਿਕ ਇਕਾਈ ਉੱਤੇ ਕਿਸੇ ਆਧਾਰ ਅਨੁਸਾਰ ਨਿਰਧਾਰਿਤ ਕੀਤੀ ਗਈ ਅਦਾਇਗੀ ਯੋਗ ਜ਼ਿੰਮੇਵਾਰੀ ਹੈ। ਇਸ ਅਦਾਇਗੀ

*ਤੋਂ ਬਚਿਆ ਨਹੀਂ ਜਾ ਸਕਦਾ। ਕਰ ਅਦਾਇਗੀ ਦੇ ਬਦਲੇ ਕਰਦਾਤਾ ਸਰਕਾਰ ਤੋਂ ਕਿਸੇ ਵਸਤੂ ਜਾਂ ਸੇਵਾ ਦੀ ਪ੍ਰਤੱਖ ਰੂਪ ਵਿੱਚ ਮੰਗ ਨਹੀਂ ਕਰ ਸਕਦਾ। ਇਸ ਤਰ੍ਹਾਂ ਇਕੱਤਰ ਕੀਤੀ ਰਾਸ਼ੀ ਨੂੰ ਸਰਕਾਰ ਸਰਬਜਨਕ ਭਲਾਈ ਲਈ ਖਰਚ ਕਰਦੀ ਹੈ। ਕਰ ਭਾਵੇਂ ਆਮਦਨ, ਸੰਪਤੀ, ਪੂੰਜੀ ਜਾਂ ਵਸਤਾਂ ਉੱਤੇ ਲੱਗਦੇ ਹਨ ਪ੍ਰੰਤੂ ਇਹਨਾਂ ਦੀ ਅਦਾਇਗੀ ਵਿਅਕਤੀਆਂ ਨੂੰ ਆਪਣੀ ਆਮਦਨ ਵਿੱਚੋਂ ਕਰਨੀ ਪੈਂਦੀ ਹੈ।*

*ਉਪਰੋਕਤ ਵਿਆਖਿਆ ਦੇ ਆਧਾਰ 'ਤੇ ਕਰਾਂ ਦੇ ਮੁੱਖ ਤੱਤਾਂ ਬਾਰੇ ਦੱਸਦੇ ਹਾਂ :*

(i). **ਕਰਾਂ ਦਾ ਭੁਗਤਾਨ ਜ਼ਰੂਰੀ ਹੈ** *: ਜਦੋਂ ਕੋਈ ਵਿਅਕਤੀ ਕਰਾਂ ਨਾਲ ਸਬੰਧਿਤ ਸ਼ਰਤਾਂ ਅਧੀਨ ਆ ਜਾਂਦਾ ਹੈ ਤਾਂ ਉਸ ਨੂੰ ਕਰਾਂ ਦਾ ਭੁਗਤਾਨ ਲਾਜ਼ਮੀ ਕਰਨਾ ਪੈਂਦਾ ਹੈ। ਜੇ ਕਰਾਂ ਦੀ ਅਦਾਇਗੀ ਨਾਂ ਕੀਤੀ ਜਾਵੇ ਤਾਂ ਵਿਅਕਤੀ ਨੂੰ ਸਜ਼ਾ ਹੋ ਸਕਦੀ ਹੈ।*

(ii). **ਕੁਰਬਾਨੀ ਦਾ ਤੱਤ** *: ਕਾਨੂੰਨਣ ਮਜਬੂਰੀ ਦੇ ਨਾਲ ਨਾਲ ਕਰ ਅਦਾਇਗੀ ਵਿੱਚ ਕੁਰਬਾਨੀ ਦਾ ਤੱਤ ਹੁੰਦਾ ਹੈ। ਜਿਓਂ ਹੀ ਕੋਈ ਵਿਅਕਤੀ ਕਰ ਦੀ ਅਦਾਇਗੀ ਕਰਦਾ ਹੈ ਤਾਂ ਉਸ ਨੂੰ ਅਦਾ ਕੀਤੀ ਜਾਣ ਵਾਲੀ ਰਾਸ਼ੀ ਕਾਰਣ ਤੁਸ਼ਟੀਹੀਣਤਾ ਨੂੰ ਸਹਿਣ ਕਰਨਾ ਪੈਂਦਾ ਹੈ ਭਾਵ ਆਮਦਨ ਦਾ ਕੁਝ ਭਾਗ ਕੁਰਬਾਨ ਕਰਨਾ ਪੈਂਦਾ ਹੈ।*

(iii). **ਕਰ ਦੀ ਅਦਾਇਗੀ ਸਰਕਾਰ ਨੂੰ ਕੀਤੀ ਜਾਂਦੀ ਹੈ** *: ਕਰਾਂ ਦੀ ਅਦਾਇਗੀ ਸਰਕਾਰ ਨੂੰ ਹੀ ਕੀਤੀ ਜਾਂਦੀ ਹੈ। ਸਰਕਾਰ ਕਿਸੇ ਵੀ ਪੱਧਰ ਦੀ ਹੋ ਸਕਦੀ ਹੈ ਜਿਵੇ ਕੇਂਦਰ ਸਰਕਾਰ, ਰਾਜ ਸਰਕਾਰ ਜਾਂ ਸਥਾਨਕ ਸਰਕਾਰ। ਜੇਕਰ ਅਸੀਂ ਕਿਸੇ ਹੋਰ ਸੰਸਥਾ,ਚੈਰੀਟੇਬਲ ਸੁਸਾਇਟੀ, ਮੰਦਰ ਜਾਂ ਗੁਰਦੁਆਰੇ ਵਿੱਚ ਕੋਈ ਰਾਸ਼ੀ ਸਮਾਜਿਕ ਭਲਾਈ ਲਈ ਅਦਾ ਕਰਦੇ ਹਾਂ ਤਾਂ ਉਹ ਕਰ ਨਹੀਂ ਹੈ।*

(iv). **ਕਰ ਵਿਅਕਤੀਆਂ ਵੱਲੋਂ ਹੀ ਅਦਾ ਕੀਤੇ ਜਾਂਦੇ ਹਨ** *: ਕਰ ਭਾਵੇਂ ਆਮਦਨ, ਸੰਪੱਤੀ ਜਾਂ ਵਸਤਾਂ ਉੱਤੇ ਲੱਗਣ, ਪ੍ਰੰਤੂ ਇਹਨਾਂ ਦੀ ਅਦਾਇਗੀ ਵਿਅਕਤੀਆਂ ਨੇ ਹੀ ਕਰਨੀ ਹੁੰਦੀ ਹੈ।*

(v). **ਕਿਸੇ ਵਿਸ਼ੇਸ਼ ਸੇਵਾ ਬਦਲੇ ਭੁਗਤਾਨ ਨਹੀਂ** *: ਕਰ ਕਿਸੇ ਵਿਸ਼ੇਸ਼ ਸੇਵਾ ਜਾਂ ਜਾਤੀ ਲਾਭ ਲਈ ਭੁਗਤਾਨ ਨਹੀਂ ਅਰਥਾਤ ਇਹ ਜ਼ਰੂਰੀ ਨਹੀਂ ਕਿ ਕਰ ਦੇਣ ਵਾਲੇ ਵਿਅਕਤੀ ਨੂੰ ਇਸ ਦੇ ਬਦਲੇ ਸਰਕਾਰ ਜ਼ਰੂਰ ਕੋਈ ਵਿਸ਼ੇਸ਼ ਸੇਵਾ ਪ੍ਰਦਾਨ ਕਰੇ।*

(vi) **ਸਰਬਜਨਕ ਭਲਾਈ** *: ਕਰਾਂ ਤੋਂ ਇਕੱਠੀ ਕੀਤੀ ਰਕਮ ਸਰਕਾਰ ਸਰਬਜਨਕ ਭਲਾਈ ਦੇ ਕੰਮਾਂ ਲਈ ਖਰਚ ਕਰਦੀ ਹੈ। ਇਹ ਖਰਚਾ ਸਮੁੱਚੇ ਸਮਾਜ ਲਈ ਕੀਤਾ ਜਾਂਦਾ ਹੈ, ਕਿਸੇ ਵਿਸ਼ੇਸ਼ ਵਿਅਕਤੀ ਜਾਂ ਵਰਗ ਲਈ ਨਹੀਂ। ਉਦਾਹਰਣ ਵਜੋਂ, ਸੜਕਾਂ, ਹਸਪਤਾਲਾਂ, ਸਕੂਲਾਂ, ਕਾਲਜਾਂ ਆਦਿ ਉੱਤੇ ਕੀਤਾ ਜਾਣ ਵਾਲਾ ਖ਼ਰਚ। ਹੁਣ ਤੱਕ ਦੀ ਵਿਆਖਿਆ ਪੜ੍ਹਨ ਉਪਰੰਤ ਤੁਸੀਂ ਕਰਾਂ ਦਾ ਅਰਥ ਸਮਝ ਗਏ ਹੋਵੋਂਗੇ। ਸੋ ਹੇਠ ਲਿਖੇ*

*ਪ੍ਰਸ਼ਨਾਂ ਦੇ ਉੱਤਰ ਲਿਖੋ।*

**ਸਵੈ-ਮੁਲਾਂਕਣ ਅਭਿਆਸ** - *1*

*1.* *ਕਰਾਂ ਤੋਂ ਕੀ ਭਾਵ ਹੈ?*

*ਉੱਤਰ* ..........................................................................................................

..........................................................................................................

..........................................................................................................

*2.* *ਕਰਾਂ ਦੇ ਕੋਈ ਤਿੰਨ ਤੱਤ ਲਿਖੋ?*

*ਉੱਤਰ* ..........................................................................................................

..........................................................................................................

..........................................................................................................

### 2.4.4 ਕਰਾਧਾਨ ਦੇ ਨਿਯਮ :

*ਸਰਕਾਰ ਵੱਲੋਂ ਵਿਭਿੰਨ ਉਦੇਸ਼ਾਂ ਦੀ ਪ੍ਰਾਪਤੀ ਲਈ ਆਪਣੇ ਦੇਸ਼ ਦੇ ਨਾਗਰਿਕਾਂ ਉੱਤੇ ਵਿਭਿੰਨ ਕਿਸਮ ਦੇ ਕਰ ਲਗਾਏ ਜਾਂਦੇ ਹਨ।*

*ਵਿਭਿੰਨ ਅਰਥਵਿਗਿਆਨੀਆਂ ਨੇ ਕਰ ਲਗਾਉਣ ਸਬੰਧੀ ਵਿਭਿੰਨ ਨਿਯਮ ਦੱਸੇ ਹਨ। ਐਡਮ ਸਮਿੱਥ ਸਭ ਤੋਂ ਪਹਿਲਾ ਅਰਥਵਿਗਿਆਨੀ ਸੀ ਜਿਸ ਨੇ ਇੱਕ ਠੋਸ ਕਰ ਨੀਤੀ ਬਨਾਉਣ ਲਈ ਕਰਾਂ ਦੇ ਚਾਰ ਨਿਯਮ ਦਿੱਤੇ ਸਨ। ਇਹਨਾਂ ਨਿਯਮਾਂ ਵਿੱਚ ਕਰਾਂ ਦੇ ਕਰਦਾਤਾ, ਸਰਕਾਰ ਅਤੇ ਸਮਾਜ ਦੇ ਪੱਖ ਤੋਂ ਪ੍ਰਭਾਵ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ।*

**ਐਡਮ ਸਮਿੱਥ ਦੇ ਕਰਾਧਾਨ ਸਬੰਧੀ ਨਿਯਮ** *:*

*ਐਡਮ ਸਮਿੱਥ, ਜਿਸ ਨੂੰ ਅਰਥਵਿਗਿਆਨ ਦਾ ਪਿਤਾ ਮੰਨਿਆ ਜਾਂਦਾ ਹੈ, ਨੇ ਕਰਾਧਾਨ ਦੇ ਚਾਰ ਨਿਯਮ ਦਿੱਤੇ ਸਨ ਜੋ ਕਿ ਅੱਜ ਵੀ ਚੰਗੀ ਕਰ ਨੀਤੀ ਲਈ ਨੀਂਹ ਸਮਝੇ ਜਾਂਦੇ ਹਨ। ਇਹ ਨਿਯਮ ਹਨ :*

**ਐਡਮ ਸਮਿੱਥ ਦੇ ਕਰਾਧਾਨ ਦੇ ਨਿਯਮ**

(i) **ਸਮਾਨਤਾ ਦਾ ਨਿਯਮ** (Canon of Equity)

(ii) **ਨਿਸ਼ਚਿਤਤਾ ਦਾ ਨਿਯਮ** (Canon of Certainty)

(iii) **ਸੁਵਿਧਾ ਦਾ ਨਿਯਮ** (Canon of Convenience)

(iv) **ਕਫ਼ਾਇਤ ਦਾ ਨਿਯਮ** (Canon of Economy)

**(i) ਸਮਾਨਤਾ ਦਾ ਨਿਯਮ** *: ਇਸ ਨਿਯਮ ਦੇ ਅਨੁਸਾਰ, ਇੱਕ ਚੰਗਾ ਕਰ ਉਹ ਹੈ ਜੋ ਸਮਾਨਤਾ ਦੇ ਨਿਯਮ ਦੇ ਆਧਾਰ ਉੱਤੇ ਲਗਾਇਆ ਜਾਂਦਾ ਹੈ। ਇਥੇ ਸਮਾਨਤਾ ਦਾ ਭਾਵ ਨਿਆਂ ਤੋਂ ਲਿਆ ਜਾਂਦਾ ਹੈ। ਇਸ ਦਾ ਅਰਥ ਹੈ ਕਿ ਵਿਅਕਤੀਆਂ ਉੱਤੇ ਕਰ ਉਹਨਾਂ ਦੀ ਅਦਾਇਗੀ ਸਮਰੱਥਾ ਦੇ ਆਧਾਰ ਤੇ ਲਗਾਏ ਜਾਣ। ਦੇਸ਼ ਦੇ ਨਾਗਰਿਕਾਂ ਨੂੰ ਆਪਣੇ ਦੇਸ਼ ਦੀ ਸਰਕਾਰ ਦੀ ਸਹਾਇਤਾ ਕਰਨ ਲਈ ਆਪਣੀ ਸਮਰੱਥਾ ਮੁਤਾਬਿਕ ਯੋਗਦਾਨ ਪਾਉਣਾ ਚਾਹੀਦਾ ਹੈ।*"The subject of every state ought to contribute towards the support of the government, as nearly as possible, in proportion to their respective abilities, i.e. in proportion to the revenue which they respectively enjoy under the protection of the state." -Adam Smith) *ਕਰਾਂ ਦਾ ਭਾਰ ਸਮਾਨ ਅਤੇ ਉੱਚਿਤ ਹੋਣਾ ਚਾਹੀਦਾ ਹੈ। ਇੱਥੇ 'ਸਮਾਨਤਾ' ਦਾ ਭਾਵ ਇਹ ਨਹੀਂ ਕਿ ਸਾਰੇ ਇੱਕੋ ਜਿੰਨਾ ਕਰ ਦੇਣ। ਇੱਥੇ ਕੁਰਬਾਨੀ ਸਮਾਨ ਕਰਨ ਉੱਤੇ ਬਲ ਦਿੱਤਾ ਗਿਆ ਹੈ। ਇਸ ਨਿਯਮ ਦਾ ਭਾਵ ਕੁਰਬਾਨੀ ਦੀ ਸਮਾਨਤਾ ਹੈ* (equality of sacrifice) *ਨਾਂ ਕਿ ਕਰਾਂ ਦੀ ਸਮਾਨਤਾ ਜਾਂ ਆਮਦਨ ਉੱਤੇ ਕਰ ਦਰ ਦੀ ਸਮਾਨਤਾ।*

*ਇਸ ਨਿਯਮ ਦੀ ਪਾਲਣਾ ਆਰੋਹੀ ਕਰ ਪ੍ਰਣਾਲੀ ਕਰਦੀ ਹੈ। ਇਸ ਤਰ੍ਹਾਂ, ਅਮੀਰ ਵਿਅਕਤੀਆਂ ਉੱਤੇ ਗਰੀਬ ਵਿਅਕਤੀਆਂ ਦੇ ਮੁਕਾਬਲੇ ਵਧੇਰੇ ਕਰ ਲੱਗਣਗੇ। ਜੇ. ਐਸ. ਮਿੱਲ, ਸੈਲਿਗਮੈਨ ਅਤੇ ਫਿੰਡਲੇ ਸ਼ਿਰਾਜ ਨੇ ਵੀ ਸਮਾਨਤਾ ਦੇ ਨਿਯਮ ਦੀ ਪ੍ਰੋੜ੍ਹਤਾ ਕੀਤੀ ਹੈ।*

**(ii) ਨਿਸ਼ਚਿਤਤਾ ਦਾ ਨਿਯਮ** *: ਇਸ ਦਾ ਭਾਵ ਹੈ ਕਿ ਕਰ ਨਿਸ਼ਚਿਤ ਅਤੇ ਸਪਸ਼ਟ ਹੋਣੇ ਚਾਹੀਦੇ ਹਨ। ਕਰਦਾਤਾ ਨੂੰ ਕਰਾਂ ਸਬੰਧੀ ਹੇਠ ਲਿਖੀਆਂ ਗੱਲਾਂ ਬਾਰੇ ਸਪਸ਼ਟ ਜਾਣਕਾਰੀ ਹੋਣੀ ਚਾਹੀਦੀ ਹੈ ਕਿ :*

*ਕਰਾਂ ਦੀ ਅਦਾਇਗੀ ਦਾ ਸਮਾਂ ਕੀ ਹੈ?*

*ਕਿੰਨੀ ਰਾਸ਼ੀ ਅਦਾ ਕਰਨੀ ਹੈ?*

*ਕਿਸ ਢੰਗ ਨਾਲ ਅਦਾਇਗੀ ਕਰਨੀ ਹੈ?*

*ਅਦਾਇਗੀ ਦਾ ਸਥਾਨ ਕੀ ਹੈ?*

*ਕਿਸ ਪੱਧਰ ਦੀ ਸਰਕਾਰ ਨੂੰ ਅਦਾਇਗੀ ਕਰਨੀ ਹੈ?*

*ਇਹ ਜ਼ਰੂਰੀ ਹੈ ਕਿ ਕਰ ਅਦਾਇਗੀ ਦਾ ਸਮਾਂ, ਢੰਗ ਅਤੇ ਕਰ ਅਦਾਇਗੀ ਯੋਗ ਰਕਮ ਆਦਿ ਗੱਲਾਂ ਬਾਰੇ ਸਪਸ਼ਟਤਾ ਹੋਵੇ। ਐਡਮ ਸਮਿੱਥ ਅਨੁਸਾਰ ਹਰੇਕ ਵਿਅਕਤੀ ਨੂੰ ਕਰਾਂ ਦੀ ਅਦਾਇਗੀ ਬਾਰੇ ਸਪਸ਼ਟ ਪਤਾ ਹੋਣਾ ਚਾਹੀਦਾ ਹੈ। ਕਰਾਂ ਵਿੱਚ ਅਸਮਾਨਤਾ ਐਨੀ ਮਾੜੀ ਨਹੀਂ ਜਿੰਨੀ ਕਿ ਅਨਿਸ਼ਚਿਤਤਾ।* ("The tax which each individual is bound to pay ought to be certain and not arbitrary) *ਇਸ ਦਾ ਭਾਵ ਹੈ ਕਿ ਕਰ ਲਗਾਉਣ ਸਬੰਧੀ ਸਰਕਾਰ ਨੂੰ ਕਿਸੇ ਕਿਸਮ ਦੀ ਮਨਮਾਨੀ ਨਹੀਂ ਹੋਣੀ ਚਾਹੀਦੀ। ਸਰਕਾਰ ਵੱਲੋਂ ਕਰਾਂ ਸਬੰਧੀ ਸਪਸ਼ਟਤਾ ਬਣਾਏ ਜਾਣ ਨਾਲ ਕਰਦਾਤਾ ਵਿੱਚ ਭਰੋਸਾ ਪੈਦਾ ਹੁੰਦਾ ਹੈ। ਜੇ ਕਰਾਂ ਦਾ ਆਧਾਰ ਅਤੇ ਦਰਾਂ ਨਿਸ਼ਚਿਤ ਹੋਣ ਤਾਂ ਕਰਦਾਤਾ ਦਾ ਕਿਸੇ ਕਿਸਮ ਦਾ ਸ਼ੋਸ਼ਣ ਨਹੀਂ ਕੀਤਾ ਜਾ ਸਕਦਾ। ਨਿਸ਼ਚਿਤਤਾ ਦੇ ਨਿਯਮ ਦੀ ਪਾਲਣਾ ਕਰਨਾ ਕਰਦਾਤਾ ਅਤੇ ਸਰਕਾਰ ਦੋਹਾਂ ਦੇ ਹਿੱਤ ਵਿੱਚ ਹੈ। ਇਸੇ ਕਾਰਣ, ਐਡਮ ਸਮਿੱਥ ਨੇ ਨਿਸ਼ਚਿਤਤਾ ਦੇ ਨਿਯਮ ਨੂੰ ਸਮਾਨਤਾ ਦੇ ਨਿਯਮ ਨਾਲੋਂ ਵੀ ਵਧੇਰੇ ਅਹਿਮੀਅਤ ਦਿੱਤੀ ਸੀ।*

**(iii) ਸੁਵਿਧਾ ਦਾ ਨਿਯਮ** : *ਕਰਾਂ ਦਾ ਇਹ ਮਹੱਤਵਪੂਰਣ ਨਿਯਮ ਹੈ। ਇਸ ਅਨੁਸਾਰ ਕਰ ਅਦਾਇਗੀ ਦਾ ਢੰਗ ਅਤੇ ਸਮਾਂ ਜਿੱਥੋਂ ਤੱਕ ਸੰਭਵ ਹੋਵੇ ਕਰਦਾਤਾ ਦੀ ਸੁਵਿਧਾ ਅਨੁਸਾਰ ਤਹਿ ਕਰਨਾ ਚਾਹੀਦਾ ਹੈ। ਇਹ ਨਿਯਮ ਸਿਫ਼ਾਰਸ਼ ਕਰਦਾ ਹੈ ਕਿ ਕਰਦਾਤਾ ਨੂੰ ਕਰ ਅਦਾਇਗੀ ਵਿੱਚ ਕੋਈ ਔਖ ਨਹੀਂ ਹੋਣੀ ਚਾਹੀਦੀ ਅਤੇ ਜੇ ਕਰਦਾਤਾ ਨੂੰ ਕਰ ਅਦਾਇਗੀ ਔਖੀ ਲੱਗਦੀ ਹੋਵੇ ਤਾਂ ਬਹੁਤ ਸਾਰੇ ਬੁਰੇ ਪ੍ਰਭਾਵ ਪੈ ਸਕਦੇ ਹਨ। ਇਸ ਲਈ ਇਹ ਨਿਯਮ ਕਰ ਇਕੱਠਾ ਕਰਨ ਲਈ ਅਪਨਾਏ ਜਾਣ ਵਾਲੇ ਢੰਗ ਨਾਲ ਸਬੰਧਿਤ ਹੈ। ਐਡਮ ਸਮਿੱਥ ਦੇ ਅਨੁਸਾਰ, ''ਹਰੇਕ ਕਰ ਅਜਿਹੇ ਸਮੇਂ ਜਾਂ ਅਜਿਹੇ ਢੰਗ ਨਾਲ ਲਗਾਉਣਾ ਚਾਹੀਦਾ ਹੈ ਕਿ ਕਰਦਾਤਾ ਨੂੰ ਇਸ ਦੀ ਅਦਾਇਗੀ ਕਰਨੀ ਸੌਖੀ ਲੱਗੇ।''*(Every tax ought to be levied at the time, or in the manner, it is most likely to be convenient for the contributor to pay it." - Adam Smith) *ਉਦਾਹਰਣ ਵੱਜੋਂ ਭੂ-ਮਾਲੀਆ ਫ਼ਸਲ ਦੀ ਕਟਾਈ ਸਮੇਂ ਇਕੱਤਰ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ ਜੇ ਫ਼ਸਲ ਚੰਗੀ ਨਾ ਹੋਈ ਹੋਵੇ ਤਾਂ ਕਰ ਨੂੰ ਅਗਾਂਹ ਪਾਉਣ ਜਾਂ ਮਾਫ਼ ਕਰਨ ਸਬੰਧੀ ਨਿਯਮ ਹੋਣੇ ਚਾਹੀਦੇ ਹਨ। ਕਰ ਦੀਆਂ ਕਿਸ਼ਤਾਂ ਕਰ ਦਿੱਤੀਆਂ ਜਾਣ ਤਾਂ ਵੀ ਕਰ ਅਦਾ ਕਰਨਾ ਸੌਖਾ ਹੁੰਦਾ ਹੈ। ਸੁਵਿਧਾ ਦੇ ਨਿਯਮ ਦੀ ਪਾਲਣਾ ਕਰਦੇ ਹੋਏ ਕਈ ਨਗਰਪਾਲਿਕਾਵਾਂ ਸੰਪਤੀ ਕਰ ਦੀ ਅਦਾਇਗੀ ਕਿਸ਼ਤਾਂ ਵਿੱਚ ਕਰਨ ਦੀ ਆਗਿਆ ਦਿੰਦੀਆਂ ਹਨ। ਸ੍ਰੋਤ ਤੋਂ ਹੀ ਆਮਦਨ ਕਰ ਕੱਟਿਆ ਜਾਣਾ ਅਤੇ ਬੈਂਕਾਂ ਰਾਹੀਂ ਕਰਾਂ ਦੀ ਅਦਾਇਗੀ ਕਰਨਾ ਕਰਦਾਤਿਆਂ ਦੀ ਸੁਵਿਧਾ ਲਈ ਹੀ ਬਣਾਏ ਗਏ ਹਨ। ਅਪ੍ਰਤੱਖ ਕਰ ਜੋ ਵਸਤਾਂ ਉੱਤੇ ਲਗਾਏ ਜਾਂਦੇ ਹਨ ਕਰ ਅਦਾਇਗੀ ਵਿੱਚ ਸੌਖ ਦੀ ਇੱਕ ਉਦਾਹਰਣ ਹਨ। ਕਿਉਂਕਿ ਇਹ ਕਰ ਵਸਤੂ ਦੀ ਕੀਮਤ ਵਿੱਚ ਛੁਪੇ ਹੁੰਦੇ ਹਨ, ਇਹਨਾਂ ਦੀ ਅਦਾਇਗੀ ਦਾ ਪਤਾ ਵੀ ਨਹੀਂ ਲੱਗਦਾ। ਨੌਕਰੀ ਪੇਸ਼ਾ ਵਿਅਕਤੀਆਂ ਦੀ ਤਨਖ਼ਾਹ ਵਿੱਚੋਂ ਕਰ ਕੱਟ ਲਿਆ ਜਾਵੇ ਤਾਂ ਇਸ ਤਰ੍ਹਾਂ ਕਰਨ ਨਾਲ ਵੀ ਉਹਨਾਂ ਨੂੰ ਔਖਿਆਈ ਘੱਟ ਹੁੰਦੀ ਹੈ। ਜਿੱਥੇ ਇੱਕ ਪਾਸੇ ਇਹਨਾਂ ਸੁਵਿਧਾਵਾਂ ਨਾਲ ਕਰਦਾਤਾ ਨੂੰ ਸੌਖ ਹੋਈ ਹੈ ਉੱਥੇ ਸਰਕਾਰੀ ਖਜ਼ਾਨੇ ਵਿੱਚ ਵੀ ਤੇਜੀ ਨਾਲ ਪੈਸਾ ਜਾਂਦਾ ਹੈ ਅਤੇ ਕਰ ਚੋਰੀ ਦੀ ਸੰਭਾਵਨਾ ਵੀ ਘਟਦੀ ਹੈ। ਇਹ ਨਿਯਮ ਕਰ ਦਾਤਾ ਅਤੇ ਸਰਕਾਰ ਦੋਵਾਂ ਲਈ ਹੀ ਮਹੱਤਵਪੂਰਣ ਹੈ। ਜਿੱਥੇ ਇੱਕ ਪਾਸੇ ਕਰਦਾਤਾ ਨੂੰ ਕਰ ਅਦਾਇਗੀ ਵਿੱਚ ਸੁਵਿਧਾ ਹੁੰਦੀ ਹੈ, ਉੱਥੇ ਅਧਿਕਾਰੀਆਂ ਨੂੰ ਕਰਾਂ ਦੇ ਆਪਤਨ ਬਾਰੇ ਪਤਾ ਚੱਲਦਾ ਹੈ ਅਤੇ ਉਹਨਾਂ ਨੂੰ ਕਰਾਂ ਦੀਆਂ ਵੱਧ ਪ੍ਰਾਪਤੀਆਂ ਹੁੰਦੀਆਂ ਹਨ। ਇਸ ਨਾਲ ਕਰ ਇਕੱਤਰ ਕਰਨ ਉੱਤੇ ਸਮੇਂ ਅਤੇ ਸਾਧਨਾਂ ਦੀ ਬਰਬਾਦੀ ਘੱਟ ਹੁੰਦੀ ਹੈ।*

**(iv) ਕਫ਼ਾਇਤ ਦਾ ਨਿਯਮ** : *ਹਰੇਕ ਕਰ ਨਾਲ ਜਿੱਥੇ ਕੁਝ ਆਮਦਨ ਹੁੰਦੀ ਹੈ ਉੱਥੇ ਉਸ ਨੂੰ ਇਕੱਤਰ ਕਰਨ ਤੇ ਲਾਗਤ ਵੀ ਆਉਂਦੀ ਹੈ। ਲਾਗਤ ਦੇ ਵਿੱਚ ਅਧਿਕਾਰੀਆਂ ਦੇ ਵੇਤਨ ਅਤੇ ਮੈਟੀਰੀਅਲ ਦਾ ਖ਼ਰਚਾ ਸ਼ਾਮਿਲ ਹੈ। ਇਸ ਲਈ ਕਰ ਪ੍ਰਣਾਲੀ ਵਿੱਚ ਕਫ਼ਾਇਤ ਦਾ ਧਿਆਨ ਰੱਖਣਾ ਜ਼ਰੂਰੀ ਹੈ। ਇਹ ਨਿਯਮ ਮੰਗ ਕਰਦਾ ਹੈ ਕਿ ਕਰ ਅਜਿਹੇ ਅਤੇ ਇਸ ਢੰਗ ਨਾਲ ਲਾਉਣੇ ਚਾਹੀਦੇ ਹਨ ਕਿ ਇਹਨਾਂ ਨੂੰ ਇਕੱਠਾ ਕਰਨ ਉੱਤੇ ਬਹੁਤਾ ਖ਼ਰਚ ਨਾ ਆਵੇ। ਇਸ ਦਾ ਭਾਵ ਹੈ ਕਿ ਕਰ ਇਕੱਠਾ ਕਰ ਉੱਤੇ ਜਿੱਥੋਂ ਤੱਕ ਸੰਭਵ ਹੋਵੇ ਘੱਟ ਤੋਂ ਘੱਟ ਖ਼ਰਚ ਕੀਤਾ ਜਾਵੇ। ਐਡਮ ਸਮਿੱਥ ਦੇ ਸ਼ਬਦਾਂ ਵਿੱਚ*(Every tax ought to be so contrived as both to take out and to keep out of the pockets of the people as little as possible over and above what it brings into the public treasury of the state." *ਐਡਮ ਸਮਿੱਥ ਦਾ ਮਤ ਸੀ ਕਿ ਇਹੋ ਜਿਹੇ ਕਰ ਲਾਉਣ ਦਾ ਕੋਈ ਲਾਭ ਨਹੀਂ ਜਿਸ ਤੋਂ ਆਮਦਨ ਘੱਟ ਅਤੇ ਉਸ ਦੇ ਇਕੱਠਾ ਕਰਨ ਉੱਤੇ ਖਰਚਾ ਵੱਧ ਹੋਵੇ।*

*ਕਰ ਇਕੱਤਰ ਕਰਨ ਦੀ ਲਾਗਤ ਨੂੰ ਜਦੋਂ ਕਰ ਆਮਦਨ ਦੇ ਅਨੁਪਾਤ ਵਜੋਂ ਦਰਸਾਇਆ ਜਾਂਦਾ ਹੈ ਤਾਂ ਇਸ ਨੂੰ ਲਾਗਤ-ਪ੍ਰਾਪਤੀਆਂ ਅਨੁਪਾਤ* (Cost-yield ratio) *ਕਿਹਾ ਜਾਂਦਾ ਹੈ। ਇਹ ਅਨੁਪਾਤ ਕਰ ਪ੍ਰਬੰਧ ਦੀ ਕਾਰਜਕੁਸ਼ਲਤਾ ਦਾ ਖੁਲਾਸਾ ਕਰਦੀ ਹੈ। ਇਸ ਦਾ ਭਾਵ ਹੈ ਕਿ ਜਿੰਨੀ ਘੱਟ ਕਰ ਇਕੱਤਰ ਕਰਨ ਦੀ ਲਾਗਤ ਹੋਵੇਗੀ ਉਨਾਂ ਹੀ ਕਰ ਵਧੇਰੇ ਉਤਪਾਦਕ ਹੋਵੇਗਾ ਅਤੇ ਇਸ ਤੋਂ ਉਲਟ ਸਥਿਤੀ ਵੱਖਰੀ ਹੋਵੇਗੀ। ਵਿਕਾਸਸ਼ੀਲ ਦੇਸ਼ ਜੋ ਕਿ ਕਰ ਪ੍ਰਣਾਲੀ ਅਤੇ ਪ੍ਰਬੰਧ ਸਥਾਪਿਤ ਕਰਨ ਦੀ ਪ੍ਰਕ੍ਰਿਆ ਵਿੱਚ ਹੁੰਦੇ ਹਨ ਉਹਨਾਂ ਵਿੱਚ ਆਮ ਤੌਰ ਤੇ ਪ੍ਰਬੰਧਕੀ ਲਾਗਤਾਂ ਉੱਚੀਆਂ ਹੁੰਦੀਆਂ ਹਨ।*

*ਹੋਬਸਨ, ਵਿਕਸਟੀਡ ਅਤੇ ਵੈਗਨਰ ਵੀ ਕਫ਼ਾਇਤ ਦੇ ਨਿਯਮ ਨੂੰ ਕਰਾਧਾਨ ਦਾ ਵਧੀਆ ਨਿਯਮ ਮੰਨਦੇ ਹਨ। ਐਡਮ ਸਮਿੱਥ ਵੱਲੋਂ ਦਿੱਤੇ ਇਹਨਾਂ ਚਾਰ ਨਿਯਮਾਂ ਦੀ ਅੱਜ ਵੀ ਬਹੁਤ ਮਹੱਤਤਾ ਹੈ। ਇਹਨਾਂ ਚਾਰ ਨਿਯਮਾਂ ਤੋਂ ਇਲਾਵਾ ਆਧੁਨਿਕ ਅਰਥਵਿਗਿਆਨੀਆਂ ਜਿਵੇਂ ਬੈਸਟੇਬਲ ਨੇ ਕੁਝ ਹੋਰ ਨਿਯਮ ਦਿੱਤੇ ਹਨ, ਜੋ ਹੇਠ ਲਿਖੇ ਹਨ:*

**ਕਰਾਧਾਨ ਦੇ ਹੋਰ ਨਿਯਮ** :

***ਉਤਪਾਦਕਤਾ ਦਾ ਨਿਯਮ*** (Canon of productivity):

*ਹਰ ਦੇਸ਼ ਲਈ ਇਹ ਜ਼ਰੂਰੀ ਹੈ ਕਿ ਕਰ ਐਨੇ ਜ਼ਰੂਰ ਹੋਣ ਕਿ ਸਰਕਾਰ ਦਾ ਖ਼ਰਚ ਪੂਰੀ ਤਰ੍ਹਾਂ ਚੱਲ ਜਾਵੇ। ਪ੍ਰੋਫ਼ੈਸਰ ਬੈਸਟੇਬਲ ਦੇ ਅਨੁਸਾਰ, ''ਕਰਾਧਾਨ ਦਾ ਸਿਧਾਂਤ ਉਤਪਾਦਕੀ ਪੱਖ ਤੋਂ ਖ਼ਰਾ ਉਤਰਨਾ ਚਾਹੀਦਾ ਹੈ। ਸਰਕਾਰ ਦੇ ਪ੍ਰਬੰਧਕੀ*

ਕੰਮ ਕਾਰਜਕੁਸ਼ਲਤਾ ਨਾਲ ਨੇਪਰੇ ਚਾੜ੍ਹਨ ਲਈ ਕਰਾਂ ਰਾਹੀਂ ਕਾਫ਼ੀ ਧਨ ਇਕੱਠਾ ਹੋਣਾ ਚਾਹੀਦਾ ਹੈ।'' ਦੂਜੇ ਸ਼ਬਦਾਂ ਵਿੱਚ ਇਸ ਨਿਯਮ ਤੋਂ ਭਾਵ ਹੈ ਕਿ ਵਧੇਰੇ ਸੰਖਿਆ ਵਿੱਚ ਅਣਉਤਪਾਦਕੀ ਕਰ ਲਗਾਉਣ ਦੀ ਥਾਂ ਸਰਕਾਰ ਨੂੰ ਉਤਪਾਦਕੀ ਕਰ ਭਾਵੇਂ ਉਹ ਘੱਟ ਗਿਣਤੀ ਵਿੱਚ ਹੀ ਹੋਣ, ਲਗਾਉਣੇ ਚਾਹੀਦੇ ਹਨ। ਕਿਉਂਕਿ ਅਣਉਤਪਾਦਕੀ ਕਰ ਲੋਕਾਂ ਲਈ ਅਤੇ ਸਰਕਾਰ ਲਈ ਮੁਸ਼ਕਿਲਾਂ ਪੈਦਾ ਕਰਦੇ ਹਨ। ਇਸ ਤਰ੍ਹਾਂ ਕਰਾਂ ਦੇ ਉਤਪਾਦਿਕਤਾ ਦੇ ਨਿਯਮ ਵਿੱਚ ਦੋ ਗੱਲਾਂ ਸ਼ਾਮਿਲ ਹਨ। ਇੱਕ ਤਾਂ ਇਹ ਕਿ ਇਹਨਾਂ ਤੋਂ ਲੋੜੀਂਦੀ ਉੱਚਿਤ ਆਮਦਨ ਹੋਵੇ ਅਤੇ ਦੂਜਾ ਇਹ ਕਿ ਇਹਨਾਂ ਦੇ ਦੇਸ਼ ਦੀ ਉਤਪਾਦਕੀ ਸਮਰੱਥਾ ਉੱਤੇ ਮਾੜੇ ਅਸਰ ਨਾ ਪੈਣ। ਇਸ ਲਈ ਅਜਿਹੇ ਕਰ ਹੀ ਲਗਾਉਣੇ ਚਾਹੀਦੇ ਹਨ ਜਿਹਨਾਂ ਦਾ ਲੋਕਾਂ ਦੀ ਬੱਚਤ, ਨਿਵੇਸ਼ ਅਤੇ ਕੰਮ ਕਰਨ ਦੀ ਇੱਛਾ ਅਤੇ ਯੋਗਤਾ ਉੱਤੇ ਮਾੜਾ ਪ੍ਰਭਾਵ ਨਾ ਪਵੇ। ਕਰਾਂ ਦੇ ਉਤਪਾਦਕਤਾ ਦੇ ਨਿਯਮ ਨੂੰ ਵਿੱਤੀ ਉੱਚਿਤਤਾ ਦਾ ਨਿਯਮ ਵੀ ਕਿਹਾ ਜਾਂਦਾ ਹੈ। ਇਸ ਦਾ ਭਾਵ ਹੈ ਕਿ ਸਰਕਾਰ ਨੂੰ ਕਰ ਨੀਤੀ ਅਜਿਹੀ ਬਣਾਉਣੀ ਚਾਹੀਦੀ ਹੈ ਕਿ ਸਰਕਾਰੀ ਆਮਦਨ ਸਰਕਾਰੀ ਖ਼ਰਚਿਆਂ ਤੋਂ ਘੱਟ ਨਾ ਰਹੇ ਅਤੇ ਸਰਕਾਰ ਨੂੰ ਘਾਟੇ ਦੀ ਵਿੱਤ ਵਿਵਸਥਾ ਦਾ ਸਹਾਰਾ ਨਾ ਲੈਣਾ ਪਵੇ।

**ਨਿਰਪੱਖਤਾ ਦਾ ਨਿਯਮ (Canon of neutrality) :**

ਕਰਾਂ ਦੇ ਨਿਰਪੱਖਤਾ ਦੇ ਨਿਯਮ ਅਨੁਸਾਰ, ਕਰਾਂ ਨੂੰ ਉਪਭੋਗਤਾ ਦੀ ਚੋਣ ਵਿੱਚ ਦਖ਼ਲ ਅੰਦਾਜ਼ੀ ਨਹੀਂ ਕਰਨੀ ਚਾਹੀਦੀ। ਕਿਉਂਕਿ ਜੇ ਅਜਿਹਾ ਹੁੰਦਾ ਹੈ ਤਾਂ ਸਾਧਨਾਂ ਦੀ ਇਸ਼ਟਤਮ ਵੰਡ ਨਹੀਂ ਹੋ ਸਕਦੀ। ਪ੍ਰੰਤੂ, ਅਜਿਹੀ ਵਿੱਤੀ ਪ੍ਰਣਾਲੀ ਤਿਆਰ ਕਰਨੀ ਮੁਸ਼ਕਿਲ ਹੈ ਜਿਸ ਦਾ ਉਪਭੋਗਤਾ ਅਤੇ ਉਤਪਾਦਕਾਂ ਉੱਤੇ ਕੋਈ ਪ੍ਰਭਾਵ ਨਾ ਪਵੇ। ਨਿਰਪੱਖਤਾ ਦਾ ਸਿਧਾਂਤ ਮੰਗ ਕਰਦਾ ਹੈ ਕਿ ਕਰਾਂ ਦਾ ਪ੍ਰਤੀਯੋਗੀ ਮੰਡੀ ਦੀ ਕਾਰਗੁਜ਼ਾਰੀ ਉੱਤੇ ਘੱਟੋ ਘੱਟ ਅਸਰ ਪਵੇ। ਉਦਾਹਰਣ ਵੱਜੋਂ ਸਾਧਾਰਨ ਵਸਤਾਂ ਉੱਤੇ ਵਿਕਰੀ ਕਰ ਦਾ ਕੁਝ ਵਿਸ਼ੇਸ਼ ਵਸਤਾਂ ਉੱਤੇ ਲਗਾਏ ਜਾਣ ਵਾਲੇ ਆਬਕਾਰੀ ਕਰ ਨਾਲੋਂ ਘੱਟ ਵਿਗਾੜ ਪਾਉਣ ਵਾਲਾ ਅਸਰ ਪਵੇਗਾ।

**ਉਭਾਰ ਅਤੇ ਲਚਕ ਦਾ ਨਿਯਮ (Canon of buoyancy and elasticity):**

ਕਰ ਪ੍ਰਣਾਲੀ ਵਿੱਚ ਉਭਾਰ ਅਤੇ ਲਚਕ ਦਾ ਹੋਣਾ ਵੀ ਜ਼ਰੂਰੀ ਹੈ। ਉਭਾਰ ਦਾ ਅਰਥ ਹੈ ਕਿ ਰਾਸ਼ਟਰੀ ਆਮਦਨ ਵਧਣ ਦੇ ਨਾਲ ਕਰ ਆਮਦਨ ਵਧਣ ਦੀ ਨਿਹਿਤ ਪ੍ਰਵ੍ਰਿਤੀ ਹੋਣੀ ਚਾਹੀਦੀ ਹੈ ਭਾਵੇਂ ਕਰ ਦੀਆਂ ਦਰਾਂ ਅਤੇ ਕਰਾਂ ਦਾ ਖੇਤਰ ਨਾਂ ਵੀ ਵਧਾਇਆ ਜਾਵੇ। ਇਸ ਤਰ੍ਹਾਂ ਲਚਕਤਾ ਦੇ ਨਿਯਮ ਅਨੁਸਾਰ ਕਰ ਪ੍ਰਣਾਲੀ ਦਾ ਲਚਕਦਾਰ ਹੋਣ ਤੋਂ ਭਾਵ ਹੈ ਕਿ ਲੋੜ ਪੈਣ ਤੇ ਸਰਕਾਰ ਹੋਰ ਨਵੇਂ ਕਰ ਲਗਾ ਕੇ ਅਤੇ ਪੁਰਾਣੇ ਕਰਾਂ ਦੀਆਂ ਦਰਾਂ ਵਧਾ ਕੇ ਕਰ ਆਮਦਨ ਵਧਾਉਣ ਦੇ ਯੋਗ ਹੋਣੀ ਚਾਹੀਦੀ ਹੈ।

**ਵਿਭਿੰਨਤਾ ਦਾ ਨਿਯਮ (Canon of diversity) :**

ਇਹ ਨਿਯਮ ਵੀ ਬੈਸਟੇਬਲ ਵੱਲੋਂ ਦਿੱਤਾ ਗਿਆ ਹੈ। ਇਸ ਨਿਯਮ ਅਨੁਸਾਰ ਕਰਾਂ ਵਿੱਚ ਵਿਭਿੰਨਤਾ ਹੋਣੀ ਜ਼ਰੂਰੀ ਹੈ ਭਾਵ ਇਹ ਕਿ ਕਈ ਤਰ੍ਹਾਂ ਦੇ ਕਰ ਲਗਾਉਣੇ ਚਾਹੀਦੇ ਹਨ। ਜੇ ਇਕਹਿਰੀ ਕਰ ਪ੍ਰਣਾਲੀ ਅਪਨਾਈ ਜਾਵੇ ਤਾਂ ਹੋ ਸਕਦਾ ਹੈ ਕਿ ਕਿਸੇ ਸਾਲ ਆਰਥਿਕ ਹਾਲਤ ਅਜਿਹੀ ਹੋ ਜਾਵੇ ਕਿ ਇਹਨਾਂ ਤੋਂ ਸਰਕਾਰ ਦੀ ਆਮਦਨ ਘਟ ਜਾਵੇ, ਦੂਜੇ ਪਾਸੇ ਜੇ ਕਈ ਪ੍ਰਕਾਰ ਦੇ ਕਰ ਲਗਾਏ ਜਾਣ ਤਾਂ ਕਰ ਆਮਦਨ ਘਟਣ ਦੇ ਆਸਾਰ ਘੱਟ ਹੁੰਦੇ ਹਨ। ਕਰ ਪ੍ਰਣਾਲੀ ਵਿੱਚ ਕਈ ਤਰ੍ਹਾਂ ਦੇ ਕਰ ਜਿਵੇਂ ਪ੍ਰਤੱਖ ਅਤੇ ਅਪ੍ਰਤੱਖ ਕਰਾਂ ਦਾ ਯੋਗ ਮਿਸ਼ਰਣ ਹੋਣਾ ਚਾਹੀਦਾ ਹੈ ਤਾਂ ਕਿ ਸਾਰੇ ਦੇਸ਼ ਵਾਸੀ ਆਪਣੀ ਸਮਰੱਥਾ ਅਨੁਸਾਰ ਸਰਕਾਰ ਦੁਆਰਾ ਕੀਤੇ ਜਾਂਦੇ ਖ਼ਰਚ ਵਿੱਚ ਆਪਣਾ ਹਿੱਸਾ ਪਾ ਸਕਣ। ਪ੍ਰੰਤੂ, ਕਰ ਬਹੁਤ ਜ਼ਿਆਦਾ ਵੀ ਨਹੀਂ ਲਗਾਉਣੇ ਚਾਹੀਦੇ ਤਾਂ ਕਿ ਉਤਪਾਦਕਤਾ ਅਤੇ ਕਿਫ਼ਾਇਤ ਉੱਤੇ ਮਾੜਾ ਅਸਰ ਨਾ ਪਵੇ।

**ਸਰਲਤਾ ਦਾ ਨਿਯਮ (Canon of simplicity) :**

ਇਸ ਦਾ ਭਾਵ ਹੈ ਕਿ ਕਰਾਂ ਦੀ ਕਿਸਮ, ਮਾਤਰਾ, ਅਦਾਇਗੀ ਦੇ ਸਮੇਂ ਆਦਿ ਬਾਰੇ ਕਰਦਾਤਾ ਨੂੰ ਆਸਾਨੀ ਨਾਲ ਸਮਝ ਆ ਜਾਣੀ ਚਾਹੀਦੀ ਹੈ। ਜੇ ਕਰ-ਪ੍ਰਣਾਲੀ ਗੁੰਝਲਦਾਰ ਹੋਵੇਗੀ ਤਾਂ ਆਮ ਲੋਕਾਂ ਨੂੰ ਇਸ ਬਾਰੇ ਸਮਝ ਨਹੀਂ ਆਵੇਗੀ ਜਿਸ ਕਾਰਣ ਉਹ ਕਾਨੂੰਨੀ ਉਲਝਣਾ ਵਿੱਚ ਪੈ ਜਾਣਗੇ। ਕਰ ਪ੍ਰਣਾਲੀ ਸਰਲ ਹੋਣ ਤੇ ਕਰ ਆਮਦਨ ਵੀ ਆਸਾਨੀ ਨਾਲ ਇਕੱਠੀ ਹੋ ਜਾਂਦੀ ਹੈ। ਇਸ ਤਰ੍ਹਾਂ, ਕਰਾਧਾਨ ਦੇ ਇਸ ਨਿਯਮ ਦੀ ਪਾਲਨਾ ਕਰਨ ਨਾਲ ਕਰ ਪ੍ਰਣਾਲੀ ਦੀ ਕਾਰਗੁਜ਼ਾਰੀ ਵੀ ਸੁਧਰੇਗੀ।

**ਤਾਲਮੇਲ ਦਾ ਨਿਯਮ (Canon of co-ordination) :**

ਲੋਕਤੰਤਰੀ ਦੇਸ਼ਾਂ ਵਿੱਚ ਕਰ ਤਿੰਨ ਪੱਧਰ ਦੀਆਂ ਸਰਕਾਰਾਂ-ਕੇਂਦਰੀ, ਪ੍ਰਾਂਤਕ ਅਤੇ ਸਥਾਨਕ ਸਰਕਾਰਾਂ ਵੱਲੋਂ ਲਗਾਏ ਜਾਂਦੇ ਹਨ। ਇਸ ਲਈ ਇਹ ਜ਼ਰੂਰੀ ਹੈ ਕਿ ਵਿਭਿੰਨ ਕਰ ਲਗਾਉਣ ਸਮੇਂ ਇਹਨਾਂ ਸਰਕਾਰਾਂ ਵਿੱਚ ਆਪਸੀ ਤਾਲਮੇ ਲ ਹੋਵੇ। ਕਰਦਾਤਾ ਦੇ ਹਿੱਤ ਅਤੇ ਸਰਕਾਰਾਂ ਦੇ ਹਿੱਤ ਦਾ ਧਿਆਨ ਤਾਂ ਹੀ ਰੱਖਿਆ ਜਾ ਸਕਦਾ ਹੈ ਜੇ ਇਹ ਤਿੰਨੇ ਪੱਧਰ ਦੀਆਂ

ਸਰਕਾਰਾਂ ਆਪਸੀ ਤਾਲਮੇਲ ਰਾਹੀਂ ਕਰ ਲਗਾਉਣ।

ਇੱਕ ਵਧੀਆ ਕਰ ਨੀਤੀ ਬਣਾਉਣ ਲੱਗਿਆਂ ਸਰਕਾਰੀ ਅਧਿਕਾਰੀਆਂ ਨੂੰ ਉਪਰੋਕਤ ਕਰ ਸਬੰਧੀ ਨਿਯਮਾਂ ਦਾ ਪਾਲਣ ਕਰਨਾ ਚਾਹੀਦਾ ਹੈ ਤਾਂ ਕਿ ਕਰਦਾਤਿਆਂ, ਸਰਕਾਰ ਅਤੇ ਸਮਾਜ ਸਾਰਿਆਂ ਦੇ ਹਿੱਤ ਦਾ ਧਿਆਨ ਰੱਖਿਆ ਜਾ ਸਕੇ। ਆਓ ਇੱਕ ਵਾਰੀ ਦੁਬਾਰਾ ਯਾਦ ਕਰੋ ਕਿ ਕਰਾਧਾਨ ਦੇ ਕਿਹੜੇ-ਕਿਹੜੇ ਨਿਯਮ ਅਰਥਵਿਗਿਆਨੀਆਂ ਵੱਲੋਂ ਸੁਝਾਏ ਗਏ ਹਨ।

**ਸਵੈ-ਮੁਲਾਂਕਣ ਅਭਿਆਸ - 2**

ਪ੍ਰਸ਼ਨ: ਕਰਾਧਾਨ ਦੇ ਕੋਈ ਚਾਰ ਨਿਯਮ ਲਿਖੋ?

ਉੱਤਰ ..............................................................................................................

..............................................................................................................


..............................................................................................................

ਪ੍ਰਸ਼ਨ: ਕਰਾਧਾਨ ਦੇ ਉਭਾਰ ਦੇ ਨਿਯਮ ਅਤੇ ਲਚਕ ਦੇ ਨਿਯਮ ਵਿੱਚ ਭਿੰਨਤਾ ਕਰੋ।

ਉੱਤਰ ..............................................................................................................

..............................................................................................................

..............................................................................................................




### 2.4.5 ਇੱਕ ਚੰਗੀ ਕਰ ਪ੍ਰਣਾਲੀ ਦੀਆਂ ਵਿਸ਼ੇਸ਼ਤਾਈਆਂ :

- ਕਰ ਸ੍ਰੋਤ ਅਤੇ ਗੈਰ ਕਰ ਸ੍ਰੋਤਾਂ ਵਿੱਚੋਂ 'ਕਰ' ਸਰਕਾਰ ਦੀ ਆਮਦਨ ਦਾ ਮੁੱਖ ਸ੍ਰੋਤ ਹਨ। ਕਿਸੇ ਵੀ ਦੇਸ਼ ਨੂੰ ਆਪਣੇ ਖਰਚਿਆਂ ਦੇ ਅਨੁਮਾਨ ਮੁਤਾਬਿਕ ਕਰ-ਅਨੁਪਾਤ ਮਿੱਥ ਲੈਣੀ ਚਾਹੀਦੀ ਹੈ। ਜਿਹਨਾਂ ਦੇਸ਼ਾਂ ਵਿੱਚ ਘਾਟੇ ਦੇ ਬਜਟ ਹੋਣਗੇ ਉਹਨਾਂ ਵਿੱਚ ਕਰ-ਅਨੁਪਾਤ ਵਧਾਉਣਾ ਚਾਹੀਦਾ ਹੈ। ਸਰਕਾਰ ਦੀ ਆਮਦਨ, ਖ਼ਰਚ ਅਤੇ ਰਿਣ ਸਬੰਧੀ ਨਿਰਣੇ ਅੰਤਰ-ਸੰਬੰਧਿਤ ਹਨ। ਕਰ ਪ੍ਰਣਾਲੀ ਉਚਿੱਤ ਆਮਦਨ ਇਕੱਤਰ ਕਰਨ ਦੇ ਸਮਰੱਥ ਹੋਣੀ ਚਾਹੀਦੀ ਹੈ।
- ਕਰ ਪ੍ਰਣਾਲੀ ਵਿੱਚ ਕਰਾਂ ਨਾਲ ਸਬੰਧਿਤ ਵਿਭਿੰਨ ਪਹਿਲੂ ਜਿਵੇਂ ਇਹਨਾਂ ਦੀਆਂ ਕਿਸਮਾਂ, ਦਰਾਂ, ਘੇਰਾ, ਬਣਤਰ, ਮਾਤਰਾ,

ਅਦਾਇਗੀ ਦਾ ਸਮਾਂ, ਅਦਾਇਗੀ ਦਾ ਢੰਗ, ਇੱਕਤਰ ਕਰਨ ਦਾ ਸਮਾਂ ਅਤੇ ਢੰਗ ਆਦਿ ਬਾਰੇ ਧਿਆਨ ਨਾਲ ਨਿਰਣੇ ਕਰਨੇ ਚਾਹੀਦੇ ਹਨ। ਇਹਨਾਂ ਸਾਰਿਆਂ ਦੇ ਕਰਦਾਤਾ ਅਤੇ ਸਮਾਜ ਉੱਤੇ ਪੈਣ ਵਾਲੇ ਅਸਰਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

- ਕਰ ਪ੍ਰਣਾਲੀ ਨੂੰ ਸਮਾਨਤਾ ਦੇ ਪਹਿਲੂ ਉੱਤੇ ਖ਼ਰਾ ਉਤਰਨਾ ਚਾਹੀਦਾ ਹੈ। ਦੋ ਤਰ੍ਹਾਂ ਦੀ ਸਮਾਨਤਾ ਭਾਵ horizontal equity ਅਤੇ vertical equity ਯਕੀਨੀ ਬਣਾਉਣੀ ਚਾਹੀਦੀ ਹੈ। Horizontal equity ਦਾ ਅਰਥ ਹੈ ਇੱਕੋ ਜਿੰਨੀ ਆਮਦਨ ਵਾਲਿਆਂ ਨਾਲ ਕਰ ਨਿਰਧਾਰਨ ਸਮੇ ਇੱਕੋ ਜਿਹਾ ਵਰਤਾਅ। Vertical equity ਆਮਦਨ ਦੀ ਅਸਮਾਨਤਾ ਘਟਾਉਣ ਨਾਲ ਸਬੰਧਿਤ ਹੈ। ਵਿਕਾਸਸ਼ੀਲ ਦੇਸ਼ਾਂ ਦੀ ਕਰ ਪ੍ਰਣਾਲੀ horizontal equity ਨਹੀਂ ਲਿਆਉਂਦੀ। ਕਿਉਕਿ ਸੰਗਠਿਤ ਖੇਤਰ ਦੀ ਆਮਦਨ ਤਾਂ ਕਰ ਦਾਇਰੇ ਵਿੱਚ ਆ ਜਾਂਦੀ ਹੈ ਪ੍ਰੰਤੂ ਗੈਰ-ਸੰਗਠਿਤ ਖੇਤਰ ਦੀ ਆਮਦਨ ਕਰ ਦਾਇਰੇ ਤੋਂ ਬਾਹਰ ਰਹਿ ਜਾਂਦੀ ਹੈ। ਇਸੇ ਤਰ੍ਹਾਂ ਦੀ ਸਥਿਤੀ Vertical equity ਤੇ ਦੇ ਪੱਖ ਤੋਂ ਪਾਈ ਜਾਂਦੀ ਹੈ ਕਿਉਂਕਿ ਅਰੋਹੀ ਕਰ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਨਹੀਂ ਅਪਨਾਇਆ ਜਾਂਦਾ। ਇਸ ਤੋਂ ਇਲਾਵਾ ਵੱਡੇ ਪੱਧਰ ਤੇ ਕਰ ਚੋਰੀ ਵੀ ਇਸ ਦਾ ਇੱਕ ਅਹਿਮ ਦੋਸ਼ ਹੈ। ਇਸ ਲਈ ਚੰਗੀ ਕਰ ਪ੍ਰਣਾਲੀ ਨੂੰ horizontal equity ਅਤੇ Vertical equity ਲਿਆਉਣ ਦੇ ਢੰਗ ਅਪਣਾਉਣੇ ਚਾਹੀਦੇ ਹਨ।
- ਕਰ ਲਗਾਉਣ ਸਮੇਂ ਸਾਰੇ ਨਿਯਮਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਕਰਾਂ ਦੇ ਸਮਾਨਤਾ ਵਾਲੇ ਪ੍ਰਭਾਵ, ਅਦਾਇਗੀ ਵਿੱਚ ਸੌਖ, ਨਿਸ਼ਚਿਤਤਾ, ਕਫ਼ਾਇਤ, ਉਤਪਾਦਕਤਾ, ਉਭਾਰ ਅਤੇ ਲਚਕ, ਤਾਲਮੇਲ ਆਦਿ ਨਿਯਮਾਂ ਅਨੁਸਾਰ ਕਰ ਨਿਰਧਾਰਣ ਕਰਨੇ ਚਾਹੀਦੇ ਹਨ।
- ਕਰ ਪ੍ਰਣਾਲੀ ਸੰਤੁਲਿਤ ਹੋਣੀ ਚਾਹੀਦੀ ਹੈ, ਭਾਵ ਪ੍ਰਤੱਖ ਅਤੇ ਅਪ੍ਰਤੱਖ ਕਰਾਂ ਨੂੰ ਸਹੀ ਅਨੁਪਾਤ ਅਨੁਸਾਰ ਲਗਾਉਣਾ ਚਾਹੀਦਾ ਹੈ। ਮੌਜੂਦਾ ਕਰ ਪ੍ਰਣਾਲੀ ਨੂੰ ਇੱਕ ਦਮ ਬਦਲਿਆ ਨਹੀਂ ਜਾ ਸਕਦਾ। ਕਰ ਪ੍ਰਣਾਲੀ ਵਿੱਚ ਤਬਦੀਲੀਆਂ ਹੌਲੀ ਹੌਲੀ ਪੜਾਅ ਦਰ ਪੜਾਅ ਲਿਆਉਣੀਆਂ ਚਾਹੀਦੀਆਂ ਹਨ।
- ਇੱਕ ਚੰਗੀ ਕਰ ਪ੍ਰਣਾਲੀ ਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਕਰ ਦਾਤਿਆਂ ਦੇ ਵੀ ਕੁਝ ਮੌਲਿਕ ਅਧਿਕਾਰ ਹਨ। ਉਹਨਾਂ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਕਰ-ਕਾਨੂੰਨ ਸੌਖੇ ਹੋਣੇ ਚਾਹੀਦੇ ਹਨ ਅਤੇ ਕਰ ਦੇਣਦਾਰੀ ਨਿਸ਼ਚਿਤ ਹੋਣੀ ਚਾਹੀਦੀ ਹੈ।

**ਪ੍ਰੋਫੈਸਰ ਮਸਗ੍ਰੇਵ** ਨੇ ਇੱਕ ਚੰਗੀ ਕਰ ਪ੍ਰਣਾਲੀ ਦੀਆਂ ਹੇਠ ਲਿਖੇ ਅਨੁਸਾਰ ਵਿਸ਼ੇਸ਼ਤਾਈਆਂ ਦੱਸੀਆਂ ਹਨ :

(ੳ) ਕਰ ਭਾਰ ਦੀ ਵੰਡ ਇੱਕ ਸਮਾਨ ਹੋਣੀ ਚਾਹੀਦੀ ਹੈ। ਹਰੇਕ ਨੂੰ ਆਪਣੇ ਯੋਗ ਹਿੱਸੇ ਭਾਵ ਸਮਰੱਥਾ ਅਨੁਸਾਰ ਕਰ ਦੀ ਅਦਾਇਗੀ ਕਰਨ ਲਈ ਕਿਹਾ ਜਾਣਾ ਚਾਹੀਦਾ ਹੈ।

(ਅ) ਇਸ ਤਰ੍ਹਾਂ ਦੇ ਕਰ ਲਗਾਉਣੇ ਚਾਹੀਦੇ ਹਨ ਕਿ ਵਪਾਰ ਅਤੇ ਉਦਯੋਗ ਦੇ ਆਰਥਿਕ ਨਿਰਣਿਆਂ ਵਿੱਚ ਘੱਟੋ ਘੱਟ ਤਬਦੀਲੀ ਕਰਨੀ ਪਵੇ। ਦੂਜੇ ਸ਼ਬਦਾਂ ਵਿੱਚ, ਲਗਾਏ ਗਏ ਕਰਾਂ ਦਾ ਘੱਟੋ ਘੱਟ ਵਧੀਕ ਭਾਰ ਪੈਣਾ ਚਾਹੀਦਾ ਹੈ।

(ੲ) ਕਰ ਢਾਂਚਾ ਅਜਿਹਾ ਹੋਣਾ ਚਾਹੀਦਾ ਹੈ ਕਿ ਵਿੱਤੀ ਨੀਤੀ ਨੂੰ ਸਥਿਰਤਾ ਅਤੇ ਆਰਥਿਕ ਵਾਧੇ ਦੇ ਉਦੇਸ਼ ਪ੍ਰਾਪਤ ਕਰਨ ਵਿੱਚ ਮਦਦ ਮਿਲ ਸਕੇ।

(ਸ) ਕਰ ਪ੍ਰਣਾਲੀ ਉੱਚਿਤ ਆਮਦਨ ਉਗਰਾਹੁਣ ਦੇ ਯੋਗ ਹੋਣੀ ਚਾਹੀਦੀ ਹੈ।

(ਹ) ਕਰਾਂ ਦਾ ਆਧਾਰ ਨਿਸ਼ਚਿਤ ਅਤੇ ਅਰੋਹੀ ਹੋਣਾ ਚਾਹੀਦਾ ਹੈ।

(ਕ) ਕਰ ਪ੍ਰਣਾਲੀ ਅਜਿਹੀ ਹੋਣੀ ਚਾਹੀਦੀ ਹੈ ਕਿ ਕਰ ਪ੍ਰਬੰਧਕ ਆਪਹੁਦਰੇ ਨਾ ਬਣ ਸਕਣ ਅਤੇ ਕਰਦਾਤਾ ਨੂੰ ਕਰਾਂ ਬਾਰੇ ਸੌਖਿਆ ਸਮਝ ਆ ਜਾਵੇ।

(ਖ) ਪ੍ਰਬੰਧਕੀ ਅਤੇ ਕਰ ਭਰਨ ਨਾਲ ਸਬੰਧਿਤ ਲਾਗਤਾਂ ਘੱਟੋ ਘੱਟ ਹੋਣੀਆਂ ਚਾਹੀਦੀਆਂ ਹਨ।

**ਕੈਲਡਰ ਦਾ** ਵਿਚਾਰ ਹੈ ਕਿ ਕਿਸੇ ਚੰਗੀ ਕਰ ਪ੍ਰਣਾਲੀ ਵਿੱਚ ਵਿਸ਼ੇਸ਼ ਕਰਕੇ ਤਿੰਨ ਗੱਲਾਂ ਵੱਲ ਧਿਆਨ ਦਿੱਤੇ ਜਾਣਾ ਜ਼ਰੂਰੀ ਹੈ :

(i) **ਆਰਥਿਕ ਨਿਆਂ,** (ii) **ਆਰਥਿਕ ਪ੍ਰਭਾਵ ਅਤੇ** (iii) **ਪ੍ਰਬੰਧਕੀ ਯੋਗਤਾ**

(i) ਨਿਆਂ ਦੀ ਦ੍ਰਿਸ਼ਟੀ ਤੋਂ ਕਰ ਪ੍ਰਣਾਲੀ ਅਜਿਹੀ ਨਹੀਂ ਹੋਣੀ ਚਾਹੀਦੀ ਕਿ ਉਹ ਕਰਦਾਤਿਆਂ ਦੇ ਕਿਸੇ ਖਾਸ ਵਰਗ ਦੇ

ਹਿੱਤਾਂ ਦੇ ਅਨੁਕੂਲ ਹੋਵੇ ਅਤੇ ਦੂਜਿਆਂ ਦੇ ਪ੍ਰਤੀਕੂਲ ਹੋਵੇ।

(ii) ਆਰਥਿਕ ਪ੍ਰਭਾਵ ਦੇ ਪਹਿਲੂ ਤੋਂ ਕਰ ਪ੍ਰਣਾਲੀ ਨੂੰ ਦੇਸ਼ ਦੀ ਉਤਪਾਦਕ ਸਮਰੱਥਾ, ਬੱਚਤ, ਨਿਵੇਸ਼ ਅਤੇ ਉੱਦਮ ਕਰਨ ਦੀ ਇੱਛਾ ਅਤੇ ਯੋਗਤਾ ਉੱਪਰ ਕੋਈ ਮਾੜਾ ਪ੍ਰਭਾਵ ਨਹੀਂ ਪੈਣਾ ਚਾਹੀਦਾ।

(iii) ਕਰ ਪ੍ਰਬੰਧ ਵੀ ਸੁਯੋਗ ਹੋਣਾ ਚਾਹੀਦਾ ਹੈ। ਕਰ ਪ੍ਰਣਾਲੀ ਸਰਲ ਹੋਣ ਨਾਲ ਭ੍ਰਿਸ਼ਟਾਚਾਰ ਤੋਂ ਬਚਾਅ ਹੁੰਦਾ ਹੈ ਅਤੇ ਇਸ ਨਾਲ ਕਰ ਚੋਰੀ ਤੇ ਵੀ ਰੋਕ ਲੱਗਦੀ ਹੈ।

ਸ੍ਰੀਮਤੀ ਹਿਕਸ ਨੇ ਇੱਕ ਚੰਗੀ ਕਰ ਪ੍ਰਣਾਲੀ ਦੇ ਤਿੰਨ ਗੁਣ ਦੱਸੇ ਹਨ :

(ੳ) ਕਰਾਂ ਰਾਹੀਂ ਸਰਬਜਨਕ ਸੇਵਾਵਾਂ ਉੱਤੇ ਆਉਣ ਵਾਲੇ ਖ਼ਰਚ ਲਈ ਪੈਸਿਆਂ ਦਾ ਪ੍ਰਬੰਧ ਹੋ ਜਾਣਾ ਚਾਹੀਦਾ ਹੈ।

(ਅ) ਆਮ ਲੋਕਾਂ ਤੋਂ ਕਰ ਉਹਨਾਂ ਦੀ ਭੁਗਤਾਨ ਸਮਰੱਥਾ ਅਨੁਸਾਰ ਲਏ ਜਾਣੇ ਚਾਹੀਦੇ ਹਨ।

(ੲ) ਕਰ ਸਰਵ-ਵਿਆਪੀ ਰੂਪ ਦੇ ਹੋਣੇ ਚਾਹੀਦੇ ਹਨ ਭਾਵ ਇੱਕੋ ਜਿਹੀ ਮਾਲੀ ਸਥਿਤੀ ਵਾਲੇ ਵਿਅਕਤੀਆਂ ਲਈ ਕਰ ਦਾ ਬੋਝ ਇੱਕ ਸਮਾਨ ਹੋਣਾ ਚਾਹੀਦਾ ਹੈ।

**ਸਵੈ-ਮੁਲਾਂਕਣ ਅਭਿਆਸ –3**

ਪ੍ਰਸ਼ਨ: ਇੱਕ ਚੰਗੀ ਕਰ ਪ੍ਰਣਾਲੀ ਦੀਆਂ ਚਾਰ ਵਿਸ਼ੇਸ਼ਤਾਈਆਂ ਲਿਖੋ।

ਉੱਤਰ ..............................................................................................................

..............................................................................................................

..............................................................................................................

### 2.4.6 ਪਰਸਪਰ ਵਿਰੋਧੀ ਸਿਧਾਂਤ ਅਤੇ ਆਪਸੀ ਸਮਝੌਤੇ ਦੀ ਸਮੱਸਿਆ :

ਇੱਕ ਚੰਗੀ ਕਰ ਪ੍ਰਣਾਲੀ ਲਈ ਉਪਰੋਕਤ ਦੱਸੇ ਨਿਯਮ ਇਕੱਲੇ ਇਕੱਲੇ ਦੇਖੇ ਜਾਣ ਤਾਂ ਸਹੀ ਲੱਗਦੇ ਹਨ। ਪ੍ਰੰਤੂ ਇਹਨਾਂ ਨੂੰ ਇਕੱਠਿਆਂ ਵਰਤੋਂ ਵਿੱਚ ਲਿਆਉਣ ਸਮੇਂ ਕੁਝ ਸਮੱਸਿਆਵਾਂ ਉਤਪੰਨ ਹੋ ਜਾਦੀਆਂ ਹਨ। ਉਦਾਹਰਣ ਵਜੋਂ ਕਰ ਕਾਨੂੰਨ ਵਿੱਚ ਸਰਲਤਾ ਲਿਆਉਣ ਲਈ ਸਮਾਨਤਾ ਦੇ ਨਿਯਮ ਦੀ ਪੂਰੀ ਪਾਲਣਾ ਕਰਨ ਵਿੱਚ ਦਿੱਕਤ ਆਉਂਦੀ ਹੈ। ਇਸੇ ਤਰ੍ਹਾਂ, ਕਫ਼ਾਇਤ ਅਤੇ ਸਮਾਨਤਾ ਦੇ ਨਿਯਮ ਵਿਚਕਾਰ ਦੂੰਦ ਪਾਇਆ ਜਾਂਦਾ ਹੈ।

ਇਹਨਾਂ ਸਾਰੇ ਉਦੇਸ਼ਾਂ ਨੂੰ ਇਕੱਠਿਆਂ ਪ੍ਰਾਪਤ ਕਰਨਾ ਮੁਸ਼ਕਿਲ ਹੁੰਦਾ ਹੈ, ਇਸ ਲਈ ਕੁਝ ਉਦੇਸ਼ਾਂ ਸਬੰਧੀ ਆਪਸੀ ਸਮਝੌਤਾ ਕਰਨਾ ਪੈਂਦਾ ਹੈ। ਭਾਵ ਕਿਸੇ ਇੱਕ ਨੂੰ ਅਪਨਾਉਣ ਲਈ ਦੂਜੇ ਨੂੰ ਛੱਡਣਾ ਪੈਂਦਾ ਹੈ।

### 2.4.7 ਕਰਾਧਾਨ ਵਿੱਚ ਸਮਾਨਤਾ ਦੀ ਧਾਰਨਾ :

ਕਰਾਂ ਵਿੱਚ ਸਮਾਨਤਾ ਦਾ ਭਾਵ ਹੈ ਕਰਦਾਤਿਆਂ ਵਿਚਕਾਰ ਕਰ ਭਾਰ ਦੀ ਸਮਾਨ ਵੰਡ। ਭਾਵੇਂ ਕਰਾਧਾਨ ਵਿੱਚ ਨਿਰਪੱਖਤਾ ਅਤੇ ਨਿਆਂ ਦਾ ਮੁੱਦਾ ਸਰਬ-ਪ੍ਰਵਾਨਤ ਹੈ, ਪ੍ਰੰਤੂ ਇਹਨਾਂ ਧਾਰਨਾਵਾਂ ਨੂੰ ਵਿਭਿੰਨ ਅਰਥਾਂ ਵਿੱਚ ਲਿਆ ਜਾਂਦਾ ਹੈ।

***ਕਰਾਂ ਵਿੱਚ ਸਮਾਨਤਾ ਦੀ ਲੋੜ*** : ਇੱਕ ਚੰਗੀ ਕਰ ਪ੍ਰਣਾਲੀ ਦੀ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਕਰਾਂ ਵਿੱਚ ਸਮਾਨਤਾ ਹੋਣੀ ਚਾਹੀਦੀ ਹੈ। ਕਿਸੇ ਕਰ ਪ੍ਰਣਾਲੀ ਦਾ ਮੁਲਾਂਕਣ ਕਰਨ ਲਈ ਇਹ ਮੂਲ ਕਸੌਟੀ ਹੋਣੀ ਚਾਹੀਦੀ ਹੈ। ਲੋਕਾਂ ਵਿੱਚ ਕੁਦਰਤੀ ਤੌਰ ਤੇ ਹੀ ਸਮਾਨਤਾ/ਨਿਆਂ ਲਈ ਇੱਛਾ ਪਾਈ ਜਾਂਦੀ ਹੈ।

ਅਸਮਾਨਤਾ ਵਾਲੀ ਕਰ ਪ੍ਰਣਾਲੀ ਨਾਲ ਦੇਸ਼ ਦੇ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਢਾਂਚੇ ਵਿੱਚ ਵਿਗਾੜ ਆ ਜਾਂਦਾ ਹੈ। ਕਰ ਸਮਾਨਤਾ ਕਰ ਅਦਾਇਗੀ ਯਕੀਨੀ ਬਣਾਉਂਦੀ ਹੈ ਕਿਉਂਕਿ ਅਨਿਆਂ ਵਾਲੀ ਕਰ ਪ੍ਰਣਾਲੀ ਲੋਕਾਂ ਨੂੰ ਕਰ ਚੋਰੀ ਕਰਨ ਲਈ ਪ੍ਰੇਰਦੀ ਹੈ, ਜੇਕਰ ਠੀਕ ਢੰਗ ਨਾਲ ਕਰ ਪ੍ਰਣਾਲੀ ਨੂੰ ਲਾਗੂ ਕੀਤਾ ਜਾਵੇ ਤਾਂ ਸਮਾਨਤਾ ਵਾਲੀ ਕਰ ਪ੍ਰਣਾਲੀ ਆਰਥਿਕ ਸ਼ਕਤੀ ਨੂੰ ਕੁਝ ਹੱਥਾਂ ਵਿੱਚ ਹੀ ਕੇਂਦ੍ਰਿਤ ਹੋਣ ਤੋਂ ਰੋਕਦੀ ਹੈ।

***ਕਰ ਸਮਾਨਤਾ ਸਬੰਧੀ ਦੋ ਸਿਧਾਂਤ ਮਹੱਤਵਪੂਰਣ ਸਮਝੇ ਜਾਂਦੇ ਹਨ :***

1. ਲਾਭ ਸਿਧਾਂਤ (Benefit Principle of Taxation)
2. ਭੁਗਤਾਨ ਸਮਰੱਥਾ ਸਿਧਾਂਤ (Ability to Pay Principle of Taxation)

1. **ਲਾਭ ਸਿਧਾਂਤ** *: ਇਸ ਵਿਧੀ ਅਨੁਸਾਰ ਇੱਕ ਸਮਾਨਤਾ ਵਾਲੀ ਕਰ ਪ੍ਰਣਾਲੀ ਅਜਿਹੀ ਹੈ ਜਿਸ ਵਿੱਚ ਸਰਕਾਰੀ ਸੇਵਾਵਾਂ ਤੋਂ ਪ੍ਰਾਪਤ ਕੀਤੇ ਗਏ ਲਾਭ ਅਨੁਸਾਰ ਕਰ ਅਦਾਇਗੀਆਂ ਕੀਤੀਆਂ ਜਾਂਦੀਆਂ ਹਨ।* (An equitable tax system is one under which tax payments are based on the amount of benefits received from government services.) *ਇਸ ਤੋਂ ਇਹ ਸਪਸ਼ਟ ਹੈ ਕਿ ਲਾਭ ਸਿਧਾਂਤ ਲਾਗੂ ਕਰਨ ਲਈ ਕਰ ਭਾਰ ਵੰਡਣ ਤੋਂ ਪਹਿਲਾਂ ਸਰਕਾਰੀ ਖ਼ਰਚ ਦਾ ਆਪਤਨ ਪਤਾ ਕਰਨਾ ਪਵੇਗਾ। ਇਸ ਤਰ੍ਹਾਂ ਇਸ ਵਿੱਚ ਸਰਕਾਰ ਦੀਆਂ ਕਰ ਅਤੇ ਖ਼ਰਚਾ ਨੀਤੀਆਂ ਦੋਨਾਂ ਦਾ ਧਿਆਨ ਰੱਖਿਆ ਗਿਆ ਹੈ।*

*ਇਸ ਸਿਧਾਂਤ ਦੀ ਵਿਹਾਰਕ ਵਰਤੋਂ ਵਿੱਚ ਮੁਸ਼ਕਿਲਾਂ ਆਉਂਦੀਆਂ ਹਨ ਕਿਉਂਕਿ ਸਰਕਾਰੀ ਖ਼ਰਚ ਦਾ ਵੱਡਾ ਹਿੱਸਾ ਸਾਂਝੇ ਲਾਭ ਲਈ ਖ਼ਰਚਿਆ ਜਾਂਦਾ ਹੈ। ਸੁਰੱਖਿਆ ਸੇਵਾਵਾਂ, ਵਿਦੇਸ਼ੀ ਸਬੰਧਾਂ, ਆਦਿ ਉੱਤੇ ਕੀਤੇ ਖ਼ਰਚਿਆਂ ਦੇ ਲਾਭ-ਪਾਤਰਾਂ ਦਾ ਪਤਾ ਕਰਨਾ ਮੁਸ਼ਕਿਲ ਹੁੰਦਾ ਹੈ। ਦੂਜੇ ਪਾਸੇ ਬਹੁਤ ਸਾਰੇ ਲਾਭ ਪ੍ਰਾਪਤ ਕਰਨ ਵਾਲਿਆਂ ਦਾ ਪਤਾ ਹੋਣ ਤੇ ਵੀ ਇਸ ਸਿਧਾਂਤ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ। ਜਿਵੇਂ ਬੁਢਾਪਾ ਪੈਨਸ਼ਨ, ਬੇਰੁਜ਼ਗਾਰੀ ਭੱਤੇ ਆਦਿ ਸਮਾਜਿਕ ਸੁਰੱਖਿਆ ਦੇ ਖ਼ਰਚੇ ਤੋਂ ਲਾਭ ਪ੍ਰਾਪਤ ਕਰਨ ਵਾਲਿਆਂ ਤੋਂ ਉਸੇ ਮਾਤਰਾ ਵਿੱਚ ਕਰ ਨਹੀਂ ਉਗਰਾਹੇ ਜਾ ਸਕਦੇ।*

2. **ਭੁਗਤਾਨ ਸਮਰਥਾ ਸਿਧਾਂਤ** *: ਇਸ ਸਿਧਾਂਤ ਅਨੁਸਾਰ ਹਰੇਕ ਕਰਦਾਤਾ ਨੂੰ ਆਪਣੀ ਭੁਗਤਾਨ ਸਮਰਥਾ ਅਨੁਸਾਰ ਸਰਕਾਰੀ ਆਮਦਨ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। ਜਿਹਨਾਂ ਕੋਲ ਵਧੇਰੇ ਆਰਥਿਕ ਸ਼ਕਤੀ ਹੋਵੇ ਉਹ ਸਰਕਾਰੀ ਖ਼ਜ਼ਾਨੇ ਵਿੱਚ ਵੱਧ ਹਿੱਸਾ ਪਾਉਣ ਅਤੇ ਦੂਜੇ ਘੱਟ। ਸਮਰਥਾ ਮਾਪਣ ਲਈ ਆਮਦਨ, ਸ਼ੁੱਧ ਧਨ, ਪਰਿਵਾਰ ਦੇ ਆਕਾਰ ਆਦਿ ਤੱਤਾਂ ਨੂੰ ਸੂਚਕ ਮੰਨਣ ਦੇ ਵਿਚਾਰ ਦਿੱਤੇ ਗਏ ਹਨ, ਪ੍ਰੰਤੂ ਇਹਨਾਂ ਸਬੰਧੀ ਵੀ ਅਰਥਵਿਗਿਆਨੀ ਇੱਕਮਤ ਨਹੀਂ ਹਨ। ਫਿਰ ਵੀ ਕਰਦਾਤਾ ਦੀ ਆਮਦਨ ਅਤੇ ਉਸ ਦੇ ਧਨ ਨੂੰ ਚੰਗਾ ਸੂਚਕ ਮੰਨਿਆ ਜਾ ਸਕਦਾ ਹੈ। ਹੁਣ ਭੁਗਤਾਨ ਸਮਰਥਾ ਅਨੁਸਾਰ ਕਰ ਨਿਰਧਾਰਣ ਦੀ ਗੱਲ ਕਰਦੇ ਹਾਂ। ਭੁਗਤਾਨ ਸਮਰਥਾ ਨਿਯਮ ਇਸ ਗੱਲ ਤੇ ਆਧਾਰਿਤ ਹੈ ਕਿ ਵਿਅਕਤੀਆਂ ਉੱਤੇ ਕਰ ਭਾਰ ਇਸ ਤਰ੍ਹਾਂ ਵੰਡਿਆ ਜਾਵੇ ਕਿ ਉਹਨਾਂ ਨੂੰ 'ਸਮਾਨ ਤਿਆਗ' ਕਰਨਾ ਪਵੇ। ਇੱਥੇ ਤਿਆਗ ਤੋਂ ਭਾਵ ਕਰ ਵੱਜੋਂ ਮੁਦਰਾ ਦੀਆਂ ਇਕਾਈਆਂ ਅਦਾ ਕਰਨ ਨਾਲ ਕਰਦਾਤਾ ਦੀ ਤੁਸ਼ਟੀ ਜਾਂ ਸੰਤੁਸ਼ਟੀ ਵਿੱਚ ਕਮੀ ਹੋਣ ਤੋਂ ਲਿਆ ਜਾਂਦਾ ਹੈ, ਪ੍ਰੰਤੂ ਸਮਾਨ ਆਮਦਨ ਵਾਲਿਆਂ ਲਈ ਤਾਂ ਇਹ ਨਿਯਮ ਸਪਸ਼ਟ ਹੈ ਪ੍ਰੰਤੂ ਅਲੱਗ ਅਲੱਗ ਆਮਦਨ ਵਾਲਿਆਂ ਲਈ ਸਮਾਨ ਕੁਰਬਾਨ ਸਬੰਧੀ ਤਿੰਨ ਨਿਯਮ ਦਿੱਤੇ ਗਏ ਹਨ।*

(ੳ) **ਸਮਾਨ ਕੁੱਲ ਕੁਰਬਾਨੀ** (Equal absolute sacrifice) *: ਇਸ ਦਾ ਭਾਵ ਹੈ ਕਿ ਹਰੇਕ ਕਰਦਾਤਾ ਤੋਂ ਉਸਦੀ ਆਮਦਨ ਦੀ ਤੁਸ਼ਟੀ ਦੀਆਂ ਇੱਕੋ ਜਿੰਨੀਆਂ ਇਕਾਈਆਂ ਲਈਆਂ ਜਾਣ।*

(ਅ) **ਸਮਾਨ ਅਨੁਪਾਤਕ ਕੁਰਬਾਨੀ** (Equal proportional sacrifice) *: ਹਰੇਕ ਕਰਦਾਤਾ ਆਪਣੀ ਆਮਦਨ ਦੀ ਕੁੱਲ ਤੁਸ਼ਟੀ ਦਾ ਇੱਕੋ ਜਿੰਨਾ ਅਨੁਪਾਤ ਅਦਾ ਕਰਨ।*

(ੲ) **ਸਮਾਨ ਸੀਮਾਂਤ ਕੁਰਬਾਨੀ** (Equal marginal sacrifice) *: ਸੀਮਾਂਤ ਕੁਰਬਾਨੀ ਬਰਾਬਰ ਹੋਵੇ ਭਾਵ ਹਰੇਕ ਕਰਦਾਤਾ ਕੋਲ ਕਰ ਅਦਾਇਗੀ ਉਪਰੰਤ ਬਚੀ ਤੁਸ਼ਟੀ ਸਮਾਨ ਹੋਣੀ ਚਾਹੀਦੀ ਹੈ।*

*ਤੁਸ਼ਟੀ ਮਨੋਵਿਗਿਆਨਿਕ ਅਹਿਸਾਸ ਹੋਣ ਕਾਰਣ ਇਸ ਨੂੰ ਮਾਪਿਆ ਨਹੀਂ ਜਾ ਸਕਦਾ। ਫਿਰ ਵੀ ਇਸ ਨਿਯਮ ਨੂੰ ਵਿਸ਼ਵ ਭਰ ਵਿੱਚ ਨਿਜੀ ਆਮਦਨ ਕਰ, ਸੰਪਤੀ ਕਰ ਅਤੇ ਜਾਇਦਾਦ ਕਰ ਦੀਆਂ ਅਰੋਹੀ ਕਰ ਦਰਾਂ ਲਗਾ ਕੇ ਅਪਨਾਇਆ ਗਿਆ ਹੈ।*

### 2.4.8 ਸਾਰਾਂਸ਼ :

*ਤੁਸੀਂ ਪੜ੍ਹ ਚੁੱਕੇ ਹੋ ਕਿ ਸਰਕਾਰ ਨੂੰ ਕਰ ਲਗਾਉਣ ਲੱਗਿਆਂ ਧਿਆਨ ਰੱਖਣਾ ਚਾਹੀਦਾ ਹੈ ਕਿ ਕਰਦਾਤਾ, ਸਰਕਾਰ ਅਤੇ ਸਮਾਜ ਉੱਤੇ ਚੰਗੇ ਅਸਰ ਪੈਣ। ਕਰ ਸਬੰਧੀ ਐਡਮ ਸਮਿੱਥ ਵੱਲੋਂ ਚਾਰ ਨਿਯਮ ਦਿੱਤੇ ਗਏ ਹਨ। ਕਰਦਾਤਿਆਂ ਉੱਤੇ ਕਰਾਂ ਦਾ ਭਾਰ ਸਮਾਨ ਅਤੇ ਉੱਚਿਤ ਹੋਣਾ ਚਾਹੀਦਾ ਹੈ। ਅਦਾਇਗੀ ਸਬੰਧੀ ਸੁਵਿਧਾ ਹੋਣੀ ਚਾਹੀਦੀ ਹੈ। ਕਰ ਨਿਸ਼ਚਿਤ ਅਤੇ ਸਪਸ਼ਟ ਹੋਣੇ ਚਾਹੀਦੇ ਹਨ। ਸਰਕਾਰ ਨੂੰ ਇਸ ਗੱਲ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਕਰ ਇਕੱਤਰ ਕਰਨ ਤੇ ਲਾਗਤ ਘੱਟੋ ਘੱਟ ਆਵੇ। ਇਸ ਤੋਂ ਇਲਾਵਾ ਕਰਾਂ ਸਬੰਧੀ ਉਤਪਾਦਕਤਾ,*

*ਨਿਰਪੱਖਤਾ ਉਭਾਰ ਅਤੇ ਲਚਕ, ਵਿਭਿੰਨਤਾ, ਸਰਲਤਾ ਅਤੇ ਤਾਲਮੇਲ ਦੇ ਨਿਯਮ ਦਿੱਤੇ ਗਏ ਹਨ।*

**2.4.9 ਅਭਿਆਸ ਲਈ ਪ੍ਰਸ਼ਨ :**

**(ੳ) ਲੰਬੇ ਉੱਤਰਾਂ ਵਾਲੇ ਪ੍ਰਸ਼ਨ**

1. *ਐਡਮ ਸਮਿੱਥ ਵੱਲੋਂ ਦਿੱਤੇ ਕਰਾਧਾਨ ਦੇ ਨਿਯਮਾਂ ਦੀ ਵਿਆਖਿਆ ਕਰੋ।*
2. *ਇੱਕ ਚੰਗੀ ਕਰ ਪ੍ਰਣਾਲੀ ਦੀਆ ਵਿਸ਼ੇਸ਼ਤਾਈਆਂ ਦੱਸੋ।*

**(ਅ) ਛੋਟੇ ਉੱਤਰਾਂ ਵਾਲੇ ਪ੍ਰਸ਼ਨ**

1. *ਕਰ ਦੇ ਦੋ ਤੱਤ ਦੱਸੋ।*
2. *ਕਰਾਂ ਦੇ ਉਭਾਰ ਅਤੇ ਲਚਕ ਦੇ ਨਿਯਮਾਂ ਦੀ ਤੁਲਨਾ ਕਰੋ।*
3. *ਸਮਾਨ ਕੁਰਬਾਨੀ ਤੋਂ ਕੀ ਭਾਵ ਹੈ?*

**2.4.10 ਮਹੱਤਵਪੂਰਨ ਧਾਰਨਾਵਾਂ :**

***ਕਰ:*** *ਸਰਕਾਰ ਵੱਲੋਂ ਕਿਸੇ ਆਰਥਿਕ ਇਕਾਈ ਲਈ ਨਿਸ਼ਚਿਤ ਕੀਤੀ ਉਹ ਰਕਮ ਜਿਸ ਦੀ ਅਦਾਇਗੀ ਜ਼ਰੂਰੀ ਹੈ। ਇਸ ਦੇ ਬਦਲੇ ਸਰਕਾਰ ਤੋਂ ਕਰਦਾਤਾ ਨੂੰ ਕੋਈ ਪ੍ਰਤੱਖ ਸੇਵਾ ਜਾਂ ਲਾਭ ਪ੍ਰਾਪਤ ਨਹੀਂ ਹੁੰਦਾ।*

***ਉਭਾਰ ਦਾ ਨਿਯਮ*** *: ਰਾਸ਼ਟਰੀ ਆਮਦਨ ਵਧਣ ਦੇ ਨਾਲ ਕਰ ਆਮਦਨ ਵਧਣ ਦਾ ਨਿਹਿਤ ਪ੍ਰਵ੍ਰਿਤੀ।*

***ਲਚਕ ਦਾ ਨਿਯਮ*** *: ਲੋੜ ਪੈਣ ਤੇ ਸਰਕਾਰ ਹੋਰ ਨਵੇਂ ਕਰ ਲਗਾ ਸਕਦੀ ਹੋਵੇ ਅਤੇ ਪੁਰਾਣੇ ਕਰਾਂ ਦੀਆਂ ਦਰਾਂ ਵਧਾ ਕੇ ਕਰ ਆਮਦਨ ਵਧਾ ਸਕੇ।*

***ਕੁਰਬਾਨੀ*** *: ਕਰ ਅਦਾਇਗੀ ਕਾਰਣ ਆਮਦਨ ਦੀ ਤੁਸ਼ਟੀ ਵਿੱਚ ਹੋਣ ਵਾਲੀ ਕਮੀ।*

*2.4.11 ਪ੍ਰਸਤਾਵਿਤ ਪੁਸਤਕਾਂ*


| | | | |
|---|---|---|---|
| 1. | H. Dalton | : | Principles of Public Finance |
| 2. | Richard A. Musgrave | : | Theory of Public Finance |
| 3. | H.L. Bhatia | : | Public Finance |
| 4. | B.P. Tyagi | : | Public Finance |
| 5. | R.N. Bhargava | : | The Theory and Working of Union Finance in India |

ਪਾਠ ਨੰ: 2.5 ਲੇਖਿਕਾ : ਡਾ. ਹਰਵਿੰਦਰ ਕੌਰ

Last updated on 27 May, 2023

## ਸਰਕਾਰੀ ਰਿਣ : ਭਾਰ, ਕਿਸਮਾਂ ਅਤੇ ਰਿਣ ਚੁਕਾਈ

2.5.1 ਉਦੇਸ਼
2.5.2 ਭੂਮਿਕਾ
2.5.3 ਸਰਕਾਰੀ ਰਿਣ
2.5.4 ਸਰਕਾਰੀ ਰਿਣ ਦੀਆਂ ਕਿਸਮਾਂ
2.5.5 ਸਰਕਾਰੀ ਰਿਣ ਦੇ ਭਾਰ
2.5.6 ਸਰਕਾਰੀ ਰਿਣ ਦੇ ਆਰਥਿਕ ਪ੍ਰਭਾਵ
2.5.7 ਸਰਕਾਰੀ ਰਿਣ ਚੁਕਾਈ ਦੇ ਢੰਗ
2.5.8 ਸਾਰਾਂਸ਼
2.5.9 (ੳ) ਵੱਡੇ ਉੱਤਰ ਵਾਲੇ ਪ੍ਰਸ਼ਨ
(ਅ) ਛੋਟੇ ਉੱਤਰ ਵਾਲੇ ਪ੍ਰਸ਼ਨ
2.5.10 ਤਕਨੀਕੀ ਸ਼ਬਦਾਵਲੀ
2.5.11 ਪੜ੍ਹਨ ਲਈ ਪੁਸਤਕਾਂ

**2.5.1 ਉਦੇਸ਼** : ਇਸ ਪਾਠ ਨੂੰ ਵਿੱਚ ਤੁਸੀਂ

- ਸਰਕਾਰੀ ਰਿਣ ਦਾ ਅਰਥ ਸਮਝੋਗੇ।
- ਸਰਕਾਰੀ ਰਿਣ ਦੀਆਂ ਵਿਭਿੰਨ ਕਿਸਮਾਂ ਵਿੱਚ ਅੰਤਰ ਬਾਰੇ ਜਾਣਕਾਰੀ ਹਾਸਲ ਕਰੋਗੇ।
- ਸਰਕਾਰੀ ਰਿਣ ਦੇ ਉਪਭੋਗ, ਉਤਪਾਦਨ, ਵੰਡ ਆਦਿ ਉੱਪਰ ਪੈਣ ਵਾਲੇ ਪ੍ਰਭਾਵਾਂ ਬਾਰੇ ਜਾਣਕਾਰੀ ਪ੍ਰਾਪਤ ਕਰੋਗੇ।
- ਜਾਣੋਗੇ ਕਿ ਸਰਕਾਰ ਲਏ ਹੋਏ ਰਿਣ ਅਤੇ ਵਿਆਜ਼ ਨੂੰ ਵਾਪਸ ਕਰਨ ਲਈ ਰਾਖਵਾਂ ਫੰਡ ਕਾਇਮ ਕਰਦੀ ਹੈ, ਸਾਲਾਨਾ ਕਿਸ਼ਤਾਂ ਵਿੱਚ ਅਦਾਇਗੀ ਕਰਦੀ ਹੈ। ਇਸ ਤੋਂ ਇਲਾਵਾ ਰਿਣ ਅਦਾਇਗੀ ਦੇ ਹੋਰ ਕਈ ਢੰਗ ਅਪਨਾਉਂਦੀ ਹੈ।

**2.5.2 ਭੂਮਿਕਾ** :

ਸਰਕਾਰ ਦੀਆਂ ਜ਼ਿੰਮੇਵਾਰੀਆਂ ਦਿਨੋ ਦਿਨ ਵਧਦੀਆਂ ਜਾ ਰਹੀਆਂ ਹਨ ਅਤੇ ਇਹਨਾਂ ਨੂੰ ਪੂਰਾ ਕਰਨ ਲਈ ਸਰਕਾਰ ਦਾ ਖਰਚਾ ਸਰਕਾਰ ਦੀ ਆਮਦਨ ਨਾਲੋਂ ਵਧਦਾ ਜਾ ਰਿਹਾ ਹੈ। ਇਸ ਕਾਰਣ ਸਰਕਾਰ ਦੇ ਬਜਟ ਵਿੱਚ ਘਾਟਾ ਵਧਦਾ ਜਾ ਰਿਹਾ। ਇਸ ਘਾਟੇ ਨੂੰ ਸਰਕਾਰ ਲੋਕਾਂ ਤੋਂ ਵਧੇਰੇ ਕਰ ਉਗਰਾਹ ਕੇ, ਲੋਕਾਂ ਕੋਲ ਉਪਲਬਧ ਮੁਦਰਾ ਦੇ ਮੁੱਲ ਨੂੰ ਘਟਾ ਕੇ ਜਾਂ ਦੇਸ਼ ਦੇ ਲੋਕਾਂ ਜਾਂ ਵਿਦੇਸ਼ਾਂ ਤੋਂ ਕਰਜ਼ਾ ਲੈ ਕੇ ਪੂਰਾ ਕਰ ਸਕਦੀ ਹੈ। ਸਰਕਾਰ ਵੱਲੋਂ ਦੇਸ਼ ਦੇ ਲੋਕਾਂ ਜਾਂ ਵਿਦੇਸ਼ਾਂ ਤੋਂ ਲਏ ਗਏ ਕਰਜ਼ੇ ਨੂੰ ਸਰਕਾਰੀ ਰਿਣ ਕਹਿੰਦੇ ਹਨ। ਸਨਾਤਨੀ ਅਰਥਵਿਗਿਆਨੀ ਜਿਵੇਂ ਐਡਮ ਸਮਿੱਥ ਸਰਕਾਰੀ ਰਿਣ ਨੂੰ ਚੰਗਾ ਨਹੀਂ ਸਮਝਦੇ ਸਨ। ਉਹਨਾਂ ਦਾ ਵਿਚਾਰ ਸੀ ਕਿ ਆਮ ਹਾਲਤਾਂ ਵਿੱਚ ਸਰਕਾਰ ਨੂੰ ਆਪਣਾ ਸਾਰਾ ਖਰਚਾ ਆਪਣੀ ਚਾਲੂ ਆਮਦਨ ਤੋਂ ਪੂਰਾ ਕਰਨਾ ਚਾਹੀਦਾ ਹੈ। ਜਿੱਥੋਂ ਤੱਕ ਸੰਭਵ ਹੋਵੇ ਸਰਕਾਰੀ ਰਿਣ ਦੀ ਮਹੱਤਤਾ ਵਧਦੀ ਜਾ ਰਹੀ ਹੈ। ਆਧੁਨਿਕ ਅਰਥਵਿਗਿਆਨੀਆਂ ਦੀ ਰਾਇ ਹੈ ਕਿ ਆਰਥਿਕ ਵਿਕਾਸ ਦੀ ਕ੍ਰਿਆ ਵਿੱਚ ਹੋਣ ਵਾਲੀ ਮੁਦਰਾ ਸਫ਼ੀਤੀ ਦਾ ਮੁਕਾਬਲਾ ਕਰਨ ਲਈ ਸਰਬਜਨਕ ਰਿਣ ਦੀ ਵਰਤੋਂ ਕੀਤੀ ਜਾ ਸਕਦੀ ਹੈ। ਭਾਵ ਸਥਿਰਤਾ ਸਹਿਤ ਵਿਕਾਸ ਕਰਨ ਲਈ ਸਰਕਾਰੀ ਰਿਣ ਦੀ ਵਰਤੋਂ ਕੀਤੀ ਜਾ ਸਕਦੀ ਹੈ। ਪ੍ਰੋ. ਜੇ. ਕੇ.

ਮੇਹਤਾ ਦੇ ਅਨੁਸਾਰ, ''ਸਰਬਜਨਕ ਰਿਣ ਦਾ ਵਾਧਾ ਵਿਸ਼ਵ ਵਿੱਚ ਲੋਕਤੰਤਰੀ ਸਰਕਾਰਾਂ ਦੇ ਵਿਕਾਸ ਕਾਰਣ ਹੋ ਰਿਹਾ ਹੈ।'' ਸਰਕਾਰ ਦੀ ਆਮਦਨ ਦੇ ਬਾਕੀ ਸਾਧਨਾਂ ਦੀ ਤਰ੍ਹਾਂ ਰਿਣ ਵੀ ਇੱਕ ਮਹੱਤਵਪੂਰਣ ਸਾਧਨ ਬਣ ਗਿਆ ਹੈ।

### 2.5.3 ਸਰਕਾਰੀ ਰਿਣ : ਅਰਥ (Meaning of Public Debt) :

ਜਦੋਂ ਕਿਸੇ ਦੇਸ਼ ਦੀ ਸਰਕਾਰ ਆਪਣੇ ਦੇਸ਼ ਦੇ ਲੋਕਾਂ ਜਾਂ ਹੋਰ ਅੰਦਰਲੇ ਸ੍ਰੋਤਾਂ ਜਾਂ ਬਾਹਰਲੇ ਦੇਸ਼ਾਂ ਤੋਂ ਕਰਜ਼ੇ ਲੈਂਦੀ ਹੈ ਤਾਂ ਇਸ ਨੂੰ ਸਰਕਾਰੀ ਰਿਣ ਕਿਹਾ ਜਾਂਦਾ ਹੈ। ਜਦੋਂ ਕਿਸੇ ਵਿਅਕਤੀ ਦੀ ਤਰ੍ਹਾਂ ਸਰਕਾਰ ਦਾ ਖਰਚਾ ਆਮਦਨ ਨਾਲੋਂ ਵਧ ਜਾਂਦਾ ਹੈ ਤਾਂ ਇਸ ਨੂੰ ਉਧਾਰ ਲੈਣਾ ਪੈਂਦਾ ਹੈ। ਉਧਾਰ ਲੈ ਕੇ ਸਰਕਾਰ ਆਪਣੀ ਆਮਦਨ ਵਧਾਉਂਦੀ ਹੈ, ਪ੍ਰੰਤੂ ਇਹ ਆਮਦਨ ਦਾ ਕਰਾਂ ਰਾਹੀਂ ਉਗਰਾਹੀ ਜਾਣ ਵਾਲੀ ਆਮਦਨ ਦੇ ਸਾਧਨ ਵਰਗਾ ਸਾਧਨ ਨਹੀਂ ਹੈ। ਭਾਵੇਂ ਇਸ ਨੂੰ ਮੁਲਤਵੀ ਕੀਤਾ ਹੋਇਆ ਕਰ (Deferred Tax) ਵੀ ਕਿਹਾ ਜਾਂਦਾ ਹੈ। ਜਿੱਥੇ ਸਰਕਾਰ ਨੂੰ ਰਿਣ ਦੀ ਮੂਲ ਰਾਸ਼ੀ ਅਤੇ ਵਿਆਜ ਵਾਪਸ ਕਰਨਾ ਪੈਂਦਾ ਹੈ ਉੱਥੇ ਕਰਾਂ ਰਾਹੀਂ ਪ੍ਰਾਪਤ ਕੀਤੀ ਰਾਸ਼ੀ ਨੂੰ ਵਾਪਸ ਕਰਨ ਦਾ ਅਜਿਹਾ ਕੋਈ ਵਾਅਦਾ ਨਹੀਂ ਕੀਤਾ ਜਾਂਦਾ।

ਸਰਕਾਰੀ ਰਿਣ ਦੀ ਧਾਰਨਾ ਨੂੰ ਕਈ ਅਰਥਵਿਗਿਆਨੀਆਂ ਨੇ ਇਸ ਤਰ੍ਹਾਂ ਪ੍ਰੀਭਾਸ਼ਿਤ ਕੀਤਾ ਹੈ।

ਪ੍ਰੋ. ਫਿੰਡਲੇ ਸ਼ਿਰਾਜ ਦੇ ਅਨੁਸਾਰ, ''ਕੌਮੀ ਰਿਣ ਇੱਕ ਅਜਿਹਾ ਰਿਣ ਹੈ ਜੋ ਸਰਕਾਰ ਆਪਣੇ ਨਾਗਰਿਕਾਂ ਅਤੇ ਦੂਜੇ ਦੇਸ਼ਾਂ ਤੋਂ ਉਧਾਰ ਲੈਂਦੀ ਹੈ।''

ਪ੍ਰੋ. ਸੀ. ਐਸ. ਸੂਪ ਵੱਲੋਂ ਸਰਕਾਰੀ ਰਿਣ ਜਾਂ ਉਧਾਰ ਨੂੰ ਇਸ ਤਰ੍ਹਾਂ ਪ੍ਰੀਭਾਸ਼ਿਤ ਕੀਤਾ ਗਿਆ ਹੈ ਕਿ ''ਇਹ ਨਿੱਜੀ ਖੇਤਰ ਵਿਚਲੇ ਵਿਅਕਤੀਆਂ ਜਾਂ ਫ਼ਰਮਾਂ ਨੂੰ ਵਿੱਤੀ ਸਾਧਨਾਂ ਦੀ ਵਿਕਰੀ ਕਰਨ ਤੋਂ ਹੋਣ ਵਾਲੀਆਂ ਪ੍ਰਾਪਤੀਆਂ ਹਨ।''

ਪ੍ਰੋ. ਜੇ. ਕੇ. ਮਹਿਤਾ ਨੇ ਸਰਕਾਰੀ ਆਮਦਨ ਅਤੇ ਸਰਕਾਰੀ ਰਿਣ ਵਿੱਚ ਅੰਤਰ ਕਰਦਿਆਂ ਦੱਸਿਆ ਹੈ ਕਿ, ''ਸਰਕਾਰੀ ਅਮਾਦਨ ਵਜੋਂ ਲਈ ਗਈ ਉਹ ਮੁਦਰਾ ਸ਼ਾਮਿਲ ਹੈ ਜਿਸ ਨੂੰ ਸਰਕਾਰ ਵੱਲੋਂ ਵਾਪਸ ਕਰਨ ਦੀ ਕੋਈ ਜ਼ਿੰਮੇਵਾਰੀ ਨਹੀਂ ਹੁੰਦੀ ਹੈ। ਦੂਜੇ ਪਾਸੇ, ਸਰਕਾਰੀ ਰਿਣ ਜਿਨ੍ਹਾਂ ਤੋਂ ਲਿਆ ਜਾਂਦਾ ਹੈ, ਸਰਕਾਰ ਵੱਲੋਂ ਇਸ ਰਾਸ਼ੀ ਨੂੰ ਉਹਨਾਂ ਵਿਅਕਤੀਆਂ ਨੂੰ ਵਾਪਸ ਕਰਨ ਦੀ ਜ਼ਿੰਮੇਵਾਰੀ ਵੀ ਲਈ ਜਾਂਦੀ ਹੈ।''

ਸਰਕਾਰ ਆਪਣੇ ਦੇਸ਼ ਦੇ ਨਾਗਰਿਕਾਂ, ਗੈਰ-ਬੈਂਕਿੰਗ ਵਿੱਤੀ ਸੰਸਥਾਵਾਂ, ਵਪਾਰਕ ਬੈਂਕਾਂ ਅਤੇ ਕੇਂਦਰੀ ਬੈਂਕ ਤੋਂ ਉਧਾਰ ਲੈ ਸਕਦੀ ਹੈ। ਬਾਹਰਲੇ ਸ੍ਰੋਤਾਂ ਵਿੱਚ ਅੰਤਰ-ਰਾਸ਼ਟਰੀ ਵਿੱਤੀ ਸੰਸਥਾਵਾਂ ਅਤੇ ਬਾਹਰਲੇ ਦੇਸ਼ਾਂ ਤੋਂ ਉਧਾਰ ਅਤੇ ਵਿੱਤੀ ਸਹਾਇਤਾ ਲਈ ਜਾਂਦੀ ਹੈ। ਪ੍ਰੰਤੂ, ਸਰਕਾਰੀ ਰਿਣ ਵਿੱਚ ਦੇਸ਼ ਦੇ ਆਪਣੇ ਰਾਜਾਂ ਦੇ ਪ੍ਰਤੀ ਲੈਣ-ਦੇਣ, ਸਰਕਾਰੀ ਕਰਮਚਾਰੀਆਂ ਦੀਆਂ ਅਦਾ ਨਾ ਕੀਤੀਆਂ ਤਨਖਾਹਾਂ ਅਤੇ ਰਿਟਾਇਰ ਹੋ ਜਾਣ ਬਾਅਦ ਅਦਾ ਕੀਤੀਆਂ ਜਾਣ ਵਾਲੀਆਂ ਪੈਨਸ਼ਨਾਂ ਸ਼ਾਮਿਲ ਨਹੀਂ ਕੀਤੀਆਂ ਜਾਂਦੀਆਂ।

**ਸਵੈ-ਮੁਲਾਂਕਣ ਅਭਿਆਸ-1**

ਪ੍ਰਸ਼ਨ: ਸਰਕਾਰੀ ਰਿਣ ਤੋਂ ਕੀ ਭਾਵ ਹੈ?

ਉੱਤਰ ...........................................................................................................

...........................................................................................................

...........................................................................................................

### 2.5.3 ਸਰਕਾਰੀ ਰਿਣ ਦੀਆਂ ਕਿਸਮਾਂ (Types of Public Debt) :

ਸਰਕਾਰੀ ਰਿਣ ਨੂੰ ਕਈ ਢੰਗਾਂ ਨਾਲ ਕਈ ਸ਼੍ਰੇਣੀਆਂ ਵਿੱਚ ਵੰਡਿਆ ਜਾਂਦਾ ਹੈ। ਇਹ ਵਰਗੀਕਰਣ ਕਈ ਗੱਲਾਂ ਉੱਤੇ ਨਿਰਭਰ ਕਰਦਾ ਹੈ। ਜਿਵੇਂ;

1. ਮੰਡੀ ਜਿਸ ਵਿੱਚ ਕਰਜ਼ਾ ਜਾਰੀ ਕੀਤਾ ਗਿਆ ਹੋਵੇ।
2. ਕਰਜ਼ੇ ਦੀ ਮਿਆਦ।
3. ਕਰਜ਼ੇ ਦਾ ਮੰਤਵ।
4. ਵਿਆਜ ਦੀ ਦਰ।

5. ਕਰਜ਼ਾ ਚੁੱਕਣ ਦਾ ਸ੍ਰੋਤ।

ਆਓ ਹੁਣ ਸਰਕਾਰੀ ਰਿਣ ਨੂੰ ਵਿਭਿੰਨ ਸ਼੍ਰੇਣੀਆਂ ਵਿੱਚ ਵੰਡਦੇ ਹਾਂ।

1. **ਸੁਦੇਸ਼ੀ ਰਿਣ ਅਤੇ ਵਿਦੇਸ਼ੀ ਰਿਣ (Internal Debt and External Debt)** :

ਸੁਦੇਸ਼ੀ ਜਾਂ ਅੰਦਰੂਨੀ ਰਿਣ ਉਹ ਹੈ ਜੋ ਦੇਸ਼ ਦੇ ਅੰਦਰੋਂ ਹੀ ਲਿਆ ਗਿਆ ਹੋਵੇ ਅਤੇ ਵਿਦੇਸ਼ੀ ਰਿਣ ਉਹ ਹੈ ਜੋ ਵਿਦੇਸ਼ੀ ਸਰਕਾਰ, ਵਿਦੇਸ਼ੀ ਨਾਗਰਿਕਾਂ ਜਾਂ ਅੰਤਰ-ਰਾਸ਼ਟਰੀ ਸੰਸਥਾਵਾਂ ਤੋਂ ਲਿਆ ਗਿਆ ਹੋਵੇ। ਪ੍ਰੋਫੈਸਰ ਡਾਲਟਨ ਦੇ ਅਨੁਸਾਰ, "ਉਹ ਕਰਜ਼ਾ ਅੰਦਰੂਨੀ ਹੁੰਦਾ ਹੈ ਜੋ ਕਰਜ਼ਾ ਲੈਣ ਵਾਲੀ ਪਬਲਿਕ ਅਥਾਰਟੀ ਅਧੀਨ ਆਉਂਦੇ ਖੇਤਰਫਲ ਦੇ ਲੋਕਾਂ ਜਾਂ ਸੰਸਥਾਵਾਂ ਵੱਲੋਂ ਦਿੱਤਾ ਗਿਆ ਹੋਵੇ ਅਤੇ ਇਹ ਬਾਹਰੀ ਹੁੰਦਾ ਹੈ ਜਦੋਂ ਇਸ ਖੇਤਰਫਲ ਦੇ ਬਾਹਰਲੇ ਲੋਕਾਂ ਜਾਂ ਸੰਸਥਾਵਾਂ ਵੱਲੋਂ ਦਿੱਤਾ ਜਾਂਦਾ ਹੈ।"

ਅੰਦਰੂਨੀ ਕਰਜ਼ੇ ਦੇ ਅਹਿਮ ਸ੍ਰੋਤ ਹਨ : ਉੱਥੋਂ ਦੇ ਵਿਅਕਤੀ ; ਗੈਰ ਬੈਂਕਿੰਗ ਵਿੱਤੀ ਸੰਸਥਾਵਾਂ ਜਿਵੇਂ ਬੀਮਾ ਕੰਪਨੀਆਂ; ਚੈਰੀਟੇਬਲ ਟਰੱਸਟ, ਆਦਿ ; ਵਪਾਰਕ ਬੈਂਕ ਅਤੇ ਕੇਂਦਰੀ ਬੈਂਕ ਇਸੇ ਤਰ੍ਹਾਂ ਬਾਹਰੇ ਕਰਜ਼ੇ ਵਿੱਚ ਵਿਦੇਸ਼ੀ ਬੈਂਕਾਂ, ਵਿਦੇਸ਼ੀ ਸਰਕਾਰਾਂ ਅਤੇ ਅੰਤਰ-ਰਾਸ਼ਟਰੀ ਵਿੱਤੀ ਸੰਸਥਾਵਾਂ ਜਿਵੇਂ ਅੰਤਰ-ਰਾਸ਼ਟਰੀ ਮੁਦਰਾ ਫੰਡ, ਵਿਸ਼ਵ ਬੈਂਕ ਆਦਿ ਤੋ ਲਏ ਜਾਣ ਵਾਲੇ ਕਰਜ਼ੇ ਸ਼ਾਮਿਲ ਹੁੰਦੇ ਹਨ। ਅੰਦਰੂਨੀ ਕਰਜ਼ੇ ਰਾਹੀਂ ਇੱਕ ਤਰ੍ਹਾਂ ਦੇਸ਼ ਦੇ ਲੋਕਾਂ ਦੀ ਖ੍ਰੀਦ ਸ਼ਕਤੀ ਦੀ ਹੱਥ-ਬਦਲੀ ਹੀ ਹੁੰਦੀ ਹੈ ਅਤੇ ਧਨ ਦੇਸ਼ ਦੇ ਅੰਦਰ ਹੀ ਰਹਿੰਦਾ ਹੈ। ਇਸ ਤਰ੍ਹਾਂ ਅੰਦਰੂਨੀ ਕਰਜ਼ਿਆਂ ਦਾ ਕੋਈ ਮੌਦ੍ਰਿਕ ਭਾਰ ਨਹੀਂ ਪੈਂਦਾ। ਦੂਜੇ ਪਾਸੇ ਬਾਹਰੀ ਕਰਜ਼ੇ ਦੀ ਅਦਾਇਗੀ ਕਈ ਵਾਰੀ ਦੇਣਦਾਰ ਦੇਸ਼ ਦੀ ਮੁਦ੍ਰਾ ਵਿੱਚ ਹੀ ਕੀਤੀ ਜਾਂਦੀ ਹੈ ਅਤੇ ਇਸ ਤੋਂ ਇਲਾਵਾ ਉਹਨਾਂ ਦੀਆਂ ਹੋਰ ਸ਼ਰਤਾਂ ਨੂੰ ਵੀ ਮੰਨਣਾ ਪੈਂਦਾ ਹੈ। ਜਿਸ ਕਾਰਣ ਬਾਹਰੀ ਕਰਜ਼ੇ ਦਾ ਮੌਦ੍ਰਿਕ ਅਤੇ ਅਸਲ ਭਾਰ ਵਧੇਰੇ ਹੁੰਦਾ ਹੈ।

ਅਲਪਵਿਕਸਿਤ ਦੇਸ਼ਾਂ ਵਿੱਚ ਆਰਥਿਕ ਵਿਕਾਸ ਦੀ ਦਰ ਨੂੰ ਉੱਚਾ ਚੁੱਕਣ ਲਈ ਬਾਹਰੀ ਕਰਜ਼ਿਆਂ ਦਾ ਸਹਾਰਾ ਲੈਣਾ ਪੈਂਦਾ ਹੈ। ਪ੍ਰੰਤੂ, ਇਹ ਜ਼ਰੂਰ ਧਿਆਨ ਰੱਖਣਾ ਚਾਹੀਦਾ ਹੈ ਕਿ ਬਾਹਰੀ ਕਰਜ਼ੇ ਦਾ ਦੇਸ਼ ਦੀ ਆਰਥਿਕ ਨੀਤੀ ਉੱਤੇ ਬਹੁਤਾ ਦਬਾਅ ਨਾ ਪਵੇ।

2. **ਉਤਪਾਦਕ ਅਤੇ ਅਣ-ਉਤਪਾਦਕ ਰਿਣ (Productive and Unproductive Debt)**:

ਉਤਪਾਦਕੀ ਕਰਜ਼ੇ ਉਹ ਕਰਜ਼ੇ ਹੁੰਦੇ ਹਨ ਜਿਹਨਾਂ ਰਾਹੀਂ ਸਰਕਾਰ ਨੂੰ ਆਮਦਨ ਪ੍ਰਾਪਤ ਹੋਵੇ ਜਿਵੇਂ ਰੇਲਾਂ, ਨਿਰਮਾਣ, ਸਿੰਚਾਈ ਸਕੀਮਾਂ, ਵੱਡੇ ਉਦਯੋਗਾਂ ਦੀ ਸਥਾਪਨਾ ਉੱਤੇ ਕੀਤਾ ਜਾਣ ਵਾਲਾ ਖਰਚ। ਫਿੰਡਲੇ ਸ਼ਿਰਾਜ਼ ਦੇ ਅਨੁਸਾਰ, "ਉਤਪਾਦਕੀ ਕਰਜ਼ੇ ਉਸੇ ਜਾਂ ਉਸ ਤੋਂ ਵੱਧ ਮੁੱਲ ਦੀ ਸੰਪਤੀ ਦੇ ਨਿਰਮਾਣ ਲਈ ਵਰਤੇ ਜਾਂਦੇ ਹਨ ਅਤੇ ਇਹਨਾਂ ਤੋਂ ਹੋਣ ਵਾਲੀ ਆਮਦਨ ਰਾਹੀਂ ਇਸ ਕਰਜ਼ੇ ਅਤੇ ਵਿਆਜ਼ ਦੀ ਅਦਾਇਗੀ ਕੀਤੀ ਜਾਂਦੀ ਹੈ। ਦੂਜੇ ਪਾਸੇ, ਅਣਉਤਪਾਦਕ ਕਰਜ਼ੇ ਉਹ ਹੁੰਦੇ ਹਨ ਜਿਹਨਾਂ ਤੋਂ ਕੋਈ ਆਮਦਨ ਨਹੀਂ ਹੁੰਦੀ। ਫਿੰਡਲੇ ਸ਼ਿਰਾਜ ਦੇ ਸ਼ਬਦਾਂ ਵਿੱਚ, "ਅਣਉਤਪਾਦਕ ਕਰਜ਼ੇ ਰਾਹੀਂ ਕੋਈ ਸੰਪਤੀ ਦਾ ਨਿਰਮਾਣ ਨਹੀਂ ਹੁੰਦਾ।" ਇਸ ਦਾ ਭਾਵ ਹੈ ਕਿ ਇਹਨਾਂ ਕਰਜ਼ਿਆਂ ਦੀ ਵਰਤੋਂ ਨਾਲ ਦੇਸ਼ ਦੀ ਉਤਪਾਦਕੀ ਸਮਰੱਥਾ ਵਿੱਚ ਕੋਈ ਵਾਧਾ ਨਹੀਂ ਹੁੰਦਾ। ਇਹਨਾਂ ਕਰਜ਼ਿਆਂ ਨੂੰ ਅਚਲ ਭਾਰ **(Dead weight)** ਕਰਜ਼ੇ ਵੀ ਕਿਹਾ ਜਾਂਦਾ ਹੈ।

ਇਹ ਵੰਡ ਵਿਗਿਆਨਕ ਵੰਡ ਨਹੀਂ ਕਹੀ ਜਾ ਸਕਦੀ ਕਿਉਂਕਿ ਵਾਸਤਵ ਵਿੱਚ ਕੋਈ ਵੀ ਰਿਣ ਅਣ-ਉਤਪਾਦਕ ਨਹੀਂ ਹੁੰਦਾ ਭਾਵੇਂ ਇਹ ਜੰਗੀ ਖ਼ਰਚਿਆਂ ਨੂੰ ਪੂਰਾ ਕਰਨ ਲਈ ਹੀ ਵਰਤਿਆ ਗਿਆ ਹੋਵੇ।

3. **ਅਲਪ-ਕਾਲੀਨ ਅਤੇ ਦੀਰਘ-ਕਾਲੀਨ ਰਿਣ (Short term and Long term Debt)**:

ਅਲਪਕਾਲੀਨ ਕਰਜ਼ੇ ਉਹ ਹੁੰਦੇ ਹਨ ਜਿਹੜੇ ਪੰਜ ਸਾਲ ਜਾਂ ਇਸ ਤੋਂ ਘੱਟ ਸਮੇਂ ਲਈ ਲਏ ਜਾਣ। ਭਾਰਤ ਵਿੱਚ ਇਹ ਖਜ਼ਾਨਾ ਬਿੱਲਾਂ, ਕੇਂਦਰੀ ਬੈਂਕਾਂ ਤੋਂ ਐਡਵਾਂਸ, ਡਾਕਖਾਨੇ ਵਿੱਚ ਜ਼ਮ੍ਹਾਂ, ਦੇ ਰੂਪ ਲਏ ਜਾਂਦੇ ਹਨ। ਇਹਨਾਂ ਉੱਤੇ ਵਿਆਜ ਦਰ ਘੱਟ ਹੁੰਦੀ ਹੈ।

ਅਜਿਹੇ ਕਰਜ਼ੇ ਜਿਹਨਾਂ ਦੀ ਅਵਧੀ ਦਸ ਜਾਂ ਇਸ ਤੋਂ ਵੱਧ ਸਾਲ ਹੋਵੇ, ਉਹ ਦੀਰਘਕਾਲੀਨ ਕਰਜ਼ੇ ਹੁੰਦੇ ਹਨ। fJj BK eofi aK ~ fBXhr s eoi /a (Funded loan) ਜਾਂ ਸਥਾਈ ਕਰਜ਼ੇ (Perpetual loan) ਵੀ ਕਿਹਾ ਜਾਂਦਾ ਹੈ। ਅਜਿਹੇ ਕਰਜ਼ਿਆਂ ਉੱਤੇ ਵਿਆਜ਼ ਦੀ ਦਰ ਉਚੇਰੀ ਹੁੰਦੀ ਹੈ। ਇਸੇ ਤਰ੍ਹਾਂ ਅਲਪਕਾਲੀਨ ਅਤੇ ਦੀਰਘਕਾਲੀਨ

*ਕਰਜ਼ਿਆਂ ਦੇ ਵਿਚਕਾਰ ਮੱਧਕਾਲੀਨ ਕਰਜ਼ੇ ਵੀ ਹੁੰਦੇ ਹਨ। ਅੱਜ ਕੱਲ੍ਹ ਸਰਕਾਰਾਂ ਵੱਲੋਂ ਤਿੰਨੇ ਤਰ੍ਹਾਂ ਦੀ ਅਵਧੀ ਨੂੰ ਧਿਆਨ ਵਿੱਚ ਰੱਖ ਕੇ ਕਰਜ਼ੇ ਲਏ ਜਾਂਦੇ ਹਨ ਅਤੇ ਇਹਨਾਂ ਵਿੱਚ ਸੰਤੁਲਨ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।*

*4.* ***ਨਿਧੀਗਤ ਅਤੇ ਅਨਿਧੀਗਤ ਰਿਣ*** **(Funded and Unfunded Debt)** :

*ਨਿਧੀਗਤ ਕਰਜ਼ੇ ਇੱਕ ਨਿਸ਼ਚਿਤ ਲੰਬੇ ਸਮੇਂ ਲਈ ਲਏ ਜਾਂਦੇ ਹਨ। ਇਹਨਾਂ ਦੀ ਅਦਾਇਗੀ ਸਬੰਧੀ ਇੱਕ ਨਿਸ਼ਚਿਤ ਸਮਝੌਤਾ ਕੀਤਾ ਜਾਂਦਾ ਹੈ। ਇਹਨਾਂ ਦੀ ਵਾਪਸੀ ਲਈ ਸਰਕਾਰ ਵੱਲੋਂ ਧਨ ਇਕੱਠਾ ਕਰਨ ਲਈ ਇੱਕ ਨਿਧੀ* **(Fund)** *ਸਥਾਪਿਤ ਕੀਤੀ ਜਾਂਦੀ ਹੈ। ਅਨਿਧੀਗਤ ਕਰਜ਼ੇ ਜਿਸ ਸਾਲ ਵਿੱਚ ਲਏ ਜਾਣ ਉਸ ਸਾਲ ਵਿੱਚ ਹੀ ਮੋੜਨੇ ਹੁੰਦੇ ਹਨ। ਇਹ ਕਰਜ਼ੇ ਅਲਪਕਾਲੀਨ ਸਕਿਉਰਟੀਆਂ ਵੇਚ ਕੇ ਪ੍ਰਾਪਤ ਕੀਤੇ ਜਾਂਦੇ ਹਨ।*

*5.* ***ਭੁਗਤਾਨ ਯੋਗ ਅਤੇ ਭੁਗਤਾਨ ਰਹਿਤ ਰਿਣ*** **(Redeemable and Irredeemable Debt)**:

*ਭੁਗਤਾਨ ਯੋਗ ਕਰਜ਼ਿਆਂ ਤੋਂ ਭਾਵ ਹੈ ਸਰਕਾਰ ਵੱਲੋਂ ਲਏ ਗਏ ਅਜਿਹੇ ਕਰਜ਼ੇ ਜੋ ਕਿਸੇ ਨਿਸ਼ਚਿਤ ਅਵਧੀ ਉੱਤੇ ਵਾਪਸ ਕਰਨ ਦਾ ਵਾਅਦਾ ਕੀਤਾ ਗਿਆ ਹੋਵੇ। ਦੂਜੇ ਪਾਸੇ ਭੁਗਤਾਨ ਰਹਿਤ ਕਰਜ਼ਿਆਂ ਸਬੰਧੀ ਮੂਲ ਰਾਸ਼ੀ ਵਾਪਸ ਕਰਨ ਬਾਰੇ ਕੋਈ ਮਿਤੀ ਨਿਰਧਾਰਿਤ ਨਹੀਂ ਕੀਤੀ ਜਾਂਦੀ ਪ੍ਰੰਤੂ ਇਹਨਾਂ ਦਾ ਵਿਆਜ ਨਿਯਮਿਤ ਰੂਪ ਵਿੱਚ ਵਾਪਸ ਕੀਤਾ ਜਾਂਦਾ ਹੈ। ਸਰਕਾਰ ਨੂੰ ਭੁਗਤਾਨ ਰਹਿਤ ਕਰਜ਼ਿਆਂ ਉੱਤੇ ਬਹੁਤਾ ਨਿਰਭਰ ਨਹੀਂ ਕਰਨਾ ਚਾਹੀਦਾ ਕਿਉਂਕਿ ਇਹਨਾਂ ਨਾਲ ਰਿਣ ਦੇਣਦਾਰੀ ਵਧਦੀ ਰਹਿੰਦੀ ਹੈ। ਪ੍ਰੰਤੂ, ਜੇਕਰ ਸਰਕਾਰ ਇਸ ਰਿਣ ਨੂੰ ਉਤਪਾਦਕੀ ਕੰਮਾਂ ਲਈ ਵਰਤੋਂ ਵਿੱਚ ਲਿਆਵੇ ਅਤੇ ਪੂੰਜੀ ਸੰਪੱਤੀ ਦਾ ਨਿਰਮਾਣ ਕਰਨ ਵਿੱਚ ਕਾਮਯਾਬ ਹੋ ਜਾਵੇ ਤਾਂ ਇਸ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਨਾਲ ਮੂਲ ਰਾਸ਼ੀ ਅਤੇ ਵਿਆਜ ਆਸਾਨੀ ਨਾਲ ਅਦਾ ਕੀਤੇ ਜਾ ਸਕਦੇ ਹਨ।*

*6.* ***ਵਿਕ੍ਰੀ-ਯੋਗ ਅਤੇ ਵਿਕ੍ਰੀ ਰਹਿਤ ਰਿਣ*** **(Marketable and Non-market Debt)**:

*ਅਜਿਹੇ ਕਰਜ਼ੇ ਜੋ ਕਿ ਖੁਲ੍ਹੀ ਮੰਡੀ ਵਿੱਚ ਰਿਣ ਪੱਤਰ ਅਤੇ ਸਕਿਉਰਟੀਆਂ ਵੇਚ ਕੇ ਇਕੱਠੇ ਕੀਤੇ ਜਾਂਦੇ ਹਨ ਉਨ੍ਹਾਂ ਨੂੰ ਵਿਕਰੀਯੋਗ ਕਰਜ਼ੇ ਕਿਹਾ ਜਾਂਦਾ ਹੈ।*

*ਉਹ ਰਿਣਪੱਤਰ ਅਤੇ ਸਕਿਉਰਟੀਆਂ ਜਿਹਨਾਂ ਨੂੰ ਖੁੱਲ੍ਹੀ ਮੰਡੀ ਭਾਵ ਸਟਾਕ ਐਕਸਚੇਂਜ ਮਾਰਕੀਟ ਵਿੱਚ ਵੇਚਿਆ ਨਹੀਂ ਜਾ ਸਕਦਾ ਉਹਨਾਂ ਨੂੰ ਵਿਕਰੀ ਰਹਿਤ ਰਿਣ ਕਿਹਾ ਜਾ ਸਕਦਾ ਹੈ।*

**ਸਵੈ-ਮੁਲਾਂਕਣ ਅਭਿਆਸ – 2**

*ਪ੍ਰਸ਼ਨ: ਨਿਧੀਗਤ ਅਤੇ ਅਨਿਧੀਗਤ ਰਿਣ ਵਿਚਕਾਰ ਅੰਤਰ ਕਰੋ।*

*ਉੱਤਰ* ..............................................................................................

..............................................................................................

..............................................................................................

### 2.5.5 ਸਰਕਾਰੀ ਰਿਣ ਦਾ ਭਾਰ :

*ਤੁਸੀਂ ਪੜ੍ਹ ਚੁੱਕੇ ਹੋ ਕਿ ਸਰਕਾਰ ਦੇਸ਼ ਦੇ ਅੰਦਰੋਂ ਅਤੇ ਦੇਸ਼ ਦੇ ਬਾਹਰਲੇ ਸ੍ਰੋਤਾਂ ਤੋਂ ਉਧਾਰ ਲੈਂਦੀ ਹੈ। ਇਹਨਾਂ ਦੋਵਾਂ ਸ੍ਰੋਤਾਂ ਤੋਂ ਲਏ ਗਏ ਉਧਾਰ ਦਾ ਵੱਖੋ ਵੱਖਰਾ ਭਾਰ ਪੈਂਦਾ ਹੈ। ਇਹ ਭਾਰ ਮੌਦ੍ਰਿਕ ਰੂਪ ਵਿੱਚ ਅਤੇ ਵਾਸਤਵਿਕ ਰੂਪ ਵਿੱਚ ਹੋ ਸਕਦਾ ਹੈ। ਮੌਦ੍ਰਿਕ ਭਾਰ ਸਬੰਧੀ ਕਿਹਾ ਜਾ ਸਕਦਾ ਹੈ ਕਿ ਕੌਮੀ ਕਰਜ਼ੇ ਅਤੇ ਵਿਆਜ ਦੀ ਅਦਾਇਗੀ ਲਈ ਲਗਾਏ ਜਾਣ ਵਾਲੇ ਕਰਾਂ ਦਾ ਭਾਰ ਲੋਕਾਂ ਉੱਤੇ ਪੈਂਦਾ ਹੈ। ਇਸ ਦਾ ਭਾਵ ਹੈ ਕਿ ਸਰਕਾਰ ਜਦੋਂ ਰਿਣ ਜਾਰੀ ਕਰਦੀ ਹੈ ਤਾਂ ਵਿਆਜ ਅਦਾਇਗੀਆਂ ਲਈ ਨਵੇਂ ਕਰ ਲਗਾਉਂਦੀ ਹੈ, ਇਸ ਤਰ੍ਹਾਂ ਲੋਕਾਂ ਦੀ ਆਮਦਨ ਸਰਕਾਰ ਕੋਲ ਚਲੀ ਜਾਂਦੀ ਹੈ, ਲੋਕਾਂ ਦੀ ਆਮਦਨ ਵਿੱਚ ਇਹ ਕਮੀ ਸਰਕਾਰੀ ਰਿਣ ਦਾ ਵਿੱਤੀ ਭਾਰ ਜਾਂ ਮੌਦ੍ਰਿਕ ਭਾਰ ਕਿਹਾ ਜਾ ਸਕਦਾ ਹੈ।*

*ਇਸੇ ਤਰ੍ਹਾਂ, ਵਧ ਰਹੇ ਸਰਕਾਰੀ ਰਿਣ ਕਾਰਣ ਲੱਗਣ ਵਾਲੇ ਨਵੇਂ ਨਵੇਂ ਕਰਾਂ ਦਾ ਲੋਕਾਂ ਦੀ ਕੰਮ ਅਤੇ ਬੱਚਤ ਕਰਨ ਦੀ ਸਮਰੱਥਾ ਅਤੇ ਇੱਛਾ ਉੱਤੇ ਬੁਰਾ ਪ੍ਰਭਾਵ ਪੈਂਦਾ ਹੈ, ਇਸ ਨੂੰ ਹੀ ਸਰਕਾਰੀ ਰਿਣ ਦਾ ਦੂਜੇ ਦਰਜੇ ਦਾ ਜਾਂ ਵਾਸਤਵਿਕ ਭਾਰ ਕਿਹਾ ਜਾਂਦਾ ਹੈ। ਆਓ ਹੁਣ ਅੰਦਰੂਨੀ ਅਤੇ ਬਾਹਰੀ ਕਰਜ਼ੇ ਦੇ ਭਾਰ ਦੀ ਵਿਆਖਿਆ ਕਰਦੇ ਹਾਂ।*

***1. ਅੰਦਰੂਨੀ ਕਰਜ਼ੇ ਦਾ ਭਾਰ*** :

*ਅੰਦਰੂਨੀ ਕਰਜ਼ਿਆਂ ਰਾਹੀਂ ਇਕੱਤਰ ਕੀਤੀ ਰਾਸ਼ੀ, ਇਸ ਦੀ ਅਦਾਇਗੀ ਅਤੇ ਵਿਆਜ ਦੀ ਅਦਾਇਗੀ ਅਤੇ ਇੱਥੋਂ ਤੱਕ ਕਿ ਇਸ ਉਦੇਸ਼ ਲਈ ਲਗਾਏ ਗਏ ਨਵੇਂ ਕਰ ਸਿਰਫ਼ ਖਰੀਦ ਸ਼ਕਤੀ ਨੂੰ ਦੇਸ਼ ਦੇ ਅੰਦਰ ਹੀ ਇੱਕ ਤੋਂ ਦੂਜੇ ਹੱਥਾਂ ਵਿੱਚ ਬਦਲਦੇ ਰਹਿੰਦੇ ਹਨ। ਭਾਵ ਮੁਦਰਾ ਦੇਸ਼ ਦੇ ਅੰਦਰ ਹੀ ਰਹਿੰਦੀ ਹੈ, ਇਹ ਰਾਸ਼ਟਰੀ ਮੁਦਰਾ ਮੰਡੀ ਤੋ ਬਾਹਰ ਨਹੀਂ ਜਾਂਦੀ। ਜੇਕਰ ਮੁਦਰਾ ਸ਼ਕਤੀ ਦੀ ਇਹ ਤਬਦੀਲੀ ਇੱਕੋ ਤਰ੍ਹਾਂ ਦੇ ਲੋਕਾਂ ਵਿਚਕਾਰ ਹੋਵੇ ਤਾਂ ਇਸ ਦਾ ਭਾਰ ਨਹੀਂ ਪੈਂਦਾ ਭਾਵ ਜੇ ਬਾਂਡ ਹੋਲਡਰ ਹੀ ਕਰਦਾਤਾ ਹੋਣ। ਪ੍ਰੰਤੂ, ਜੇ ਬਾਂਡ ਹੋਲਡਰ ਅਤੇ ਕਰਦਾਤਾ ਵੱਖੋ-ਵੱਖਰੇ ਵਿਅਕਤੀ ਹੋਣ ਤਾਂ ਆਮਦਨ ਅਤੇ ਧਨ ਦੀ ਵੰਡ ਵਿੱਚ ਤਬਦੀਲੀ ਆ ਸਕਦੀ ਹੈ।*

*ਇਸ ਦੇ ਵਾਸਤਵਿਕ ਭਾਰ ਸਬੰਧੀ ਇਹ ਵੀ ਕਿਹਾ ਜਾਂਦਾ ਹੈ ਸਰਕਾਰੀ ਰਿਣ ਦੀ ਮੂਲ ਰਾਸ਼ੀ ਅਤੇ ਵਿਆਜ ਦੀ ਅਦਾਇਗੀ ਨਾਲ ਆਮਦਨ ਦੀ ਅਸਮਾਨਤਾ ਵਧਦੀ ਹੈ।*

*ਪ੍ਰਸਿੱਧ ਅਰਥਵਿਗਿਆਨੀ ਡਾਲਟਨ ਦਾ ਵਿਚਾਰ ਹੈ ਕਿ ਸਰਕਾਰੀ ਸਕਿਊਰਟੀਆਂ ਨੂੰ ਆਮ ਤੌਰ ਤੇ ਧਨੀ ਵਰਗ ਖ਼ਰੀਦਦਾ ਹੈ। ਇਹਨਾਂ ਦੇ ਮੂਲਧਨ ਅਤੇ ਵਿਆਜ ਦੀ ਪ੍ਰਾਪਤੀ ਉਪਰੰਤ ਇਹ ਵਰਗ ਅਮੀਰ ਹੋ ਜਾਂਦਾ ਹੈ ਕਿਉਂਕਿ ਬਾਂਡ ਹੋਲਡਰ ਆਮ ਤੌਰ ਤੇ ਮੱਧ ਆਮਦਨ ਵਰਗ ਅਤੇ ਉੱਚ ਆਮਦਨ ਵਰਗ ਨਾਲ ਸੰਬੰਧ ਰੱਖਦੇ ਹਨ ਜਦੋਂ ਕਿ ਕਰ ਆਮਦਨ ਸਾਰੇ ਲੋਕਾਂ ਤੋਂ ਉਗਰਾਹੀ ਜਾਂਦੀ ਹੈ। ਗਰੀਬ ਦੇਸ਼ਾਂ ਵਿੱਚ ਤਾਂ ਨੀਵੀਂ ਆਮਦਨ ਵਾਲਿਆਂ ਉੱਤੇ ਵਧੇਰੇ ਕਰ ਲੱਗਦੇ ਹਨ। ਇਸ ਤਰ੍ਹਾਂ ਰਿਣ ਵਾਪਸੀ ਦਾ ਨਤੀਜਾ ਆਮਦਨ ਦੀ ਅਸਮਾਨਤਾ ਵਜੋਂ ਨਿਕਲਦਾ ਹੈ। ਅੰਦਰੂਨੀ ਕਰਜ਼ਿਆਂ ਦਾ ਪ੍ਰਤੱਖ ਵਾਸਤਵਿਕ ਭਾਰ ਇੱਕ ਹੋਰ ਤਰ੍ਹਾਂ ਵੀ ਦਿਖਾਈ ਦਿੰਦਾ ਹੈ। ਇਸ ਨਾਲ ਧਨ ਦੀ ਬਦਲੀ ਗਰੀਬਾਂ ਤੋਂ ਅਮੀਰਾਂ ਵੱਲ ਹੀ ਨਹੀਂ ਹੁੰਦੀ ਸਗੋਂ ਨੌਜਵਾਨਾਂ ਤੋਂ ਬਜ਼ੁਰਗਾਂ ਵੱਲ ਵੀ ਹੁੰਦੀ ਹੈ। ਕਿਉਂਕਿ ਸਰਕਾਰੀ ਕਰਜ਼ੇ ਲਈ ਜ਼ਿਆਦਾ ਯੋਗਦਾਨ ਬਜ਼ੁਰਗ ਬੱਚਤਾਂ ਤੋਂ ਸੰਚਿਤ ਮੁਦਰਾ ਵਿੱਚੋਂ ਕਰਦੇ ਹਨ। ਜਦੋਂ ਕਿ ਅਦਾਇਗੀ ਦਾ ਜ਼ਿਆਦਾ ਬੋਝ, ਨੌਜਵਾਨਾਂ ਉੱਤੇ ਕਰਾਂ ਦੇ ਰੂਪ ਵਿੱਚ ਪੈਂਦਾ ਹੈ। ਇਸ ਤਰ੍ਹਾਂ ਅਜਿਹੇ ਕਰਜ਼ਿਆਂ ਦਾ ਵਾਸਤਵਿਕ ਭਾਰ ਨੌਜੁਆਨਾਂ ਉੱਤੇ ਜ਼ਿਆਦਾ ਪੈਂਦਾ ਹੈ।*

**ਬਾਹਰੀ ਕਰਜ਼ਿਆਂ ਦਾ ਭਾਰ (Burden of External Debt)** *:*

*ਹਰੇਕ ਸਾਲ ਵਿਦੇਸ਼ੀ ਕਰਜ਼ੇ ਅਤੇ ਇਸ ਦੇ ਵਿਆਜ ਦੀ ਅਦਾਇਗੀ ਲਈ ਵੱਡੀ ਰਾਸ਼ੀ ਦੇਸ਼ ਤੋਂ ਬਾਹਰ ਚਲੀ ਜਾਂਦੀ ਹੈ। ਜਦੋਂ ਮੂਲਧਨ ਵਿਦੇਸ਼ੀ ਮੁਦਰਾ ਦੇ ਰੂਪ ਵਿੱਚ ਅਦਾ ਕਰਨਾ ਹੋਵੇ ਤਾਂ ਵੱਡੀ ਮਾਤਰਾ ਵਿੱਚ ਵਿਦੇਸ਼ਾਂ ਨੂੰ ਨਿਰਯਾਤ ਕਰਨੈ ਪੈਂਦੇ ਹਨ। ਅਜਿਹੇ ਨਿਰਯਾਤਾਂ ਤੋਂ ਦੇਸ਼ ਨੂੰ ਕੋਈ ਕਮਾਈ ਨਹੀਂ ਹੁੰਦੀ । ਬਾਹਰੀ ਕਰਜ਼ੇ ਦਾ ਇਸ ਤਰ੍ਹਾਂ ਦਾ ਭਾਰ ਪ੍ਰਤੱਖ ਮੁਦਰਾ ਭਾਰ ਹੁੰਦਾ ਹੈ। ਅਜਿਹਾ ਕਰਨ ਨਾਲ ਕਈ ਵਾਰੀ ਦੇਸ਼ ਵਿੱਚ ਵਸਤਾਂ ਅਤੇ ਸੇਵਾਵਾਂ ਦੀ ਕਮੀ ਹੋ ਜਾਂਦੀ ਹੈ ਅਤੇ ਰਾਸ਼ਟਰੀ ਭਲਾਈ ਵਿੱਚ ਕਮੀ ਹੋ ਜਾਂਦੀ ਹੈ। ਇਸ ਤੋਂ ਇਲਾਵਾ ਵਿਦੇਸ਼ੀ ਰਿਣ ਲੈਣ ਵਾਲੀ ਸਰਕਾਰ ਇਸ ਰਿਣ ਅਤੇ ਵਿਆਜ ਦੀ ਅਦਾਇਗੀ ਲਈ ਆਪਣੇ ਦੇਸ਼ ਦੇ ਨਾਗਰਿਕਾਂ ਉੱਤੇ ਵਧੇਰੇ ਕਰ ਲਗਾਉਂਦੀ ਹੈ, ਜਿਸ ਨਾਲ ਉਹਨਾਂ ਦੀ ਖ਼ਰੀਦ-ਸ਼ਕਤੀ ਤਾਂ ਘਟਦੀ ਹੈ ਅਤੇ ਕਈ ਵਾਰੀ ਭਾਰੇ ਕਰਾਂ ਨਾਲ ਉਹਨਾਂ ਦੀ ਕੰਮ ਅਤੇ ਬੱਚਤ ਕਰਨ ਦੀ ਇੱਛਾ ਅਤੇ ਯੋਗਤਾ ਉੱਤੇ ਮਾੜਾ ਅਸਰ ਪੈਂਦਾ ਹੈ।*

**2.5.6 ਸਰਕਾਰੀ ਰਿਣ ਦੇ ਆਰਥਿਕ ਪ੍ਰਭਾਵ:**

*ਕਰਾਧਾਨ ਅਤੇ ਸਰਕਾਰੀ ਖਰਚ ਦੀ ਤਰ੍ਹਾਂ ਹੀ ਸਰਕਾਰੀ ਰਿਣ ਨਾਲ ਸਬੰਧਿਤ ਕ੍ਰਿਆਵਾਂ ਨਾਲ ਖਰੀਦ ਸ਼ਕਤੀ ਸਮਾਜ ਦੇ ਇੱਕ ਵਰਗ ਤੋਂ ਦੂਜੇ ਵਰਗ ਵੱਲ ਤਬਦੀਲ ਹੁੰਦੀ ਹੈ। ਪ੍ਰੋਫੈਸਰ ਡਾਲਟਨ ਦੇ ਅਨੁਸਾਰ, "ਜਦੋਂ ਸਰਕਾਰ ਕੋਈ ਰਿਣ ਮੰਡੀ ਵਿੱਚ ਉਤਾਰਦੀ ਹੈ ਤਾ ਸਰਕਾਰੀ ਸਕਿਊਰਟੀਆਂ ਦੇ ਖ਼ਰੀਦਾਰਾਂ ਤੋਂ ਧਨ ਸਰਕਾਰ ਕੋਲ ਚਲਾ ਜਾਂਦਾ ਹੈ ਅਤੇ ਅੰਤ ਵਿੱਚ ਸਰਕਾਰ ਜਿਹਨਾਂ ਉੱਤੇ ਇਹ ਧਨ ਖਰਚ ਕਰਦੀ ਹੈ ਉਹਨਾਂ ਕੋਲ ਚਲਾ ਜਾਂਦਾ ਹੈ। ਇਸੇ ਤਰ੍ਹਾਂ ਜਦੋਂ ਸਰਕਾਰੀ ਰਿਣ ਦਾ ਵਿਆਜ ਅਦਾ ਕੀਤਾ ਜਾਂਦਾ ਹੈ ਤਾਂ ਵੀ ਇਸ ਉਦੇਸ਼ ਲਈ ਜਿਹਨਾਂ ਲੋਕਾਂ ਉੱਤੇ ਕਰ ਲਗਾਇਆ ਗਿਆ ਹੋਵੇ ਉਹਨਾਂ ਦੇ ਹੱਥਾਂ ਵਿੱਚੋਂ ਮੁਦਰਾ ਸ਼ਕਤੀ ਤਬਦੀਲ ਹੋ ਜਾਂਦੀ ਹੈ ਅਤੇ ਇਸੇ ਤਰ੍ਹਾਂ ਜਦੋਂ ਸਰਕਾਰੀ ਰਿਣ ਵਾਪਿਸ ਕੀਤਾ ਜਾਂਦਾ ਹੈ ਤਾਂ ਵੀ ਮੁਦਰਾ ਸ਼ਕਤੀ ਦੀ ਹਥਬਦਲੀ ਹੀ ਹੁੰਦੀ ਹੈ।"*

*ਸਰਕਾਰੀ ਰਿਣ ਦੇ ਅਸਰ ਕਰਾਧਾਨ ਦੇ ਅਸਰ ਨਾਲੋਂ ਭਿੰਨ ਹੁੰਦੇ ਹਨ ਕਿਉਂਕਿ ਜਨਤਾ ਵੱਲੋਂ ਕਰਾਧਾਨ ਰਾਹੀਂ ਫੰਡ ਮਜ਼ਬੂਰਨ ਦਿੱਤੇ ਜਾਂਦੇ ਹਨ ਜਦੋਂ ਕਿ ਰਿਣ ਰਾਹੀਂ ਫੰਡਾਂ ਦੀ ਬਦਲੀ ਸਵੈ-ਇੱਛਾ ਨਾਲ ਹੁੰਦੀ ਹੈ।*

ਕਿਸ ਸ੍ਰੋਤ ਤੋਂ ਸਰਕਾਰੀ ਰਿਣ ਲਿਆ ਗਿਆ ਹੈ ਅਤੇ ਕਿਸ ਉਦੇਸ਼ ਲਈ ਵਰਤਿਆ ਗਿਆ ਹੈ :

- ਇਹਨਾਂ ਗੱਲਾਂ ਦੇ ਆਧਾਰ ਉੱਤੇ ਹੀ ਸਰਕਾਰੀ ਰਿਣ ਦੇ ਉਪਭੋਗ, ਨਿਵੇਸ਼, ਉਤਪਾਦਨ, ਅਤੇ ਧਨ ਦੀ ਵੰਡ, ਪ੍ਰਭਾਵ ਪੈਂਦੇ ਹਨ।

***ਉਪਭੋਗ ਉੱਪਰ ਪ੍ਰਭਾਵ* (Effects on Consumption) :**

ਜਦੋਂ ਰਿਣ ਵਿਅਕਤੀਆਂ ਤੋਂ ਲਿਆ ਹੋਵੇ ਤਾਂ ਇਹ ਗੱਲ ਮਹੱਤਤਾ ਰੱਖਦੀ ਹੈ ਕਿ ਉਹਨਾਂ ਨੇ ਸਰਕਾਰੀ ਸਕਿਉਰਟੀਆਂ ਆਪਣੇ ਵਰਤਮਾਨ ਖਰਚੇ ਘਟਾ ਕੇ ਜਾਂ ਸੰਚਿਤ ਬੱਚਤ ਵਿੱਚੋਂ ਖਰੀਦੀਆਂ ਹਨ। ਜੇਕਰ ਉਹ ਸਰਕਾਰੀ ਸਕਿਉਰਟੀਆਂ ਆਪਣੇ ਵਰਤਮਾਨ ਖਰਚੇ ਘਟਾ ਕੇ ਖ਼ਰੀਦਦੇ ਹਨ ਤਾਂ ਉਹਨਾਂ ਦਾ ਉਪਭੋਗ ਘੱਟ ਹੋ ਜਾਂਦਾ ਹੈ ਪ੍ਰੰਤੂ ਜੇਕਰ ਲੋਕ ਆਪਣੀਆਂ ਸੰਚਿਤ ਬੱਚਤਾਂ ਵਿੱਚੋਂ ਸਰਕਾਰੀ ਸਕਿਉਰਟੀਆਂ ਖ਼ਰੀਦਦੇ ਹਨ ਤਾਂ ਉਪਭੋਗ ਉੱਤੇ ਕੋਈ ਪ੍ਰਭਾਵ ਨਹੀਂ ਪੈਂਦਾ। ਇਸੇ ਤਰ੍ਹਾਂ ਕਰਜ਼ਿਆਂ ਤੋਂ ਇਕੱਠੀ ਕੀਤੀ ਰਾਸ਼ੀ ਜੇਕਰ ਉਤਪਾਦਕੀ ਕੰਮਾਂ ਉੱਤੇ ਖਰਚ ਕੀਤੀ ਜਾਵੇ ਤਾਂ ਵਸਤਾਂ ਦਾ ਉਤਪਾਦਨ ਵਧਦਾ ਹੈ। ਕੀਮਤਾਂ ਘਟਦੀਆਂ ਹਨ ਅਤੇ ਉਪਭੋਗ ਵਧਦਾ ਹੈ। ਇਸ ਤੋਂ ਇਲਾਵਾ ਜੇ ਇਸ ਰਿਣ ਦੀ ਅਦਾਇਗੀ ਨਵੇਂ ਕਰ ਲਗਾ ਕੇ ਕੀਤੀ ਜਾਂਦੀ ਹੈ ਤਾਂ ਖਰੀਦ ਸ਼ਕਤੀ ਘਟਦੀ ਹੈ ਅਤੇ ਉਪਭੋਗ ਘਟਦਾ ਹੈ।

***ਉਤਪਾਦਨ ਉੱਪਰ ਪ੍ਰਭਾਵ* (Effects on Production) :**

ਸਰਕਾਰੀ ਰਿਣ ਦੇ ਸ੍ਰੋਤ ਅਤੇ ਵਰਤੋਂ ਦੇ ਉਦੇਸ਼ ਦੇ ਆਧਾਰ ਉੱਤੇ ਉਤਪਾਦਨ ਉੱਤੇ ਕਈ ਤਰ੍ਹਾਂ ਦੇ ਪ੍ਰਭਾਵ ਪੈਂਦੇ ਹਨ। ਜੇਕਰ ਲੋਕ ਨਿੱਜੀ ਨਿਵੇਸ਼ ਘਟਾ ਕੇ ਉਦਯੋਗ ਦੇ ਹਿੱਸਿਆਂ ਅਤੇ ਡਿਬੈਂਚਰਾਂ ਨੂੰ ਵੇਚ ਕੇ ਸਰਕਾਰੀ ਸਕਿਉਰਟੀਆਂ ਖ਼ਰੀਦਣ ਤਾਂ ਉਦਯੋਗ ਵਿੱਚ ਨਿਵੇਸ਼ ਕੀਤੀ ਪੂੰਜੀ ਘਟ ਜਾਵੇਗੀ ਅਤੇ ਉਤਪਾਦਨ ਵੀ ਘਟ ਜਾਵੇਗਾ। ਸਰਕਾਰੀ ਰਿਣ ਦੀ ਵਰਤੋਂ ਦੇ ਆਧਾਰ ਤੇ ਵੀ ਇਸ ਦੇ ਉਤਪਾਦਨ ਉੱਪਰ ਪ੍ਰਭਾਵ ਦਾ ਨਿਰੀਖਣ ਕੀਤਾ ਜਾ ਸਕਦਾ ਹੈ। ਜੇਕਰ ਉਤਪਾਦਕੀ ਕੰਮਾਂ ਉੱਤੇ ਸਰਕਾਰੀ ਰਿਣ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਨਿਵੇਸ਼ ਵਧਣ ਨਾਲ ਉਤਪਾਦਨ ਵੀ ਵਧੇਗਾ। ਅਜਿਹੇ ਰਿਣ ਦੀ ਵਾਪਸੀ ਸਮੇਂ ਵੀ ਵਧੇਰੇ ਕਰ ਲਗਾਉਣੇ ਨਹੀਂ ਪੈਂਦੇ ਅਤੇ ਲੋਕਾਂ ਦੀ ਕੰਮ ਕਰਨ, ਬੱਚਤ ਕਰਨ ਦੀ ਸਮਰੱਥਾ ਉੱਤੇ ਕੋਈ ਮਾੜਾ ਪ੍ਰਭਾਵ ਨਹੀਂ ਪੈਂਦਾ।

***ਵੰਡ ਉੱਪਰ ਪ੍ਰਭਾਵ* (Effects on Distribution) :**

ਸਰਕਾਰੀ ਉਧਾਰ ਲੈਣ ਨਾਲ ਖ਼ਰੀਦ ਸ਼ਕਤੀ ਇੱਕ ਵਰਗ ਤੋਂ ਦੂਜੇ ਵਰਗ ਵੱਲ ਤਬਦੀਲ ਹੋ ਜਾਂਦੀ ਹੈ। ਜੇ ਸਰਕਾਰੀ ਸਕਿਉਰਟੀਆਂ ਅਮੀਰ ਵਰਗ ਵੱਲੋਂ ਖ਼ਰੀਦੀਆਂ ਜਾਂਦੀਆਂ ਹਨ ਅਤੇ ਇਸ ਰਾਸ਼ੀ ਦੀ ਵਰਤੋਂ ਗਰੀਬ ਵਰਗ ਦੀ ਭਲਾਈ ਲਈ ਕੀਤੀ ਜਾਵੇ ਤਾਂ ਆਮਦਨ ਦੀ ਕਾਣੀ ਵੰਡ ਘਟਦੀ ਹੈ। ਇਸ ਦਾ ਦੂਜਾ ਪੱਖ ਇਹ ਹੈ ਕਿ ਇਸ ਰਿਣ ਅਤੇ ਵਿਆਜ ਦੀ ਅਦਾਇਗੀ ਨਾਲ ਧਨੀ ਵਰਗ ਹੋਰ ਅਮੀਰ ਹੋ ਜਾਂਦਾ ਹੈ ਅਤੇ ਜੇ ਇਸ ਉਦੇਸ਼ ਲਈ ਨਵੇਂ ਕਰ ਲਗਾ ਦਿੱਤੇ ਜਾਣ ਤਾਂ ਗਰੀਬ ਵਰਗ ਹੋਰ ਗਰੀਬ ਹੋ ਜਾਂਦਾ ਹੈ। ਇਸ ਤਰ੍ਹਾਂ ਅਸਮਾਨਤਾ ਵਧਦੀ ਹੈ।

***ਮੁਦਰਾ ਮੰਡੀ ਉੱਪਰ ਪ੍ਰਭਾਵ* (Effects on Money Market) :**

ਜੇ ਸਰਕਾਰ ਆਮ ਜਨਤਾ ਕੋਲੋਂ ਪੈਸਾ ਉਧਾਰ ਲੈਂਦੀ ਹੈ ਤਾਂ ਨਿੱਜੀ ਨਿਵੇਸ਼ਕਾਂ ਵਿੱਚ ਗੰਭੀਰ ਮੁਕਾਬਲਾ ਸ਼ੁਰੂ ਹੋ ਜਾਂਦਾ ਹੈ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਮੰਡੀ ਵਿੱਚ ਨਿਵੇਸ਼ ਫੰਡਾਂ ਦੀ ਪੂਰਤੀ ਵਧ ਜਾਂਦੀ ਹੈ। ਦੂਜੇ ਪਾਸੇ, ਜੇ ਸਰਕਾਰ ਬੈਂਕਾਂ ਤੋਂ ਉਧਾਰ ਲੈਂਦੀ ਹੈ ਤਾਂ ਕਰੰਸੀ ਵਧਣ ਦੇ ਆਸਾਰ ਪੈਦਾ ਹੋ ਜਾਂਦੇ ਹਨ।

ਸੋ ਖੁੱਲ੍ਹੀ ਮੰਡੀ ਕ੍ਰਿਆ ਨਾਲ ਆਰਥਿਕ ਸਥਿਰਤਾ ਸਥਾਪਿਤ ਕੀਤੀ ਜਾ ਸਕਦੀ ਹੈ। ਇਹ ਮੰਦੀ ਅਤੇ ਮੁਦਰਾ ਸਫ਼ੀਤੀ ਦੋਹਾਂ ਸਥਿਤੀਆਂ ਨੂੰ ਕੰਟਰੋਲ ਕਰਨ ਦਾ ਢੰਗ ਸਾਧਨ ਹੈ।

***ਵਿਦੇਸ਼ੀ ਕਰਜ਼ੇ ਦੇ ਪ੍ਰਭਾਵ* :**

ਵਿਦੇਸ਼ੀ ਕਰਜ਼ੇ ਦੇ ਅਰਥ ਵਿਵਸਥਾ ਉੱਤੇ ਵਧੇਰੇ ਡੂੰਘੇ ਪ੍ਰਭਾਵ ਪੈਂਦੇ ਹਨ। ਇਹ ਵਧੇਰੇ ਕਰਕੇ ਯੁੱਧ ਸਮੱਗਰੀ ਦੀ ਖ਼ਰੀਦ ਜਾਂ ਵਿਕਾਸਾਤਮਕ ਪ੍ਰਜੈਕਟਾਂ ਦੇ ਨਿਰਮਾਣ ਜਾਂ ਭੁਗਤਾਨ ਬਾਕੀ ਨੂੰ ਸੰਤੁਲਨ ਵਿੱਚ ਕਰਨ ਲਈ ਲਿਆ ਜਾਂਦਾ ਹੈ। ਵਿਦੇਸ਼ੀ ਕਰਜ਼ੇ ਜੇ ਉਪਰੋਕਤ ਉਦੇਸ਼ਾਂ ਲਈ ਹੀ ਲਏ ਜਾਣ ਅਤੇ ਵਰਤੋਂ ਵਿੱਚ ਲਿਆਏ ਜਾਣ ਤਾਂ ਇਹਨਾਂ ਦਾ ਦੇਸ਼ ਦੀ ਅਰਥਵਿਵਸਥਾ ਉੱਪਰ ਚੰਗਾ ਪ੍ਰਭਾਵ ਪੈਂਦਾ ਹੈ। ਇਹ ਜ਼ਰੂਰ ਧਿਆਨ ਰੱਖਣਾ ਚਾਹੀਦਾ ਹੈ ਕਿ ਵਿਦੇਸ਼ੀ ਰਿਣ ਨਾਲ ਦੇਸ਼ ਦੀ ਸੁਤੰਤਰਤਾ ਨੂੰ ਕੋਈ ਖਤਰਾ ਪੈਦਾ ਨਾ ਹੋਵੇ।

ਸੋ ਤੁਸੀਂ ਜਾਣ ਗਏ ਹੋਵੋਂਗੇ ਕਿ ਸਰਕਾਰੀ ਰਿਣ ਦਾ ਸ੍ਰੋਤ, ਇਸ ਦੀ ਵਰਤੋਂ ਦਾ ਉਦੇਸ਼, ਅਦਾਇਗੀ ਦੇ ਢੰਗ ਆਦਿ

ਗੱਲਾਂ ਦੇ ਅਰਥਵਿਵਸਥਾ ਉੱਤੇ ਚੰਗੇ ਅਤੇ ਮਾੜੇ ਦੋਵੇਂ ਤਰ੍ਹਾਂ ਦੇ ਅਸਰ ਪੈ ਸਕਦੇ ਹਨ।

**ਸਵੈ-ਮੁਲਾਂਕਣ ਅਭਿਆਸ**

ਪ੍ਰਸ਼ਨ: ਸਰਕਾਰੀ ਰਿਣ ਦਾ ਉਪਭੋਗ ਉੱਪਰ ਕਿਸ ਤਰ੍ਹਾਂ ਦਾ ਪ੍ਰਭਾਵ ਪੈਂਦਾ ਹੈ?

ਉੱਤਰ ..................................................................................................

..................................................................................................

..................................................................................................

### 2.5.7 ਸਰਕਾਰੀ ਰਿਣ ਅਦਾਇਗੀ ਦੇ ਢੰਗ (Methods of Debt Redemption) :

ਸਰਕਾਰ ਲਏ ਗਏ ਰਿਣ ਨੂੰ ਵਿਆਜ ਸਮੇਤ ਇੱਕ ਨਿਸ਼ਚਿਤ ਅਵਧੀ ਉਪਰਾਂਤ ਵਾਪਸ ਕਰਨ ਲਈ ਵਚਨਬੱਧ ਹੁੰਦੀ ਹੈ। ਇਸ ਰਿਣ ਨੂੰ ਨਿਯਤ ਸਮੇਂ ਉੱਤੇ ਵਾਪਸ ਕਰਨਾ ਲਾਜ਼ਮੀ ਵੀ ਹੈ। ਅਜਿਹਾ ਕਰਨ ਨਾਲ ਸਰਕਾਰ ਦੀ ਪ੍ਰਤਿਸ਼ਠਾ ਵਧਦੀ ਹੈ। ਲੋਕਾਂ ਨੂੰ ਵਿਸ਼ਵਾਸ ਹੋ ਜਾਂਦਾ ਹੈ ਕਿ ਸਰਕਾਰ ਲਏ ਹੋਏ ਕਰਜ਼ੇ ਨੂੰ ਵਾਪਸ ਕਰਨ ਦਾ ਯਤਨ ਵੀ ਕਰਦੀ ਹੈ। ਰਿਣ ਵਾਪਸ ਕਰਨ ਨਾਲ ਸਰਕਾਰ ਦੀਆਂ ਬਕਾਇਆ ਦੇਣਦਾਰੀਆਂ ਖਤਮ ਹੋ ਜਾਂਦੀਆਂ ਹਨ ਅਤੇ ਸਰਕਾਰ ਇੱਕ ਮਜ਼ਬੂਤ ਸਥਿਤੀ ਵਿੱਚ ਪ੍ਰਵੇਸ਼ ਕਰ ਲੈਂਦੀ ਹੈ ਅਤੇ ਨਵੇਂ ਕਰਜ਼ੇ ਆਸਾਨੀ ਨਾਲ ਲੈ ਸਕਦੀ ਹੈ। ਰਿਣ ਵਾਪਸ ਕਰਨ ਨਾਲ ਰਿਣ ਪ੍ਰਬੰਧ ਦੀਆਂ ਸਮੱਸਿਆਵਾਂ ਵੀ ਘਟ ਜਾਂਦੀਆਂ ਹਨ।

ਆਓ ਹੁਣ ਸਰਕਾਰੀ ਰਿਣ ਅਦਾਇਗੀ ਦੇ ਅਪਨਾਏ ਜਾਂਦੇ ਢੰਗਾਂ ਦਾ ਵਰਨਣ ਕਰਦੇ ਹਾਂ:

1. **ਰਾਖਵਾਂ ਫੰਡ** :

ਇਹ ਢੰਗ ਰਿਣ ਅਦਾਇਗੀ ਦਾ ਸਭ ਤੋਂ ਪੁਰਾਣਾ ਢੰਗ ਹੈ। ਇਸ ਢੰਗ ਅਧੀਨ ਸਰਕਾਰੀ ਰਿਣ ਦੇ ਭੁਗਤਾਨ ਲਈ ਬਜਟ ਵਿੱਚੋਂ ਹਰੇਕ ਸਾਲ ਕੁਝ ਰਕਮ ਰਿਣ ਦੇ ਭੁਗਤਾਨ ਲਈ ਵੱਖਰੀ ਕਰਕੇ ਇੱਕ ਕੋਸ਼ ਵਿੱਚ ਰੱਖ ਲਈ ਜਾਂਦੀ ਹੈ ਅਤੇ ਭੁਗਤਾਨ ਦਾ ਸਮਾਂ ਆਉਣ ਤੇ ਇਸ ਵਿੱਚੋਂ ਅਦਾਇਗੀ ਕਰ ਦਿੱਤੀ ਜਾਂਦੀ ਹੈ। ਕਰਾਂ ਦੀ ਆਮਦਨ ਦਾ ਕੁਝ ਭਾਗ ਅਤੇ ਕਰਜ਼ਿਆਂ ਦੀ ਵਰਤੋਂ ਤੋਂ ਪ੍ਰਾਪਤ ਹੋਣ ਵਾਲੀ ਕੁਝ ਆਮਦਨ ਇਸ ਫੰਡ ਵਿੱਚ ਜਮ੍ਹਾਂ ਕਰ ਦਿੱਤੀ ਜਾਂਦੀ ਹੈ। ਇਹ ਸੂਦ ਦਰ ਸੂਦ ਦੀ ਦਰ ਤੇ ਵਧਦੀ ਜਾਂਦੀ ਹੈ। ਅਦਾਇਗੀ ਦੀ ਮਿਆਦ ਆਉਣ ਤੱਕ ਇਹ ਰਾਸ਼ੀ ਕਰਜ਼ੇ ਦੀ ਰਾਸ਼ੀ ਦੇ ਬਰਾਬਰ ਹੋ ਜਾਂਦੀ ਹੈ।

ਇਸ ਵਿਧੀ ਦੇ ਕਈ ਲਾਭ ਹਨ :

(ੳ) ਰਿਣ ਵਾਪਸੀ ਦੀ ਮਿਆਦ ਪੁੱਗਣ ਤੇ ਸਰਕਾਰ ਨੂੰ ਰਿਣ ਭੁਗਤਾਨ ਕਰਨ ਲਈ ਨਵੇਂ ਕਰ ਨਹੀਂ ਲਗਾਉਣੇ ਪੈਂਦੇ।

(ਅ) ਇਸ ਫੰਡ ਵਿੱਚੋਂ ਰਿਣ ਦੀ ਚੁਕਾਈ ਅਸਫ਼ੀਤੀਜਨਕ ਸਾਧਨ ਹੈ। ਇਸ ਲਈ ਇਹ ਮੁਦਰਾ ਸਫ਼ੀਤੀ ਸਮੇਂ ਵਧੇਰੇ ਵਰਤੋਂ ਵਿੱਚ ਲਿਆਂਦੀ ਜਾ ਸਕਦੀ ਹੈ।

ਦੂਜੇ ਪਾਸੇ, ਸਨਾਤਨੀ ਅਰਥਵਿਗਿਆਨੀ ਇਸ ਫੰਡ ਨੂੰ ਫਜ਼ੂਲ ਖਰਚੀ ਵਧਾਉਣ ਲਈ ਸਰਕਾਰ ਦੀ ਇੱਕ ਜੁਗਤ ਸਮਝਦੇ ਸਨ। ਉਹ ਸਮਝਦੇ ਸਨ ਕਿ ਇਸ ਨਿਧੀ ਨੂੰ ਅਣਉਤਪਾਦਕ ਕੰਮਾਂ ਉੱਤੇ ਖਰਚਿਆ ਜਾਂਦਾ ਹੈ। ਇਹ ਵੀ ਆਖਿਆ ਜਾਂਦਾ ਹੈ ਕਿ ਸਰਕਾਰ ਔਖੇ ਸਮੇਂ ਇਸ ਕੋਸ਼ ਨੂੰ ਵਰਤ ਲੈਂਦੀ ਹੈ ਅਤੇ ਉਸ ਸਥਿਤੀ ਵਿੱਚ ਰਿਣ ਦਾ ਭੁਗਤਾਨ ਕਰਨਾ ਔਖਾ ਹੋ ਜਾਂਦਾ ਹੈ।

ਪ੍ਰੰਤੂ ਆਧੁਨਿਕ ਸਮੇਂ ਵਿੱਚ ਸਰਕਾਰ ਅਜਿਹਾ ਨਹੀਂ ਕਰਦੀ ਕਿਉਂਕਿ ਸਰਕਾਰ ਉੱਪਰ ਦੱਸੇ ਅਨੁਸਾਰ ਇਸ ਫੰਡ ਨੂੰ ਅਣਵਰਤਿਆ ਨਹੀਂ ਰੱਖਦੀ, ਸਗੋਂ ਆਏ ਸਾਲ ਸਕਿਊਰਟੀਆਂ ਮੁੜ ਖਰੀਦ ਕੇ ਰਿਣ ਦਾ ਭੁਗਤਾਨ ਹਰੇਕ ਸਾਲ ਕਰਦੀ ਰਹਿੰਦੀ ਹੈ।

2. **ਵਾਧੇ ਵਾਲੇ ਬਜਟ ਦੀ ਵਰਤੋਂ (Utilisation of Budget Surplus)** :

ਇਸ ਵਿਧੀ ਰਾਹੀਂ ਸਰਕਾਰ ਆਪਣੇ ਖਰਚ ਨੂੰ ਜਾਣ ਬੁੱਝ ਕੇ ਕਰ ਆਮਦਨ ਨਾਲੋਂ ਘੱਟ ਰੱਖਦੀ ਹੈ ਤਾਂ ਕਿ ਵਾਧੂ ਬਚੀ ਹੋਈ ਆਮਦਨ ਰਾਹੀਂ ਰਿਣ ਦਾ ਭੁਗਤਾਨ ਕਰ ਸਕੇ। ਪ੍ਰੰਤੂ ਅੱਜਕੱਲ੍ਹ ਇਸ ਵਿਧੀ ਨੂੰ ਅਪਨਾਉਣਾ ਔਖਾ ਹੈ ਕਿਉਂਕਿ ਪਿਛਲੇ ਕੁਝ ਸਾਲਾਂ ਤੋਂ ਸਰਕਾਰ ਆਪਣੀ ਆਮਦਨ ਨਾਲੋਂ ਵਧੇਰੇ ਖਰਚ ਕਰ ਰਹੀ ਹੈ ਅਤੇ ਘਾਟੇ ਵਾਲੇ

*ਬਜਟ ਨੂੰ ਅਪਣਾਇਆ ਜਾ ਰਿਹਾ ਹੈ।*

3. ***ਸਲਾਨਾ ਕਿਸ਼ਤਾਂ*** **(Terminal Annuities)** *:*

*ਇਸ ਵਿਧੀ ਅਨੁਸਾਰ ਰਿਣ ਦਾ ਕਿਸ਼ਤਾਂ ਵਿੱਚ ਭੁਗਤਾਨ ਕੀਤਾ ਜਾਂਦਾ ਹੈ। ਸਰਕਾਰ ਉਧਾਰ ਦੀ ਰਾਸ਼ੀ ਨੂੰ ਕਈ ਭਾਗਾਂ ਵਿੱਚ ਵੰਡ ਲੈਂਦੀ ਹੈ ਅਤੇ ਹਰ ਇੱਕ ਭਾਗ ਲਈ ਉਧਾਰ ਦੇ ਭੁਗਤਾਨ ਦਾ ਸਮਾਂ ਨਿਸ਼ਚਿਤ ਕਰ ਲੈਂਦੀ ਹੈ। ਇਸ ਤਰ੍ਹਾਂ ਹਰ ਇੱਕ ਭਾਗ ਦਾ ਭੁਗਤਾਨ ਸਾਲ ਪਿੱਛੋਂ ਕੀਤਾ ਜਾਂਦਾ ਹੈ।*

*ਇਸ ਨਾਲ ਬਜਟ ਦੇ ਪ੍ਰਬੰਧ ਵਿੱਚ ਆਸਾਨੀ ਰਹਿੰਦੀ ਹੈ ਅਤੇ ਇਸ ਤਰ੍ਹਾਂ ਰਿਣ ਦਾ ਭਾਰ ਹਰੇਕ ਸਾਲ ਥੋੜ੍ਹਾ ਥੋੜ੍ਹਾ ਘਟਦਾ ਰਹਿੰਦਾ ਹੈ। ਰਿਣ ਦੀ ਅਵਧੀ ਪੂਰਣ ਹੋਣ ਤੱਕ ਵਧੇਰੇਤਰ ਰਾਸ਼ੀ ਅਦਾ ਕੀਤੀ ਜਾ ਚੁੱਕੀ ਹੁੰਦੀ ਹੈ। ਇਸ ਵਿਧੀ ਨੂੰ ਲੜੀਵਾਰ ਬਾਂਡਾਂ ਰਾਹੀਂ ਅਦਾਇਗੀ ਜਾਂ ਇਥੋਂ ਤੱਕ ਕਿ ਰਾਖਵੇਂ ਫੰਡ ਵਰਗੀ ਵਿਧੀ ਵੀ ਕਿਹਾ ਜਾ ਸਕਦਾ ਹੈ।*

4. ***ਪੂੰਜੀ ਕਰ*** (Capital levy) *: ਸਰਕਾਰ ਕੌਮੀ ਕਰਜ਼ੇ ਦੀ ਅਦਾਇਗੀ ਲਈ ਲੋਕਾਂ ਦੀ ਪੂੰਜੀ ਦੇ ਮੁੱਲ ਉੱਤੇ ਇੱਕੋ ਵਾਰ ਕਰ* (Once for all tax) *ਲਗਾਉਂਦੀ ਹੈ। ਕਿਸੇ ਵਿਅਕਤੀ ਦੇ ਕਬਜ਼ੇ ਵਿੱਚ ਮਿੱਥੇ ਗਏ ਘੱਟੋ ਘੱਟ ਮੁੱਲ ਦੀ ਪੂੰਜੀ ਸੰਪਤੀ ਨਾਲੋਂ ਜਿੰਨੀਆਂ ਵੱਧ ਪੂੰਜੀ ਵਸਤਾਂ ਹੋਣਗੀਆਂ ਉਹਨਾਂ ਉੱਤੇ ਕਰ ਲਗਾਇਆ ਜਾਂਦਾ ਹੈ। ਇਹ ਢੰਗ ਰਿਕਾਰਡੋ, ਪੀਗੂ ਵਰਗੇ ਅਰਥਵਿਗਿਆਨੀਆਂ ਨੇ ਜੰਗ ਲਈ ਜਾਂ ਆਪਾਤਕਾਲੀਨ ਸਥਿਤੀਆਂ ਵਿੱਚ ਲਏ ਕਰਜ਼ੇ ਦਾ ਭੁਗਤਾਨ ਕਰਨ ਲਈ ਦਿੱਤਾ ਸੀ। ਪ੍ਰੰਤੂ ਆਧੁਨਿਕ ਕਾਲ ਵਿੱਚ ਵਿਕਾਸ ਯੋਜਨਾਵਾਂ ਦੇ ਖਰਚੇ ਨੂੰ ਪੂਰਾ ਕਰਨ ਲਈ ਲਏ ਗਏ ਉਧਾਰ ਦੇ ਭੁਗਤਾਨ ਲਈ ਵੀ ਇਸ ਵਿਧੀ ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ।*

*ਇਸ ਦੇ ਹੱਕ ਵਿੱਚ ਦਲੀਲ ਦਿੱਤੀ ਜਾਂਦੀ ਹੈ ਕਿ ਅਜਿਹਾ ਕਰਨ ਨਾਲ ਇੱਕੋ ਵਾਰੀ ਕਰਜ਼ੇ ਦਾ ਭਾਰ ਉੱਤਰ ਜਾਦਾ ਹੈ ਅਤੇ ਸਰਕਾਰ ਆਰਥਿਕ ਵਿਕਾਸ ਦੇ ਕੰਮਾਂ ਵੱਲ ਧਿਆਨ ਦੇ ਸਕਦੀ ਹੈ। ਪੂੰਜੀ ਕਰ ਦਾ ਭਾਰ ਧਨੀ ਵਰਗ ਤੇ ਜ਼ਿਆਦਾ ਪੈਂਦਾ ਹੈ। ਇਹੀ ਵਰਗ ਸਰਕਾਰੀ ਕਰਜ਼ਿਆਂ ਦੀ ਵੱਡੀ ਰਾਸ਼ੀ ਖ਼ਰੀਦਦਾ ਹੈ ਅਤੇ ਉਸ ਦਾ ਪੂੰਜੀ ਕਰ ਰਾਹੀਂ ਭਾਰ ਬਰਦਾਸ਼ਤ ਕਰ ਸਕਦੇ ਹਨ। ਇਸ ਤਰ੍ਹਾਂ ਪੂੰਜੀ ਕਰ ਨੂੰ ਨੈਤਿਕਤਾ ਦੇ ਆਧਾਰ ਤੇ ਵੀ ਧਨ ਦੀ ਵੰਡ ਸਮਾਨ ਕਰਨ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ। ਇਸ ਦੇ ਵਿਰੁੱਧ ਦਲੀਲ ਦਿੱਤੀ ਜਾਂਦੀ ਹੈ ਕਿ ਪੂੰਜੀਗਤ ਰਾਸ਼ੀ ਉੱਪਰ ਕਰ ਲੱਗਣ ਕਰਕੇ ਇਸ ਦੀਆਂ ਕੀਮਤਾਂ ਘਟ ਸਕਦੀਆਂ ਹਨ ਜਿਸ ਦਾ ਸਮੁੱਚੀ ਅਰਥਵਿਵਸਥਾ ਤੇ ਭੈੜਾ ਪ੍ਰਭਾਵ ਪਵੇਗਾ। ਇਹ ਵੀ ਕਿਹਾ ਜਾਂਦਾ ਹੈ ਕਿ ਇਸ ਕਰ ਦਾ ਲੋਕਾਂ ਦੇ ਕੰਮ ਕਰਨ ਅਤੇ ਬੱਚਤ ਕਰਨ ਤੇ ਵੀ ਭੈੜਾ ਪ੍ਰਭਾਵ ਪੈਂਦਾ ਹੈ। ਉਹ ਲੋਕ ਜੋ ਬੱਚਤ ਕਰਦੇ ਹਨ ਉਨ੍ਹਾਂ ਨੂੰ ਇਹ ਕਰ ਦੇਣਾ ਪੈਂਦਾ ਹੈ ਅਤੇ ਉਹ ਲੋਕ ਜੋ ਬੱਚਤ ਨਹੀਂ ਕਰਦੇ ਉਹ ਇਸ ਕਰ ਦੀ ਅਦਾਇਗੀ ਤੋਂ ਮੁਕਤ ਰਹਿੰਦੇ ਹਨ। ਇਸ ਤਰ੍ਹਾਂ ਬੱਚਤ ਕਰਨ ਦੀ ਬਜਾਇ ਲੋਕ ਫਜ਼ੂਲ ਖਰਚੀ ਕਰਨ ਲੱਗ ਪੈਣਗੇ।*

*ਉੱਪਰ ਦੱਸੇ ਤਰੀਕਿਆਂ ਤੋਂ ਇਲਾਵਾ ਸਰਕਾਰ ਕਰਜ਼ਿਆਂ ਦੀ ਅਦਾਇਗੀ ਤੋਂ ਇਨਕਾਰ ਵੀ ਕਰ ਸਕਦੀ ਹੈ ਜਾਂ ਪੁਰਾਣੇ ਕਰਜ਼ਿਆਂ ਦੀ ਅਦਾਇਗੀ ਲਈ ਨਵੇਂ ਰਿਣ ਚੁੱਕ ਸਕਦੀ ਹੈ ਜਾਂ ਕਰਜ਼ਿਆਂ ਨੂੰ ਪਰਿਵਰਤਿਤ ਕਰ ਸਕਦੀ ਹੈ। ਇਹਨਾਂ ਢੰਗਾਂ ਦਾ ਵਰਨਣ ਹੇਠਾਂ ਕੀਤਾ ਗਿਆ ਹੈ :*

*(ੳ)* ***ਰਿਣ ਅਦਾਇਗੀ ਤੋਂ ਇਨਕਾਰ*** (Debt Repudiation) *:*

*ਸਰਕਾਰ ਆਪਣੇ ਤੋਂ ਪਹਿਲੀ ਸਰਕਾਰ ਦੀਆਂ ਦੇਣਦਾਰੀਆਂ ਚੁਕਾਉਣ ਤੋਂ ਇਨਕਾਰ ਕਰ ਸਕਦੀ ਹੈ। ਅਜਿਹਾ ਕਰਨ ਨਾਲ ਸਰਕਾਰ ਦੀ ਪ੍ਰਤਿਸ਼ਠਾ ਨੂੰ ਧੱਕਾ ਲੱਗਦਾ ਹੈ ਅਤੇ ਲੋਕ ਅੱਗੇ ਤੋਂ ਸਰਕਾਰ ਨੂੰ ਕਰਜ਼ਾ ਦੇਣ ਲਈ ਤਿਆਰ ਨਹੀਂ ਹੁੰਦੇ।*

**(ਅ)** ***ਕਰਜ਼ਾ ਪਰਿਵਰਤਨ*** (Loan Conversion) *:*

*ਇਸ ਦਾ ਭਾਵ ਹੈ ਪੁਰਾਣੇ ਰਿਣ ਨੂੰ ਨਵੇਂ ਰਿਣ ਵਿੱਚ ਬਦਲਣਾ ਹੈ। ਸਰਕਾਰ ਵੱਧ ਵਿਆਜ ਦਰ ਵਾਲੇ ਪੁਰਾਣੇ ਕਰਜ਼ਿਆਂ ਨੂੰ ਘੱਟ ਵਿਆਜ ਦਰ ਵਾਲੇ ਕਰਜ਼ਿਆਂ ਵਿੱਚ ਬਦਲ ਸਕਦੀ ਹੈ।*

**(ੲ)** ***ਵਾਪਸੀ ਬਾਂਡ ਜਾਰੀ ਕਰਕੇ*** (Refunding Bonds) *:*

*ਮਿਆਦ ਪੁਗਾ ਚੁੱਕੇ ਕਰਜ਼ੇ ਦੀ ਅਦਾਇਗੀ ਲਈ ਸਰਕਾਰ ਨਵੇਂ ਬਾਂਡ ਅਤੇ ਸਕਿਊਰਟੀਆਂ ਜਾਰੀ ਕਰਕੇ ਧਨ ਇਕੱਠਾ ਕਰ ਸਕਦੀ ਹੈ। ਇਸ ਪ੍ਰਾਪਤ ਧਨ ਨੂੰ ਪੁਰਾਣੇ ਕਰਜ਼ਿਆਂ ਨੂੰ ਉਤਾਰਨ ਲਈ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ।*

*ਸੋ ਉਪਰੋਕਤ ਵਿਆਖਿਆ ਤੋਂ ਤੁਸੀਂ ਸਮਝ ਗਏ ਹੋਵੋਂਗੇ ਕਿ ਸਰਕਾਰ ਕਈ ਢੰਗਾਂ ਨਾਲ ਰਿਣ ਦੀ ਵਾਪਸੀ ਕਰਨ ਦਾ ਯਤਨ ਕਰਦੀ ਹੈ।*

**ਸਵੈ-ਮੁਲਾਂਕਣ ਅਭਿਆਸ – 4**

*ਪ੍ਰਸ਼ਨ:* *ਪੂੰਜੀ ਲੇਵੀ ਰਾਹੀਂ ਰਿਣ ਅਦਾਇਗੀ ਦੇ ਕੀ ਲਾਭ ਹਨ?*

*ਉੱਤਰ* ..........................................................................................................

..........................................................................................................

..........................................................................................................

## 2.5.8 ਸਾਰਾਂਸ਼ :

*ਕਿਸੇ ਦੇਸ਼ ਦੀ ਸਰਕਾਰ ਵੱਲੋਂ ਆਪਣੇ ਦੇਸ਼ ਵਿੱਚੋਂ ਜਾਂ ਬਾਹਰਲੇ ਦੇਸ਼ਾਂ ਅਤੇ ਅੰਤਰ-ਰਾਸ਼ਟਰੀ ਸੰਸਥਾਵਾਂ ਤੋਂ ਲਏ ਜਾਣ ਵਾਲੇ ਕਰਜ਼ੇ ਨੂੰ ਸਰਕਾਰੀ ਰਿਣ ਕਿਹਾ ਜਾਂਦਾ ਹੈ। ਸਰਕਾਰ ਰਿਣ ਪੱਤਰ ਅਤੇ ਸਕਿਊਰਟੀਆਂ ਖਰੀਦਣ ਵਾਲਿਆਂ ਨੂੰ ਵਿਆਜ ਸਮੇਤ ਮੂਲ ਰਾਸ਼ੀ ਵਾਪਸ ਕਰਨ ਦਾ ਵਾਅਦਾ ਕਰਦੀ ਹੈ। ਸੁਦੇਸ਼ੀ ਰਿਣ ਅਤੇ ਵਿਦੇਸ਼ੀ ਰਿਣ ਤੋਂ ਇਲਾਵਾ ਇਹ ਵਰਤੋਂ ਦੇ ਆਧਾਰ ਤੇ ਉਤਪਾਦਕ ਅਤੇ ਅਣਉਤਪਾਦਕ ਰਿਣ ਦੀ ਸ਼੍ਰੇਣੀ ਵਿੱਚ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ। ਮਿਆਦ ਦੇ ਆਧਾਰ ਤੇ ਇਸ ਨੂੰ ਅਲਪਕਾਲੀਨ ਅਤੇ ਦੀਰਘ-ਕਾਲੀਨ, ਰਿਣ ਵਾਪਸੀ ਦੇ ਆਧਾਰ ਤੇ ਭੁਗਤਾਨਯੋਗ ਅਤੇ ਭੁਗਤਾਨਰਹਿਤ ਰਿਣ ਆਦਿ ਸ਼੍ਰੇਣੀਆਂ ਵਿੱਚ ਵੰਡਿਆ ਜਾਂਦਾ ਹੈ। ਅੰਦਰੂਨੀ ਭਾਵ ਸਵਦੇਸ਼ੀ ਅਤੇ ਬਾਹਰੀ ਭਾਵ ਵਿਦੇਸ਼ੀ ਰਿਣ ਦੇ ਪੈਣ ਵਾਲੇ ਭਾਰ ਦਾ ਅਧਿਐਨ ਕਰਨ ਉਪਰੰਤ ਤੁਸੀਂ ਸਰਕਾਰੀ ਰਿਣ ਦੇ ਉਪਭੋਗ, ਉਤਪਾਦਨ, ਵੰਡ ਅਤੇ ਮੁਦਰਾ ਮੰਡੀ ਉੱਤੇ ਪੈਣ ਵਾਲੇ ਪ੍ਰਭਾਵਾਂ ਦਾ ਅਧਿਐਨ ਕਰ ਚੁੱਕੇ ਹੋ। ਤੁਹਾਨੂੰ ਯਾਦ ਹੋਵੇਗਾ ਕਿ ਸਰਕਾਰ ਰਿਣ ਦੀ ਅਦਾਇਗੀ ਲਈ ਰਾਖਵਾਂ ਫੰਡ ਸਥਾਪਿਤ ਕਰ ਸਕਦੀ ਹੈ, ਸਲਾਨਾ ਕਿਸ਼ਤਾਂ ਅਤੇ ਪੂੰਜੀ ਕਰ ਵਰਗੇ ਢੰਗ ਅਪਨਾ ਸਕਦੀ ਹੈ।*

## 2.5.9(ੳ) ਵੱਡੇ ਉੱਤਰਾਂ ਵਾਲੇ ਪ੍ਰਸ਼ਨ

1. *ਸਰਕਾਰੀ ਰਿਣ ਤੋਂ ਕੀ ਭਾਵ ਹੈ? ਸਰਕਾਰੀ ਰਿਣ ਦੀਆਂ ਕਿਸਮਾਂ ਦੱਸੋ।*
2. *ਸਰਕਾਰੀ ਰਿਣ ਦੀ ਅਦਾਇਗੀ ਲਈ ਕਿਹੜੇ ਢੰਗ ਅਪਨਾਏ ਜਾਂਦੇ ਹਨ? ਇਹਨਾਂ ਵਿੱਚੋਂ ਕਿਹੜਾ ਢੰਗ ਵਧੀਆ ਹੈ?*
3. *ਇਸ ਕਥਨ ਤੇ ਚਰਚਾ ਕਰੋ। ਕਿ ਅੰਦਰੂਨੀ ਸਰਕਾਰੀ ਰਿਣ ਦਾ ਸਮੁਦਾਇ ਤੇ ਕੋਈ ਭਾਰ ਨਹੀਂ ਪੈਂਦਾ।*

## (ਅ) ਛੋਟੇ ਉੱਤਰਾਂ ਵਾਲੇ ਪ੍ਰਸ਼ਨ :

1. *ਉਤਪਾਦਕ ਅਤੇ ਅਣਉਤਪਾਦਕ ਰਿਣ ਵਿੱਚ ਭੇਦ ਕਰੋ।*
2. *ਬਾਹਰੀ ਕਰਜ਼ੇ ਦਾ ਭਾਰ ਦੱਸੋ।*
3. *ਪੂੰਜੀ ਕਰ ਰਾਹੀਂ ਰਿਣ ਕਿਸ ਤਰ੍ਹਾਂ ਚੁਕਾਇਆ ਜਾ ਸਕਦਾ ਹੈ।*

## 2.5.10 ਤਕਨੀਕੀ ਸ਼ਬਦਾਵਲੀ

***ਰਿਣ ਦੇਣਦਾਰੀ :***

*ਸਰਕਾਰ ਵੱਲੋਂ ਦੇਸ਼ ਦੇ ਅੰਦਰੋਂ ਅਤੇ ਬਾਹਰਲੇ ਦੇਸ਼ਾਂ ਤੋਂ ਲਏ ਗਏ ਕਰਜ਼ੇ ਅਤੇ ਵਿਆਜ ਦੀ ਅਦਾਇਗੀ ਯੋਗ ਰਾਸ਼ੀ।*

***ਸੁਦੇਸ਼ੀ ਰਿਣ/ਅੰਦਰੂਨੀ ਰਿਣ :***

*ਸਰਕਾਰ ਜੋ ਰਿਣ ਦੇਸ਼ ਦੇ ਲੋਕਾਂ, ਗੈਰ ਬੈਂਕਿੰਗ ਵਿੱਤੀ ਸੰਸਥਾਵਾਂ, ਵਪਾਰਕ ਬੈਂਕਾਂ ਅਤੇ ਕੇਂਦਰੀ ਬੈਂਕ ਤੋਂ ਲੈਂਦੀ ਹੈ।*

***ਵਿਦੇਸ਼ੀ ਰਿਣ :***

*ਕਿਸੇ ਦੇਸ਼ ਦੀ ਸਰਕਾਰ ਵੱਲੋਂ ਦੂਜੇ ਦੇਸ਼ਾਂ ਜਾਂ ਅੰਤਰ-ਰਾਸ਼ਟਰੀ ਸੰਸਥਾਵਾਂ ਤੋਂ ਲਿਆ ਗਿਆ ਕਰਜ਼ਾ।*

***ਅਚਲ ਭਾਰ ਕਰਜ਼ਾ :***

*ਜਿਸ ਰਿਣ ਦੀ ਵਰਤੋਂ ਨਾਲ ਦੇਸ਼ ਦੀ ਉਤਪਾਦਕੀ ਸਮਰੱਥਾ ਵਿੱਚ ਕੋਈ ਵਾਧਾ ਨਾ ਹੋਵੇ*

***ਰਾਖਵਾਂ ਫੰਡ*** :

*ਰਿਣ ਦੇ ਭੁਗਤਾਨ ਦਾ ਮਹੱਤਵਪੂਰਣ ਢੰਗ ਹੈ। ਇਸ ਢੰਗ ਅਧੀਨ ਸਰਕਾਰੀ ਰਿਣ ਦੇ ਭੁਗਤਾਨ ਲਈ ਬਜਟ ਵਿੱਚੋਂ ਹਰੇਕ ਸਾਲ ਰਿਣ ਦੇ ਭੁਗਤਾਨ ਲਈ ਕੁਝ ਰਕਮ ਵੱਖਰੀ ਕਰਕੇ ਇੱਕ ਕੋਸ਼ ਵਿੱਚ ਰੱਖ ਲਈ ਜਾਂਦੀ ਹੈ।*

### *2.5.11 ਪੜ੍ਹਨ ਲਈ ਪੁਸਤਕਾਂ*

| | | | |
|---|---|---|---|
| 1. | H. Dalton | : | Principles of Public Finance |
| 2. | Richard A. Musgrave | : | Theory of Public Finance |
| 3. | H.L. Bhatia | : | Public Finance |
| 4. | B.P. Tyagi | : | Public Finance |
| 5. | R.N. Bhargava | : | The Theory and Working of Union Finance in India |

**ਪਾਠ ਨੰਬਰ : 2.6** **ਲੇਖਕ : ਡਾ. ਹਰਵਿੰਦਰ ਕੌਰ**

Last updated on 3 June, 2023

# ਘਾਟੇ ਦਾ ਵਿੱਤੀਕਰਨ

**(Deficit Financing)**

2.6.1 ਘਾਟੇ ਦੇ ਵਿੱਤੀਕਰਨ ਦਾ ਉਦੇਸ਼
2.6.2 ਘਾਟੇ ਦਾ ਵਿੱਤੀਕਰਨ : ਅਰਥ
2.6.3 ਵਿਕਸਿਤ ਦੇਸ਼ਾਂ ਵਿਚ ਘਾਟੇ ਦਾ ਵਿੱਤੀਕਰਨ
2.6.4 ਵਿਕਾਸਸ਼ੀਲ ਦੇਸ਼ਾਂ ਵਿਚ ਘਾਟੇ ਦਾ ਵਿੱਤੀਕਰਨ
2.6.5 ਭਾਰਤ ਵਿਚ ਘਾਟੇ ਦੀ ਵਿੱਤ ਵਿਵਸਥਾ
2.6.6 ਘਾਟੇ ਦੀ ਵਿੱਤ ਵਿਵਸਥਾ ਅਤੇ ਘਾਟੇ ਦੇ ਬਜਟ ਵਿਚ ਅੰਤਰ
2.6.7 ਘਾਟੇ ਦੇ ਵਿੱਤੀਕਰਨ ਦੇ ਪ੍ਰਭਾਵ
2.6.8 ਘਾਟੇ ਦੇ ਵਿੱਤੀਕਰਨ ਦੀਆਂ ਸੀਮਾਵਾਂ
2.6.9 ਛੋਟੇ ਉਤਰਾਂ ਵਾਲੇ ਪ੍ਰਸਨ
2.6.10 ਵੱਡੇ ਉਤਰਾਂ ਵਾਲੇ ਪ੍ਰਸਨ
2.6.11 ਪ੍ਰਕਾਸਿਤ ਪੁਸਤਕਾਂ

## 2.6.1 ਘਾਟੇ ਦੇ ਵਿੱਤੀਕਰਨ ਦੇ ਉਦੇਸ਼ (Objectives of Deficit Financing) :

ਆਧੁਨਿਕ ਕਾਲ ਵਿਚ ਘਾਟੇ ਦੇ ਵਿੱਤੀਕਰਨ ਦਾ ਸਾਧਨ ਇੰਨਾ ਮਹੱਤਵਪੂਰਨ ਸਾਧਨ ਬਣ ਗਿਆ ਹੈ ਕਿ ਕੋਈ ਵੀ ਸਰਕਾਰ ਇਸ ਤੋਂ ਬਿਨਾਂ ਆਪਣਾ ਕੰਮ ਨਹੀਂ ਚਲਾ ਸਕਦੀ। ਇਸ ਸਾਧਨ ਰਾਹੀਂ ਆਮਦਨ ਪ੍ਰਾਪਤ ਕਰਨੀ ਦੂਜੇ ਸਾਧਨਾਂ ਦੇ ਮੁਕਾਬਲੇ ਬਹੁਤ ਆਸਾਨ ਹੈ। ਇਸ ਸਾਧਨ ਨੂੰ ਬਿਨਾਂ ਬਹੁਤੀ ਮੁਸ਼ਕਲ ਤੋਂ ਤੁਰੰਤ ਵਰਤਿਆ ਜਾ ਸਕਦਾ ਹੈ। ਲੋਕਾਂ ਤੇ ਮਨੋਵਿਗਿਆਨਕ ਅਸਰ ਵੀ ਮਾੜਾ ਨਹੀਂ ਪੈਂਦਾ ਕਿਉਂਕਿ ਕਈ ਲੋਕਾਂ ਨੂੰ ਇਸ ਗੱਲ ਦਾ ਪਤਾ ਵੀ ਨਹੀਂ ਲੱਗਦਾ ਕਿ ਉਨ੍ਹਾਂ ਦੀ ਵਾਸਤਵਿਕ ਆਮਦਨ ਘਟ ਗਈ ਹੈ।

1. ਯੁੱਧ ਦੇ ਸਮੇਂ ਸਰਕਾਰ ਆਪਣੀਆਂ ਵਿੱਤੀ ਲੋੜਾਂ ਇਸੇ ਢੰਗਾਂ ਰਾਹੀਂ ਆਪਣੀ ਆਮਦਨ ਵਧਾ ਕੇ ਪੂਰੀਆਂ ਕਰਦੀ ਹੈ।
2. ਪ੍ਰੋ. ਜੇ. ਐਮ. ਕੇਨਜ਼ ਵੱਲੋਂ ਵੀ ਆਰਥਿਕ ਨੀਤੀ ਦੇ ਸਾਧਨ ਵਜੋਂ ਮੰਦੀ ਦੀ ਹਾਲਤ ਦੂਰ ਕਰਨ ਲਈ ਰੋਜ਼ਗਾਰ ਅਤੇ ਪੈਦਾਵਾਰ ਦਾ ਪੱਧਰ ਵਧਾਉਣ ਲਈ, ਇਸ ਸਾਧਨ ਭਾਵ ਘਾਟੇ ਦੇ ਵਿੱਤੀਕਰਨ ਦੀ ਪ੍ਰੋੜ੍ਹਤਾ ਕੀਤੀ ਗਈ ਹੈ।
3. ਘੱਟ ਵਿਕਸਿਤ ਦੇਸ਼ਾਂ ਵਿਚ ਆਰਥਿਕ ਵਿਕਾਸ ਕਰਨ ਲਈ ਵੀ ਇਹ ਸਾਧਨ ਸਹਾਈ ਹੁੰਦਾ ਹੈ।
4. ਅਰਥ ਵਿਵਸਥਾ ਵਿਚਾਲੇ ਵਾਧੂ, ਬੇਕਾਰ ਪਏ ਅਤੇ ਅਣਵਰਤੇ ਸਾਧਨਾਂ ਨੂੰ ਗਤੀਸ਼ੀਲ ਬਣਾਉਣ ਲਈ ਵੀ ਇਹ ਸਾਧਨ ਮਹੱਤਵਪੂਰਣ ਹੁੰਦਾ ਹੈ।

### 2.6.2 ਘਾਟੇ ਦਾ ਵਿੱਤੀਕਰਨ : ਅਰਥ (Deficit Financing) : Meaning

ਜਿਸ ਤਰ੍ਹਾਂ ਆਧੁਨਿਕ ਸਰਕਾਰਾਂ ਮੁੱਖ ਤੌਰ ਤੇ ਕਰ ਅਤੇ ਉਧਾਰ ਆਦਿ ਸਾਧਨਾਂ ਤੋਂ ਆਮਦਨ ਪ੍ਰਾਪਤ ਕਰਦੀਆਂ ਹਨ, ਇਸੇ ਤਰ੍ਹਾਂ ਆਧੁਨਿਕ ਕਾਲ ਵਿਚ ਘਾਟੇ ਦੇ ਵਿੱਤ ਦਾ ਢੰਗ ਵੀ ਆਮਦਨ ਪ੍ਰਾਪਤੀ ਦਾ ਮਹੱਤਵਪੂਰਨ ਸਾਧਨ ਬਣ ਗਿਆ ਹੈ। ਸੌਖੇ ਸ਼ਬਦਾਂ ਵਿਚ ਇਸ ਤੋਂ ਭਾਵ ਹੈ, ਨਵੀਂ ਮੁਦਰਾ ਦੇ ਵਿਸਤਾਰ ਰਾਹੀਂ ਸਰਕਾਰੀ ਆਮਦਨ ਨਾਲੋਂ ਸਰਕਾਰੀ ਖ਼ਰਚੇ ਵਿਚ ਹੋਏ ਵਾਧੇ ਕਾਰਨ ਪੈਦਾ ਹੋਏ ਖੱਪੇ ਨੂੰ ਪੂਰਨਾ (It means the filling of gap caused by the excess government expenditure over its receipts through the creation of new money.)

Deficit financing = Total Public Expenditure – Total Public Revenue

ਇਥੇ ਸਰਕਾਰੀ ਖ਼ਰਚ ਅਧੀਨ, ਆਮਦਨ ਲੇਖੇ ਅਤੇ ਪੂੰਜੀ ਲੇਖੇ ਦੇ ਖ਼ਰਚ ਆਉਂਦੇ ਹਨ ਅਤੇ ਸਰਕਾਰੀ ਆਮਦਨ ਅਧੀਨ ਚਾਲੂ ਲੇਖੇ ਅਤੇ ਪੂੰਜੀ ਲੇਖੇ ਦੀ ਆਮਦਨ ਸ਼ਾਮਲ ਹੈ। ਪਹਿਲਾਂ ਚਾਲੂ ਆਮਦਨ ਪ੍ਰਾਪਤੀਆਂ ਨਾਲੋਂ ਖਰਚੇ ਦੇ ਵਾਧੇ ਨੂੰ ਹੀ ਘਾਟੇ ਦਾ ਵਿੱਤੀਕਰਨ ਆਖਿਆ ਜਾਂਦਾ ਸੀ। ਉਸ ਸਮੇਂ ਆਮਦਨ ਪ੍ਰਾਪਤੀਆਂ ਵਿਚ ਸਰਕਾਰੀ ਉਧਾਰ ਨੂੰ ਨਹੀਂ ਜੋੜਿਆ ਜਾਂਦਾ ਸੀ। ਆਮਦਨ ਤੇ ਖ਼ਰਚ ਦੇ ਖੱਪੇ ਨੂੰ ਭਰਨ ਲਈ ਸਰਕਾਰੀ ਕਰਜ਼ੇ ਤੋਂ ਹੋਈ ਆਮਦਨ ਨੂੰ ਹੀ ਘਾਟੇ ਦਾ ਵਿੱਤੀਕਰਨ ਆਖਿਆ ਜਾਂਦਾ ਸੀ। ਆਧੁਨਿਕ ਸਮੇਂ ਵਿਚ ਸਰਕਾਰੀ ਉਧਾਰ ਨੂੰ ਸਰਕਾਰੀ ਆਮਦਨ ਦੇ ਪੂੰਜੀ ਲੇਖੇ ਵਿਚ ਜੋੜਿਆ ਜਾਂਦਾ ਹੈ ਅਤੇ ਇਸ ਤੋਂ ਬਾਅਦ ਵੀ ਜੇਕਰ ਆਮਦਨ ਅਤੇ ਖ਼ਰਚ ਵਿਚ ਖੱਪਾ ਰਹੇ ਤਾਂ ਉਸ ਨੂੰ ਪੂਰਣ ਦਾ ਢੰਗ ਹੀ ਘਾਟੇ ਦਾ ਵਿੱਤੀਕਰਨ ਹੈ। ਯੁੱਧ ਸਮੇਂ ਸਰਕਾਰ ਦੀਆਂ ਵਿੱਤੀ ਲੋੜਾਂ ਜਦੋਂ ਪੂਰੀਆਂ ਨਾ ਹੋਈਆਂ ਤਾਂ ਘਾਟੇ ਦੇ ਵਿੱਤੀਕਰਨ ਦਾ ਢੰਗ ਅਪਨਾਉਣ ਦੀ ਲੋੜ ਪਈ। ਅਜਿਹਾ ਇਸ ਲਈ ਹੋਇਆ ਕਿਉਂਕਿ ਯੁੱਧ ਨਾਲ ਸਬੰਧਤ ਖ਼ਰਚੇ ਨੂੰ ਆਮਦਨ ਦੇ ਸਾਧਾਰਨ ਢੰਗਾਂ ਨਾਲ ਪੂਰਾ ਕਰਨਾ ਮੁਸ਼ਕਲ ਹੋ ਗਿਆ ਸੀ। ਮੰਦੀ ਦੌਰਾਨ ਵੀ ਪੈਦਾਵਾਰ ਅਤੇ ਰੋਜ਼ਗਾਰ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਜੇ. ਐਮ. ਕੇਨਜ਼ ਵੱਲੋਂ ਆਰਥਿਕ ਨੀਤੀ ਦੇ ਸਾਧਨ ਵਜੋਂ ਘਾਟੇ ਦੇ ਵਿੱਤੀਕਰਨ ਦੇ ਢੰਗ ਦੀ ਪ੍ਰੋੜ੍ਹਤਾ ਕੀਤੀ ਗਈ।

ਸੌਖੇ ਸ਼ਬਦਾਂ ਵਿਚ ਸਰਕਾਰੀ ਆਮਦਨ ਅਤੇ ਸਰਕਾਰੀ ਖ਼ਰਚੇ ਵਿਚ ਆਪ ਪੈਦਾ ਕੀਤੇ ਖੱਪੇ ਦਾ ਵਿੱਤੀਕਰਨ ਕਰਨਾ ਜਾਂ ਬਜਟੀ ਘਾਟੇ ਦੇ ਵਿੱਤੀਕਰਨ ਦਾ ਢੰਗ ਉਸ ਕਿਸਮ ਦਾ ਉਧਾਰ ਲੈਣਾ ਹੈ ਜੋ ਰਾਸ਼ਟਰੀ ਪੈਦਾਵਾਰ ਵਿਚ ਸ਼ੁਧ ਵਾਧਾ ਕਰੇ। ਵਿੱਤੀਕਰਨ ਦੇ ਅਰਥ ਨੂੰ ਹੋਰ ਸਪਸ਼ਟ ਕਰਨ ਲਈ ਇਹ ਜ਼ਰੂਰੀ ਹੈ ਕਿ ਅਸੀਂ ਇਸ ਧਾਰਨਾ ਨੂੰ ਵਿਕਸਿਤ ਦੇਸ਼ਾਂ ਅਤੇ ਵਿਕਾਸਸ਼ੀਲ ਦੇਸ਼ਾਂ ਦੇ ਸੰਦਰਭ ਵਿਚ ਜਾਣ ਲਈਏ।

### 2.6.3 ਵਿਕਸਿਤ ਦੇਸ਼ਾਂ ਵਿਚ ਘਾਟੇ ਦਾ ਵਿੱਤੀਕਰਨ :

ਵਿਕਸਿਤ ਦੇਸ਼ਾਂ ਵਿਚ ਇਸ ਧਾਰਨਾ ਨੂੰ ਇਸ ਤਰ੍ਹਾਂ ਪ੍ਰੀਭਾਸ਼ਿਤ ਕੀਤਾ ਜਾਂਦਾ ਹੈ ਕਿ ਆਮਦਨੀ ਪ੍ਰਾਪਤੀਆਂ ਨਾਲੋਂ ਹੋਏ ਸਾਰੇ ਵਾਧੂ ਖ਼ਰਚੇ ਦਾ ਸਰਕਾਰੀ ਕਰਜ਼ੇ ਅਤੇ ਨਵੀਂ ਮੁਦਰਾ ਦੀ ਸਿਰਜਨਾਂ ਰਾਹੀਂ, ਵਿੱਤੀਕਰਨ ਕਰਨਾ ਹੀ ਘਾਟੇ ਦਾ ਵਿੱਤੀਕਰਨ ਹੈ। ਬਜਟ ਵਿਚਲੇ ਖੱਪੇ ਨੂੰ ਜਦੋਂ ਕਰਜ਼ਿਆਂ ਰਾਹੀਂ ਪੂਰਿਆ ਜਾਂਦਾ ਹੈ ਤਾਂ ਇਹੀ ਘਾਟੇ ਦਾ ਵਿੱਤੀਕਰਨ ਹੈ। ਯੂ. ਐਸ. ਏ. ਸੰਘੀ ਬਜਟ ਵਿਚ ਆਮਦਨ ਅਤੇ ਪੂੰਜੀ ਖ਼ਰਚਿਆਂ ਵਿਚਾਲੇ ਫ਼ਰਕ ਨਹੀਂ ਕੀਤਾ ਜਾਂਦਾ। ਪਰੰਤੂ ਬਜਟ ਖ਼ਰਚੇ ਅਤੇ ਤੀਜੀ ਧਿਰ ਨੂੰ ਦਿੱਤੇ ਕਰਜ਼ੇ ਵਿਚਾਲੇ ਫ਼ਰਕ ਹੁੰਦਾ ਹੈ, ਕਿਉਂਕਿ ਹੱਥ ਬਦਲੀ ਭੁਗਤਾਨ ਅਤੇ ਵਸਤਾਂ ਅਤੇ ਸੇਵਾਵਾਂ ਤੇ ਕੀਤੇ ਖ਼ਰਚੇ ਦੇ ਆਰਥਿਕ ਪ੍ਰਭਾਵ ਵੱਖਰੇ ਹੁੰਦੇ ਹਨ।

ਇਸ ਤਰ੍ਹਾਂ ਪੱਛਮੀ ਦੇਸ਼ਾਂ ਵਿਚ ਘਾਟੇ ਦੇ ਵਿੱਤੀਕਰਨ ਨੂੰ ਇਸ ਤਰ੍ਹਾਂ ਪ੍ਰੀਭਾਸ਼ਿਤ ਕੀਤਾ ਜਾਂਦਾ ਹੈ : The excess of expenditure incurred by government including capital expenditure over revenue receipts, is referred to as a deficit financing, even if it is covered by the receipts obtained through loans.

ਇਸ ਤਰ੍ਹਾਂ ਸਪੱਸ਼ਟ ਹੈ ਕਿ ਸਰਕਾਰ ਦੀ ਚਾਲੂ ਆਮਦਨ ਤੋਂ ਵੱਧ ਸਾਰੇ ਖ਼ਰਚੇ, ਘਾਟੇ ਦਾ ਵਿੱਤੀਕਰਨ ਅਖਵਾਉਂਦੇ ਹਨ ਅਤੇ ਲੋਕਾਂ ਜਾਂ ਵਪਾਰਕ ਬੈਂਕਾਂ ਤੋਂ ਲਿਆ ਗਿਆ ਕਰਜ਼ਾ ਸਰਕਾਰ ਦੀ ਆਮਦਨ ਨਹੀਂ ਸਮਝਿਆ ਜਾਂਦਾ।

### 2.6.4. ਵਿਕਾਸਸ਼ੀਲ ਦੇਸ਼ਾਂ ਵਿਚ ਘਾਟੇ ਦਾ ਵਿੱਤੀਕਰਨ :

ਘੱਟ ਵਿਕਸਿਤ ਦੇਸ਼ਾਂ ਵਿਚ ਵਪਾਰਕ ਬੈਂਕਿੰਗ ਘੱਟ ਹੋਣ ਕਾਰਨ ਵੱਧ ਕਾਰਜ ਪ੍ਰਬੰਧ ਸਾਧਾਰਨ ਮੁਦਰਾ (Common money) ਰਾਹੀਂ ਹੁੰਦਾ ਹੈ ਤਾਂ ਘਾਟੇ ਦੇ ਵਿੱਤੀਕਰਨ ਵੇਲੇ ਤਕਰੀਬਨ ਸਾਰੇ ਉਧਾਰ ਕੇਂਦਰੀ ਬੈਂਕ ਕੋਲੋਂ ਲਏ ਜਾਂਦੇ ਹਨ।

ਪਹਿਲਾਂ ਸਰਕਾਰ ਆਪਣੀਆਂ ਸਕਿਓਰਿਟੀਆਂ ਕੇਂਦਰੀ ਬੈਂਕ ਪਾਸ ਰੱਖ ਦਿੰਦੀ ਹੈ, ਜਿਸ ਦੇ ਬਦਲੇ ਕੇਂਦਰੀ ਬੈਂਕ ਕਾਗਜ਼ੀ ਮੁਦਰਾ ਜਾਰੀ ਕਰਦਾ ਹੈ। ਜਿਸ ਤੋਂ ਭਾਵ ਹੈ ਕਿ ਘਾਟੇ ਦੇ ਵਿੱਤੀਕਰਨ ਰਾਹੀਂ ਦੇਸ਼ ਵਿਚ ਕੁੱਲ ਮੁਦਰਾ ਪੂਰਤੀ ਵਧ ਜਾਂਦੀ ਹੈ ਅਤੇ ਇਸ ਤਰ੍ਹਾਂ ਅਰਥ ਵਿਵਸਥਾ ਤੇ ਮੁਦਰਾ ਦਾ ਅਸਰ ਫੈਲਾਅਜਨਕ ਪੈਂਦਾ ਹੈ।

ਪਰੰਤੂ ਇਸ ਸਥਿਤੀ ਨਾਲ ਸੁਲਝਣ ਲਈ ਅਰਥ ਸ਼ਾਸਤਰੀਆਂ ਵੱਲੋਂ ਦੋ ਸੁਝਾਅ ਦਿੱਤੇ ਜਾਂਦੇ ਹਨ :

1. ਪਹਿਲੇ ਵਿਚਾਰ ਅਨੁਸਾਰ ਜੇਕਰ ਘਾਟੇ ਦੇ ਵਿੱਤੀਕਰਨ ਰਾਹੀਂ ਵਿਕਾਸਾਤਮਕ ਖ਼ਰਚਿਆਂ ਨੂੰ ਉਤਪਾਦਕੀ ਅਤੇ ਜਲਦੀ ਪੈਦਾਵਾਰ ਦੇਣ ਵਾਲੇ ਪ੍ਰੋਜੈਕਟਾਂ ਵਿਚ ਲਗਾਇਆ ਜਾਵੇ ਤਾਂ ਪੈਦਾਵਾਰ ਦਾ ਵਾਧਾ ਥੋੜ੍ਹੇ ਜਿਹੇ ਸਮੇਂ ਬਾਅਦ ਹੀ ਫੈਲਾਅਜਨਕ ਦਬਾਅ ਨੂੰ ਰੋਕ ਲਵੇਗਾ।
2. ਦੂਜੇ ਵਿਚਾਰ ਅਨੁਸਾਰ ਘਾਟੇ ਦੇ ਵਿੱਤੀਕਰਨ ਨੂੰ ਜੇਕਰ ਆਧਾਰਭੂਤ ਉਪਰੀ-ਪੂੰਜੀ ਜਿਵੇਂ ਯਾਤਾਯਾਤ ਅਤੇ ਬਹੁਮੁਖੀ ਪ੍ਰੋਜੈਕਟਾਂ ਵਿਚ ਲਗਾਇਆ ਜਾਵੇ, ਭਾਵੇਂ ਥੋੜ੍ਹੇ ਸਮੇਂ ਵਿਚ ਕੁਝ ਮੁਸ਼ਕਲਾਂ ਆਉਣਗੀਆਂ, ਕਿਉਂਕਿ ਅਜਿਹੇ ਪ੍ਰੋਜੈਕਟ ਕਾਫੀ ਲੰਮੇ ਸਮੇਂ ਵਿਚ ਪੂਰੇ ਹੁੰਦੇ ਹਨ ਅਤੇ ਲੰਮੇ ਸਮੇਂ ਵਿਚ ਕੁੱਲ ਪੈਦਾਵਾਰ ਦਾ ਵਾਧਾ, ਮੁਦਰਾ ਦੇ ਫੈਲਾਅਜਨਕ ਵਾਧੇ ਨੂੰ ਰੋਕ ਲਵੇਗਾ। ਆਰਥਿਕ ਉੱਪਰੀ ਪੂੰਜੀ ਦੇ ਵਿਕਾਸ ਦੀ ਘਾਟ ਹੀ ਇਨ੍ਹਾਂ ਦੇਸ਼ਾਂ ਦੇ ਆਰਥਿਕ ਵਿਕਾਸ ਲਈ ਮੁੱਖ ਰੁਕਾਵਟ ਹੁੰਦੀ ਹੈ। ਜੇਕਰ ਇੱਕ ਵਾਰ ਇਹ ਰੁਕਾਵਟ ਦੂਰ ਹੋ ਜਾਵੇ ਤਾਂ ਅਰਥ ਵਿਵਸਥਾ ਆਪਣੇ ਆਪ ਵਿਕਾਸ ਦੇ ਰਾਹ ਤੇ ਤੁਰ ਪੈਂਦੀ ਹੈ।

### 2.6.5 ਭਾਰਤ ਵਿਚ ਘਾਟੇ ਦੀ ਵਿੱਤ ਵਿਵਸਥਾ (Deficit financing in India)

ਭਾਰਤ ਵਿਚ ਘਾਟੇ ਦੀ ਵਿੱਤ ਵਿਵਸਥਾ ਦਾ ਅਰਥ, ਵਿਕਸਿਤ ਦੇਸ਼ਾਂ ਦੀ ਘਾਟੇ ਦੀ ਵਿੱਤ ਵਿਵਸਥਾ ਨਾਲੋਂ ਭਿੰਨ ਹੈ। ਇਥੇ ਘਾਟੇ ਦੇ ਵਿੱਤੀਕਰਨ ਦਾ ਅਰਥ ਸਰਕਾਰੀ ਖ਼ਰਚ ਵਿਚ ਹੋਣ ਵਾਲੇ ਘਾਟੇ ਨੂੰ ਜਨਤਾ ਤੋਂ ਲਏ ਗਏ ਕਰਜ਼ਿਆਂ ਦੇ ਰਾਹੀਂ ਪੂਰਾ ਕਰਨ ਤੋਂ ਨਹੀਂ ਲਿਆ ਜਾਂਦਾ। ਭਾਰਤੀ ਯੋਜਨਾ ਕਮਿਸ਼ਨ ਅਨੁਸਾਰ ਘਾਟੇ ਦੇ ਵਿੱਤੀਕਰਨ ਸ਼ਬਦ ਦੀ ਵਰਤੋਂ ਬਜਟ ਦੇ ਘਾਟੇ ਦੁਆਰਾ ਕੁੱਲ ਰਾਸ਼ਟਰੀ ਖ਼ਰਚ ਵਿਚ ਪ੍ਰਤੱਖ ਵਾਧੇ ਲਈ ਕੀਤੀ ਜਾਂਦੀ ਹੈ ਭਾਵੇਂ ਇਹ ਘਾਟਾ ਆਮਦਨ ਖਾਤੇ ਵਿਚ ਹੋਵੇ ਜਾਂ ਪੂੰਜੀ ਖਾਤੇ ਵਿਚ। ਇਸ ਨੀਤੀ ਤੋਂ ਭਾਵ ਸਰਕਾਰੀ ਆਮਦਨ ਜੋ ਆਮਦਨ ਸਰਕਾਰ ਕਰਾਂ, ਸਰਕਾਰੀ ਅਦਾਰਿਆਂ ਤੋਂ ਆਮਦਨ, ਕਰਜ਼ੇ, ਜਮ੍ਹਾਂ ਰਾਸ਼ੀ, ਫੰਡਾਂ ਅਤੇ ਹੋਰ ਦੂਜੇ ਸਾਧਨਾਂ ਤੋਂ ਪ੍ਰਾਪਤ ਕਰਦੀ ਹੈ। ਸਰਕਾਰੀ ਖ਼ਰਚੇ ਨਾਲੋਂ ਵੱਧ ਤੋਂ ਹੈ, ਸਰਕਾਰ ਘਾਟੇ ਨੂੰ ਆਪਣੇ ਖਜ਼ਾਨੇ ਵਿਚ ਪਈ ਨਗਦੀ ਜਮ੍ਹਾਂ ਕੱਢ ਕੇ ਜਾਂ ਬੈਂਕਾਂ ਤੋਂ ਕਰਜ਼ਾ ਲੈ ਕੇ ਪੂਰਾ ਕਰ ਸਕਦੀ ਹੈ (ਖਾਸ ਕਰਕੇ ਦੇਸ਼ ਦੇ ਕੇਂਦਰੀ ਬੈਂਕ ਕੋਲੋਂ ਅਤੇ ਇਸ ਤਰ੍ਹਾਂ ਨਵੀਂ ਮੁਦਰਾ ਜਾਰੀ ਕਰਕੇ)।

ਸਰਕਾਰ ਘਾਟੇ ਨੂੰ ਪੂਰਾ ਕਰਨ ਲਈ ਕੇਂਦਰੀ ਬੈਂਕ ਕੋਲੋਂ ਕਰਜ਼ਾ ਲੈਂਦੀ ਹੈ ਅਤੇ ਕੇਂਦਰੀ ਬੈਂਕ ਇਹ ਕਰਜ਼ਾ ਨਵੇਂ ਨੋਟ ਛਾਪ ਕੇ ਦਿੰਦਾ ਹੈ। ਰਿਜ਼ਰਵ ਬੈਂਕ ਨੂੰ ਸਰਕਾਰ ਇਸ ਕਰਜ਼ੇ ਦੇ ਬਦਲੇ ਵਿਚ ਸਰਕਾਰੀ ਪ੍ਰਤੀਭੂਤੀਆਂ (Securities) ਦੇ ਦਿੰਦੀ ਹੈ। ਰਿਜ਼ਰਵ ਬੈਂਕ ਸਰਕਾਰੀ ਪ੍ਰਤੀਭੂਤੀਆਂ ਨੂੰ ਸੰਚਿਤ ਫੰਡ ਵਿਚ ਰੱਖ ਕੇ ਨਵੇਂ ਨੋਟ ਛਾਪ ਕੇ ਸਰਕਾਰ ਨੂੰ ਦੇ ਦਿੰਦਾ ਹੈ।

ਇਸ ਤਰ੍ਹਾਂ ਸਪਸ਼ਟ ਹੈ ਕਿ ਭਾਰਤ ਵਿਚ ਬਜਟ ਵਿਚ ਹੋਣ ਵਾਲੇ ਘਾਟੇ ਨੂੰ ਪੂਰਾ ਕਰਨ ਲਈ ਹੇਠ ਲਿਖੇ ਤਰੀਕੇ ਅਪਨਾਏ ਜਾਂਦੇ ਹਨ ਅਤੇ ਇਸ ਨੂੰ ਹੀ ਘਾਟੇ ਦੀ ਵਿੱਤ ਵਿਵਸਥਾ ਆਖਿਆ ਜਾਂਦਾ ਹੈ :

(1) ਸਰਕਾਰੀ ਖਜ਼ਾਨੇ ਵਿਚ ਪਈ ਨਗਦੀ ਜਮ੍ਹਾਂ ਕੱਢ ਕੇ ਘਾਟੇ ਨੂੰ ਪੂਰਾ ਕਰਨਾ।

(2) ਸਰਕਾਰ ਨਵੀਂ ਮੁਦਰਾ ਜਾਰੀ ਕਰ ਸਕਦੀ ਹੈ।

ਇਸ ਤਰ੍ਹਾਂ ਇਨ੍ਹਾਂ ਤਰੀਕਿਆਂ ਰਾਹੀਂ ਦੇਸ਼ ਵਿਚ ਮੁਦਰਾ ਦੀ ਮਾਤਰਾ ਵਿਚ ਵਾਧਾ ਹੁੰਦਾ ਹੈ। ਆਰ. ਐਨ. ਤ੍ਰਿਪਾਠੀ ਦੇ ਸ਼ਬਦਾਂ ਵਿਚ Thus deficit financing by government for filling up the gap in its investment budget would result mainly in an outright expansion of currency.

**ਸਵੈ ਅਧਿਐਨ ਪ੍ਰਸ਼ਨ**

1 ਘਾਟੇ ਦੇ ਵਿਤਰਣ ਬਾਰੇ ਦੱਸੋ।

2 ਭਾਰਤ ਵਿੱਚ ਘਾਟੇ ਦੀ ਵਿੱਤ ਵਿਵਸਥਾ ਬਾਰੇ ਦੱਸੋ।

### 2.6.6. ਘਾਟੇ ਦੀ ਵਿੱਤ ਵਿਵਸਥਾ ਅਤੇ ਘਾਟੇ ਦੇ ਬਜਟ ਵਿਚ ਅੰਤਰ (Difference between Deficit financing and Deficit Budget)

ਘਾਟੇ ਦੇ ਬਜਟ ਨਾਲੋਂ ਘਾਟੇ ਦੀ ਵਿੱਤ ਵਿਵਸਥਾ ਵਿਸ਼ਾਲ ਧਾਰਨਾ ਹੈ। ਪੱਛਮੀ ਧਾਰਨਾ ਅਨੁਸਾਰ ਸਰਕਾਰੀ ਆਮਦਨ ਨਾਲੋਂ ਵਧੇਰੇ ਸਰਕਾਰੀ ਖ਼ਰਚ ਯਾਨਿ ਕਿ ਸਰਕਾਰੀ ਬਜਟ ਵਿਚ ਹੋਣ ਵਾਲੇ ਘਾਟੇ ਨੂੰ ਜਨਤਾ ਤੋਂ ਕਰਜ਼ਾ ਲੈ ਕੇ ਪੂਰਾ ਕਰਨ ਦੀ ਵਿਵਸਥਾ ਨੂੰ ਘਾਟੇ ਦੀ ਵਿੱਤ ਵਿਵਸਥਾ ਕਿਹਾ ਜਾਂਦਾ ਹੈ। ਬਜਟ ਦਾ ਘਾਟਾ ਜਨਤਾ ਦੀਆਂ ਬੱਚਤਾਂ ਤੋਂ ਪੂਰਾ ਕੀਤਾ ਜਾਂਦਾ ਹੈ। ਇਸ ਲਈ ਇਹ ਗ਼ੈਰ-ਸਫ਼ੀਤੀਜਨਕ (Non-inflationary) ਕਿਸਮ ਦਾ ਹੁੰਦਾ ਹੈ। ਦੂਜੇ ਪਾਸੇ ਭਾਰਤੀ ਧਾਰਨਾ ਅਨੁਸਾਰ ਘਾਟੇ ਦਾ ਬਜਟ ਰਿਜ਼ਰਵ ਬੈਂਕ ਕੋਲੋਂ ਉਧਾਰ ਲੈ ਕੇ ਪੂਰਿਆ ਜਾਂਦਾ ਹੈ। ਇਸ ਲਈ ਇਹ ਅਕਸਰ ਸਫ਼ੀਤੀਜਨਕ ਹੁੰਦਾ ਹੈ।

ਘਾਟੇ ਦੇ ਬਜਟ ਤੋਂ ਭਾਵ ਉਸ ਬਜਟ ਤੋਂ ਹੈ ਜਿਸ ਵਿਚ ਸਰਕਾਰੀ ਖ਼ਰਚ, ਸਰਕਾਰੀ ਆਮਦਨ ਦੀ ਤੁਲਨਾ ਵਿਚ ਵਧੇਰੇ ਹੁੰਦਾ ਹੈ। ਇਸ ਦੇ ਉਲਟ ਘਾਟੇ ਦੇ ਬਜਟ ਵਿਚ ਹੋਣ ਵਾਲੇ ਘਾਟੇ ਨੂੰ ਪੂਰਾ ਕਰਨ ਲਈ ਜੋ ਵਿਧੀ ਅਪਣਾਈ ਜਾਂਦੀ ਹੈ ਉਸ ਨੂੰ ਘਾਟੇ ਦੀ ਵਿੱਤ ਵਿਵਸਥਾ ਕਿਹਾ ਜਾਂਦਾ ਹੈ। ਮਿਹਿਰ ਰਕਸ਼ਿਤ ਨੇ ਘਾਟੇ ਦੇ ਬਜਟ ਅਤੇ ਘਾਟੇ ਦੀ ਵਿੱਤੀਕਰਨ ਵਿਚਾਲੇ ਭੇਦ ਕਰਦਿਆਂ ਕਿਹਾ ਹੈ ਕਿ ਘਾਟੇ ਦਾ ਬਜਟ ਆਮਦਨ ਅਤੇ ਪੂੰਜੀ ਲੇਖਾ ਦੋਹਾਂ ਤੋਂ ਖ਼ਰਚ ਅਤੇ ਪ੍ਰਾਪਤੀਆਂ ਦੇ ਖੱਪੇ ਨੂੰ ਦੱਸਦਾ ਹੈ ਜਿਸ ਨੂੰ ਖਜ਼ਾਨਾ ਬਿੱਲਾਂ ਦੀ ਵਿਕਰੀ ਰਾਹੀਂ ਪੂਰਿਆ ਜਾਂਦਾ ਹੈ। ਦੂਜੇ ਪਾਸੇ ਘਾਟੇ ਦੇ ਵਿੱਤੀਕਰਨ ਨੂੰ ਸਰਕਾਰ ਨੂੰ ਰਿਜ਼ਰਵ ਬੈਂਕ ਵੱਲੋਂ, ਸਾਲ ਦੌਰਾਨ, ਸ਼ਾਖ ਦਾ ਸ਼ੁੱਧ ਵਾਧਾ ਕਿਹਾ ਜਾ ਸਕਦਾ ਹੈ। ("The overall budget deficit denoted the gap between the expenditure and the receipts under the revenue and the capital accounts taken together and this gap is met by the sale of treasure bills (with a maturity period of ninety one days) the major part of which find their way into the portfolio of the Reserve Bank. Deficit financing, on the other hand, refers to the increment during the year in the net Reserve Bank credit to the government.")

ਘਾਟੇ ਦੇ ਬਜਟ ਨਾਲ ਸੰਬੰਧਿਤ ਧਾਰਨਾਵਾਂ :

ਬਜਟ ਦੇ ਵਿਭਿੰਨ ਲੇਖਿਆਂ ਦੇ ਪੱਖ ਤੋਂ ਘਾਟੇ ਦੀ ਧਾਰਨਾ ਨੂੰ ਹੇਠ ਲਿਖੇ ਅਨੁਸਾਰ ਦੱਸਿਆ ਜਾਂਦਾ ਹੈ :

(i) ਮਾਲੀ ਘਾਟਾ/ਮਾਲੀ ਲੇਖੇ ਤੇ ਘਾਟਾ (Deficit on Revenue Account -(RD)

(ii) ਪੂੰਜੀ ਲੇਖੇ ਤੇ ਘਾਟਾ (Deficit on Capital Account -(CD)

(iii) ਬਜਟ ਘਾਟਾ (Budgetary Deficit -(BD)

(iv) ਵਿੱਤੀ ਘਾਟਾ (Fiscal Deficit -(FD)

**(i) ਮਾਲੀ ਘਾਟਾ/ਮਾਲੀ ਲੇਖੇ ਅਤੇ ਘਾਟਾ (Deficit on Revenue Account -(RD)** : ਬਜਟ ਦੇ ਮਾਲੀ ਲੇਖੇ ਦੀਆਂ ਪ੍ਰਾਪਤੀਆਂ ਨਾਲੋਂ ਮਾਲੀ ਲੇਖੇ ਦੇ ਵਧੀਕ ਖਰਚੇ ਨੂੰ ਮਾਲੀ ਘਾਟਾ ਕਿਹਾ ਜਾਂਦਾ ਹੈ। ਮਾਲੀ ਪ੍ਰਾਪਤੀਆਂ ਦੇ ਵਿੱਚ ਕਰ ਆਮਦਨ ਅਤੇ ਗੈਰ-ਕਰ ਆਮਦਨ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਮਾਲੀ ਲੇਖੇ ਤੇ ਖਰਚੇ ਵਿੱਚ ਨਿਯੋਜਿਤ ਅਤੇ ਗੈਰ-ਨਿਯੋਜਿਤ ਖਰਚ ਨੂੰ ਸ਼ਾਮਿਲ ਕੀਤਾ ਜਾਂਦਾ ਹੈ।

**(ii) ਪੂੰਜੀ ਲੇਖੇ ਤੇ ਘਾਟਾ (Deficit on Capital Account -(CD):** ਪੂੰਜੀ ਲੇਖੇ ਦੀਆਂ ਪ੍ਰਾਪਤੀਆਂ ਨਾਲੋਂ ਪੂੰਜੀ ਲੇਖੇ ਦੇ ਵਧੀਕ ਖਰਚੇ ਨੂੰ ਪੂੰਜੀ ਲੇਖੇ ਤੇ ਘਾਟਾ ਕਿਹਾ ਜਾਂਦਾ ਹੈ। ਪੂੰਜੀ ਲੇਖੇ ਦੀਆਂ ਪ੍ਰਾਪਤੀਆਂ ਵਿੱਚ ਸਰਬਜਨਕ ਉਧਾਰ, ਬਾਹਰੀ ਕਰਜੇ, ਛੋਟੀਆਂ ਬੱਚਤਾਂ, ਪ੍ਰਾਵੀਡੈਂਟ ਫੰਡ, ਤੀਜੀ ਧਿਰ ਵੱਲੋਂ ਕਰਜਿਆਂ ਦੀ ਅਦਾਇਗੀ ਆਦਿ ਨੂੰ ਸ਼ਾਮਿਲ ਕੀਤਾ ਜਾਂਦਾ ਹੈ। 91 ਦਿਨਾਂ ਦੇ ਐਡਹਾਕ ਖਜਾਨਾ ਬਿਲਾਂ ਦੀ ਵਿਕਰੀ ਤੋਂ ਹੋਣ ਵਾਲੀਆਂ ਪ੍ਰਾਪਤੀਆਂ ਅਤੇ ਕੈਸ਼ ਬੈਲੇਂਸ ਘਟਾ ਕੇ ਹੋਣ ਵਾਲੀਆਂ ਪ੍ਰਾਪਤੀਆਂ ਨੂੰ ਪੂੰਜੀ ਲੇਖੇ ਦੀਆਂ ਪ੍ਰਾਪਤੀਆਂ ਵਿੱਚ ਸ਼ਾਮਿਲ ਨਹੀਂ ਕੀਤਾ ਜਾਂਦਾ। ਜਦੋਂ ਕਿ ਬਾਕੀ ਹੋਰ ਕਿਸਮਾਂ ਦੇ ਖਜਾਨਾ ਬਿਲਾਂ ਦੀਆਂ ਬਾਕੀ ਬਿਲਾਂ ਦੀ ਵਿਕਰੀ ਅਤੇ ਸਰਕਾਰੀ ਸੰਪਤੀ ਦੀ ਵਿਕਰੀ ਤੋਂ ਹੋਣ ਵਾਲੀਆਂ ਪ੍ਰਾਪਤੀਆਂ ਨੂੰ ਇਸ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ। ਪੂੰਜੀ ਲੇਖੇ ਦੇ ਖਰਚਿਆਂ ਵਿੱਚ ਨਿਯੋਜਿਤ ਪੂੰਜੀ ਖਰਚੇ ਅਤੇ ਗੈਰ-ਨਿਯੋਜਿਤ ਪੂੰਜੀ ਖਰਚੇ ਸ਼ਾਮਿਲ ਕੀਤੇ ਜਾਂਦੇ ਹਨ।

**(iii) ਬਜਟ ਘਾਟਾ (Budgetary Deficit -(BD):** ਇਹ ਆਮਦਨ ਲੇਖੇ ਦੇ ਘਾਟੇ ਅਤੇ ਪੂੰਜੀ ਲੇਖੇ ਦੇ ਘਾਟੇ ਦਾ ਜੋੜ ਹੈ।

**(iv) ਵਿੱਤੀ ਘਾਟਾ (Fiscal Deficit -(FD):** ਵਿੱਤੀ ਘਾਟਾ ਕੁੱਲ ਪ੍ਰਾਪਤੀਆਂ (ਸ਼ੁੱਧ ਉਧਾਰ ਘਟਾ ਕੇ) ਅਤੇ ਕੁੱਲ ਖਰਚੇ ਦਾ ਅੰਤਰ ਹੈ। ਇਸ ਵਿੱਚ ਸਰਕਾਰੀ ਖਰਚੇ ਦਾ ਉਹ ਹਿੱਸਾ ਆਉਂਦਾ ਹੈ, ਜਿਸ ਦਾ ਉਧਾਰ ਅਤੇ ਨਕਦੀ ਜਮ੍ਹਾਂ ਕਢਵਾ ਕੇ ਵਿੱਤੀਕਰਨ ਕੀਤਾ ਜਾਂਦਾ ਹੈ।

ਆਓ ਹੁਣ ਦੇਖੀਏ ਕਿ ਇਨ੍ਹਾਂ ਉਦੇਸ਼ਾਂ ਦੀ ਪ੍ਰਾਪਤੀ ਘਾਟੇ ਦੇ ਵਿੱਤੀਕਰਨ ਰਾਹੀਂ ਕਿਵੇਂ ਹੋ ਸਕਦੀ ਹੈ।

1. **ਸੰਕਟ ਸਮੇਂ ਘਾਟੇ ਦੀ ਵਿੱਤ ਵਿਵਸਥਾ** : ਆਧੁਨਿਕ ਸਮੇਂ ਵਿਚ ਵਿਗਿਆਨਕ ਪ੍ਰਗਤੀ ਦੇ ਕਾਰਨ ਯੁੱਧ ਦਾ ਟਾਕਰਾ ਕਰਨਾ ਬਹੁਤ ਮਹਿੰਗਾ ਪੈਂਦਾ ਹੈ। ਯੁੱਧ ਸਮੇਂ ਸਰਕਾਰ ਦਾ ਖ਼ਰਚਾ ਪਹਿਲਾਂ ਨਾਲੋਂ ਬਹੁਤ ਵਧ ਜਾਂਦਾ ਹੈ। ਆਮਦਨ ਦੇ ਦੂਜੇ ਸਾਧਨਾਂ ਰਾਹੀਂ ਇਸ ਖ਼ਰਚੇ ਨੂੰ ਪੂਰਾ ਕਰਨਾ ਕਠਿਨ ਹੋ ਜਾਂਦਾ ਹੈ। ਇਸ ਲਈ ਸਰਕਾਰ ਯੁੱਧ ਦੀਆਂ ਲੋੜਾਂ ਪੂਰੀਆਂ ਕਰਨ ਲਈ ਘਾਟੇ ਦੀ ਵਿੱਤ ਵਿਵਸਥਾ ਦਾ ਢੰਗ ਅਪਣਾਉਂਦੀ ਹੈ। ਇਸ ਦੇ ਨਾਲ ਕਈ ਵਸਤਾਂ ਅਤੇ ਸੇਵਾਵਾਂ ਦੀ ਵਰਤੋਂ ਘਟ ਜਾਂਦੀ ਹੈ। ਦੂਜੇ ਪਾਸੇ ਅਰਥ ਵਿਵਸਥਾ ਦੀ ਉਤਪਾਦਕੀ ਸਮਰਥਾ ਘਟ ਜਾਂਦੀ ਹੈ। ਕਿਉਂਕਿ ਜਨਤਾ ਦੇ ਹੱਥਾਂ ਵਿਚਲੇ ਸਾਧਨ ਯੁੱਧ ਦੇ ਸਾਜੋ-ਸਮਾਨ ਤੇ ਖ਼ਰਚ ਕਰ ਦਿੱਤੇ ਜਾਂਦੇ ਹਨ। ਇਸ ਤਰ੍ਹਾਂ ਵਸਤਾਂ ਦੀ ਪੈਦਾਵਾਰ ਘਟਣ ਨਾਲ, ਅਤੇ ਮੰਗ ਵਧਣ ਨਾਲ ਕਿਉਂਕਿ ਖ਼ਰੀਦ ਸ਼ਕਤੀ ਵਧ ਗਈ ਹੁੰਦੀ ਹੈ, ਅਰਥ ਵਿਵਸਥਾ ਵਿਚ ਸਫ਼ੀਤੀ ਦੀ ਹਾਲਤ ਪੈਦਾ ਹੋ ਜਾਂਦੀ ਹੈ।

2. **ਮੰਦੀ ਸਮੇਂ ਘਾਟੇ ਦੀ ਵਿੱਤ ਵਿਵਸਥਾ** : ਅਰਥ ਵਿਵਸਥਾ ਨੂੰ ਮੰਦੀ ਦੀ ਹਾਲਤ ਵਿਚੋਂ ਕੱਢਣ ਲਈ ਘਾਟੇ ਦੀ ਵਿੱਤ ਵਿਵਸਥਾ ਦਾ ਪ੍ਰਯੋਗ ਅਤੀ ਮਹੱਤਵਪੂਰਣ ਰੋਲ ਨਿਭਾਉਂਦਾ ਹੈ। ਇਸ ਸਮੇਂ ਅਰਥ ਵਿਵਸਥਾ ਵਿਚ ਪ੍ਰਭਾਵੀ ਮੰਗ ਦੀ ਕਮੀ ਹੁੰਦੀ ਹੈ ਅਤੇ ਇਸ ਕਾਰਨ ਬੇਰੁਜ਼ਗਾਰੀ ਵਧਦੀ ਜਾਂਦੀ ਹੈ। ਕੁੱਲ ਮੰਗ ਵਿਚ ਹੋਣ ਵਾਲੀ ਕਮੀ ਨੂੰ ਦੂਰ ਕਰਨ ਲਈ ਜ਼ਰੂਰੀ ਹੈ ਕਿ ਦੇਸ਼ ਵਿਚ ਕੁੱਲ ਖ਼ਰਚ ਵਧਾਇਆ ਜਾਵੇ। ਅਜਿਹਾ ਸਰਕਾਰੀ ਖ਼ਰਚ ਵਿਚ ਵਾਧਾ ਕਰਕੇ ਸੰਭਵ ਬਣਾਇਆ ਜਾ ਸਕਦਾ ਹੈ। ਘਾਟੇ ਦੀ ਵਿੱਤੀਕਰਨ ਰਾਹੀਂ ਸਮਾਜਿਕ ਉਪਰੀ ਪੂੰਜੀ ਲਾਗਤ ਵਿਚ ਵਾਧਾ ਕਰਕੇ ਜਨਤਾ ਦੇ ਹੱਥਾਂ ਵਿਚ ਖ਼ਰੀਦ ਸ਼ਕਤੀ ਵਧਾਈ ਜਾ ਸਕਦੀ ਹੈ। ਜਿਸ ਦੇ ਨਾਲ ਪ੍ਰਭਾਵੀ ਮੰਗ ਵਧੇਗੀ, ਰੋਜ਼ਗਾਰ ਵਧੇਗਾ, ਮੁੜ ਫੇਰ ਪ੍ਰਭਾਵੀ ਮੰਗ ਵਧੇਗੀ ਅਤੇ ਸਿੱਟੇ ਵਜੋਂ ਰੋਜ਼ਗਾਰ ਵਧੇਗਾ ਅਤੇ ਇਸ ਤਰ੍ਹਾਂ ਇਹ ਚੱਕਰ ਚਲਦਾ ਹੀ ਰਹੇਗਾ। ਕੇਨਜ਼ ਨੇ ਇਸ ਨੂੰ 'ਗੁਣਕ ਪ੍ਰਭਾਵੀ' ਆਖਿਆ ਹੈ। ਇਸ ਤਰ੍ਹਾਂ ਇਹ ਸਪੱਸ਼ਟ ਹੋ ਗਿਆ ਹੈ ਕਿ ਮੰਦੀ ਸਮੇਂ ਘਾਟੇ ਦੀ ਵਿੱਤ ਵਿਵਸਥਾ ਰਾਹੀਂ ਨਾ ਕੇਵਲ ਘਟਦੀ ਪ੍ਰਭਾਵੀ ਮੰਗ ਨੂੰ ਰੋਕਿਆ ਜਾ ਸਕਦਾ ਹੈ, ਸਗੋਂ ਪ੍ਰਭਾਵੀ ਮੰਗ ਦੇ ਵਾਧੇ ਨਾਲ ਚੱਕਰ ਨੂੰ ਗਤੀ ਵਿਚ ਲਿਆਂਦਾ ਜਾ ਸਕਦਾ ਹੈ। ਪਰੰਤੂ ਇਹ ਗੁਣਕ ਪ੍ਰਭਾਵ ਅਲਪ ਵਿਕਸਿਤ ਦੇਸ਼ਾਂ ਵਿਚ ਕੰਮ ਨਹੀਂ ਕਰ ਸਕਦਾ ਕਿਉਂਕਿ ਇਹ ਕੇਵਲ ਪ੍ਰਭਾਵੀ ਮੰਗ ਵਧਾਉਂਦਾ ਹੈ, ਪ੍ਰਭਾਵੀ ਪੂਰਤੀ ਨਹੀਂ। ਕਿਉਂਕਿ ਅਲਪ ਵਿਕਸਿਤ ਦੇਸ਼ਾਂ ਵਿਚ ਪ੍ਰਭਾਵੀ ਪੂਰਤੀ ਨੂੰ ਵਧਾਉਣ ਦੀ ਸਮੱਸਿਆ ਪ੍ਰਭਾਵੀ ਮੰਗ ਵਧਾਉਣ ਜਿੰਨੀ ਹੀ ਮਹੱਤਵਪੂਰਣ ਹੁੰਦੀ ਹੈ।

3. **ਆਰਥਿਕ ਵਿਕਾਸ ਲਈ ਘਾਟੇ ਦੀ ਵਿੱਤ ਵਿਵਸਥਾ** : ਜਿਸ ਤਰ੍ਹਾਂ ਘਾਟੇ ਦੀ ਵਿੱਤ ਵਿਵਸਥਾ ਦੀ ਲੋੜ ਯੁੱਧ ਕਾਲ ਵੇਲੇ ਦੀ ਹੈ, ਉਵੇਂ ਹੀ ਯੁੱਧ ਤੋਂ ਬਾਅਦ ਵਾਲੇ ਸਮੇਂ ਆਰਥਿਕ ਨੀਤੀ ਦੇ ਸਾਧਨ ਵਜੋਂ ਇਸ ਦੀ ਵਰਤੋਂ ਕੀਤੀ ਜਾ ਸਕਦੀ ਹੈ। ਮੰਦੀ (Depression) ਦੀ ਸਥਿਤੀ ਨੂੰ ਦੂਰ ਕਰਨ ਲਈ ਪੈਦਾਵਾਰ ਅਤੇ ਰੋਜ਼ਗਾਰ ਦੇ ਪੱਧਰ ਨੂੰ ਉੱਚਾ ਚੁੱਕਿਆ ਜਾ ਸਕਦਾ ਹੈ।

ਭਾਵ ਜਿਸ ਸਮੇਂ ਸਰਕਾਰ ਆਰਥਿਕ ਵਿਕਾਸ ਨੂੰ ਵਧਾਉਣ ਲਈ ਕਦਮ ਚੁੱਕਦੀ ਹੈ ਤਾਂ ਵਿੱਤੀ ਨੀਤੀ (Fiscal Policy) ਘੱਟ ਵਿਕਸਿਤ ਖੇਤਰਾਂ ਲਈ ਅਹਿਮ ਰੋਲ ਨਿਭਾਉਂਦੀ ਹੈ। ਕਰਾਧਾਨ, ਉਧਾਰ ਅਤੇ ਬਾਹਰੀ ਵਿੱਤ ਨਾਲ ਵੀ ਜਦੋਂ ਤੇਜ਼ ਆਰਥਿਕ ਵਿਕਾਸ ਲਈ ਨਿਵੇਸ਼ਾਤਮਕ ਖ਼ਰਚ ਪੂਰਾ ਨਹੀਂ ਹੁੰਦਾ ਤਾਂ ਸਰਕਾਰ ਵੱਲੋਂ ਇਸ ਨੂੰ ਘਾਟੇ ਦੇ ਵਿੱਤੀਕਰਨ ਦੇ ਢੰਗ ਰਾਹੀਂ ਨੇਪਰੇ ਚਾੜ੍ਹਿਆ ਜਾ ਸਕਦਾ ਹੈ।

ਭਾਵੇਂ ਘਾਟੇ ਦਾ ਵਿੱਤੀਕਰਨ ਅਲਪ-ਵਿਕਸਿਤ ਦੇਸ਼ਾਂ ਦੀਆਂ ਵਿਕਾਸਾਤਮਕ ਯੋਜਨਾਵਾਂ ਨੂੰ ਸਿਰੇ ਚੜ੍ਹਾਉਣ ਦਾ ਮਹੱਤਵਪੂਰਣ ਢੰਗ ਹੈ, ਪਰੰਤੂ ਫਿਰ ਵੀ ਇਹ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਅਰਥ ਵਿਵਸਥਾ ਵਿਚ ਸਫ਼ੀਤੀ ਵਿਚ ਵਾਧਾ ਸਹਿਣ-ਸ਼ਕਤੀ ਤੋਂ ਵੱਧ ਨਾ ਹੋਵੇ।

ਆਰਥਿਕ ਵਿਕਾਸ ਦੇ ਔਜ਼ਾਰ ਵਜੋਂ ਘਾਟੇ ਦੀ ਵਿੱਤ ਵਿਵਸਥਾ ਹੇਠ ਲਿਖੇ ਢੰਗਾਂ ਨਾਲ ਕੰਮ ਕਰਦੀ ਹੈ:

(ੳ) ਇਹ ਅਰਥ-ਵਿਵਸਥਾ ਵਿਚ ਮੌਜੂਦ ਉਨ੍ਹਾਂ ਸਾਧਨਾਂ ਨੂੰ ਉਪਲੱਬਧ ਕਰਵਾਉਂਦੀ ਹੈ ਜੋ ਵਿੱਤੀ ਸਾਧਨਾਂ ਦੀ ਘਾਟ ਕਾਰਨ ਅਣ-ਵਰਤੇ ਰਹਿ ਜਾਂਦੇ ਹਨ।

(ਅ) ਇਹ ਜਬਰੀ ਬੱਚਤਾਂ (forced savings) ਦੇ ਰੂਪ ਵਿਚ ਨਵੇਂ ਸਾਧਨ ਪੈਦਾ ਕਰਦੀ ਹੈ।

(ੲ) ਅਰਥ-ਵਿਵਸਥਾ ਦਾ ਵਿਕਾਸ ਅਤੇ ਸਾਧਨਾਂ ਦੀ ਪੂਰਤੀ ਵਧਾਉਣ ਵਿੱਚ ਮੱਦਦ ਕਰਦੀ ਹੈ।

**(ੳ) ਵਾਫ਼ਰ ਅਤੇ ਅਣ-ਵਰਤੇ ਸਾਧਨਾਂ ਨੂੰ ਗਤੀਸ਼ੀਲ ਬਣਾਉਣਾ**

ਮੰਦੀ ਸਮੇਂ ਵਾਧੂ ਕਿਰਤ ਅਤੇ ਅਰਥ ਵਿਵਸਥਾ ਵਿਚ ਪਏ ਹੋਰ ਅਣ-ਵਰਤੇ ਸਾਧਨਾਂ ਨੂੰ ਘਾਟੇ ਦੀ ਵਿੱਤੀ ਵਿਵਸਥਾ ਰਾਹੀਂ ਹੋਰ ਗਤੀਸ਼ੀਲ ਬਣਾਇਆ ਜਾ ਸਕਦਾ ਹੈ ਅਤੇ ਇਸ ਤਰ੍ਹਾਂ ਪੈਦਾਵਾਰ ਅਤੇ ਰੋਜ਼ਗਾਰ ਦੇ ਪੱਧਰ ਵਿਚ ਵਾਧਾ ਹੁੰਦਾ ਹੈ। ਪਰੰਤੂ ਅਜਿਹਾ ਵਿਕਸਿਤ ਦੇਸ਼ਾਂ ਲਈ ਹੋ ਸਕਦਾ ਹੈ। ਅਲਪ ਵਿਕਸਿਤ ਦੇਸ਼ਾਂ ਵਿਚ ਖੇਤੀਬਾੜੀ ਖੇਤਰ ਪ੍ਰਧਾਨ ਹੁੰਦਾ ਹੈ ਅਤੇ ਉਥੇ ਕੋਈ ਵੀ ਪਲਾਟ ਜਾਂ ਸਮੱਗਰੀ ਬੇਕਾਰ ਨਹੀਂ ਹੁੰਦੀ। ਇਸ ਤਰ੍ਹਾਂ ਉਦਯੋਗਿਕ ਖੇਤਰ ਵਿਚ ਵੀ ਬੇਕਾਰ ਉਤਪਾਦਕੀ ਸਮਰੱਥਾ ਨਹੀਂ ਹੁੰਦੀ। ਹਾਂ, ਖੇਤੀਬਾੜੀ ਖੇਤਰ ਵਿਚ ਬੇਰੁਜ਼ਗਾਰ ਕਿਰਤ ਦੀ ਵੱਡੀ ਮਾਤਰਾ ਜ਼ਰੂਰ ਹੁੰਦੀ ਹੈ। ਜੇ ਘਾਟੇ ਦੇ ਵਿੱਤੀਕਰਨ ਰਾਹੀਂ ਇਸ ਬੇਰੁਜ਼ਗਾਰ ਕਿਰਤ ਨੂੰ ਕੰਮ ਤੇ ਲਗਾਇਆ ਜਾਵੇ ਤਾਂ ਅਰਥ ਵਿਵਸਥਾ ਵਿਚ ਸਫ਼ੀਤੀ ਦੀ ਹਾਲਤ ਪੈਦਾ ਹੋ ਜਾਵੇਗੀ। ਕਿਉਂਕਿ ਖੇਤੀਬਾੜੀ ਅਤੇ ਉਦਯੋਗਿਕ ਖੇਤਰ ਵਿਚ ਬੇਕਾਰ ਉਤਪਾਦਕੀ ਸਮਰੱਥਾ ਨਹੀਂ ਹੁੰਦੀ। ਇਸ ਲਈ ਘਾਟੇ ਦੇ ਵਿੱਤੀਕਰਨ ਨੂੰ ਵਧੇਰੇ ਪ੍ਰਭਾਵੀ ਬਣਾਉਣ ਲਈ ਪਹਿਲਾਂ ਖੇਤੀਬਾੜੀ ਅਤੇ ਉਦਯੋਗਿਕ ਖੇਤਰ ਵਿਚ ਉਤਪਾਦਕੀ ਸਮਰੱਥਾ ਨੂੰ ਵਧਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ।

**(ਅ) ਨਵੇਂ ਸਾਧਨ ਪੈਦਾ ਕਰਨਾ**

ਅਲਪ-ਵਿਕਸਿਤ ਦੇਸ਼ਾਂ ਵਿਚ ਵਿਕਾਸਾਤਮਕ ਯੋਜਨਾਵਾਂ ਸਿਰੇ ਚੜ੍ਹਾਉਣ ਲਈ ਇੱਛਤ ਬੱਚਤਾਂ ਦੀ ਘਾਟ ਹੁੰਦੀ ਹੈ। ਇਸ ਲਈ ਘਾਟੇ ਦੇ ਵਿੱਤੀਕਰਨ ਦਾ ਸਹਾਰਾ ਲੈਣਾ ਪੈਂਦਾ ਹੈ, ਜੋ ਕੀਮਤਾਂ ਵਧਾ ਦਿੰਦਾ ਹੈ। ਪਰੰਤੂ ਵਧੀਆਂ ਹੋਈਆਂ ਕੀਮਤਾਂ ਉਪਭੋਗ ਘਟਾ ਦਿੰਦੀਆਂ ਹਨ। ਇਸ ਤਰ੍ਹਾਂ ਜ਼ਬਰੀ ਬੱਚਤਾਂ ਸ਼ੁਰੂ ਹੋ ਜਾਂਦੀਆਂ ਹਨ, ਇਸੇ ਕਾਰਨ ਬੱਚਤਾਂ ਨੂੰ ਗਤੀਸ਼ੀਲ ਬਣਾਉਣ ਲਈ ਜਾਂ ਇਹ ਕਹਿ ਲਵੋ ਕਿ ਨਵੇਂ ਸਾਧਨ ਪੈਦਾ ਕਰਨ ਲਈ ਘਾਟੇ ਦੀ ਵਿੱਤ ਵਿਵਸਥਾ ਦਾ ਅਹਿਮ ਰੋਲ ਹੈ। ਇਹਨਾਂ ਸਾਧਨਾਂ ਨੂੰ ਵਿਕਾਸਾਤਮਕ ਯੋਜਨਾਵਾਂ ਦੇ ਵਿੱਤੀਕਰਨ ਲਈ ਵਰਤਿਆ ਜਾ ਸਕਦਾ ਹੈ।

**(ੲ) ਜਿਸ ਵੇਲੇ ਅਰਥ ਵਿਵਸਥਾ ਵਿਕਾਸ ਦੇ ਰਾਹ ਤੇ ਹੋਵੇ**

ਜਿਸ ਵੇਲੇ ਅਰਥ-ਵਿਵਸਥਾ ਵਿਕਾਸ ਕਰ ਰਹੀ ਹੁੰਦੀ ਹੈ ਤਾਂ ਇਸ ਦੇ ਨਿਯਮਿਤ ਆਰਥਿਕ ਵਿਕਾਸ ਦੇ ਸਿੱਟੇ ਵਜੋਂ ਪੈਦਾਵਾਰ ਅਤੇ ਰੋਜ਼ਗਾਰ ਵਧ ਰਹੇ ਹੁੰਦੇ ਹਨ। ਅਜਿਹੀਆਂ ਹਾਲਤਾਂ ਵਿਚ ਆਰਥਿਕ ਵਿਕਾਸ ਦੀ ਦਰ ਨੂੰ ਉੱਚਾ ਚੁੱਕਣ ਲਈ ਘਾਟੇ ਦੀ ਵਿੱਤ ਵਿਵਸਥਾ ਅਹਿਮ ਰੋਲ ਨਿਭਾ ਸਕਦੀ ਹੈ।

ਇਸ ਤਰ੍ਹਾਂ ਇਹ ਸਪਸ਼ਟ ਹੋ ਗਿਆ ਹੈ ਕਿ ਘਾਟੇ ਦੇ ਵਿੱਤੀਕਰਨ ਦਾ ਸਾਧਨ ਵਿਕਾਸਸ਼ੀਲ ਦੇਸ਼ ਦੇ ਆਰਥਿਕ ਵਿਕਾਸ ਲਈ ਅਹਿਮ ਭੂਮਿਕਾ ਨਿਭਾ ਸਕਦਾ ਹੈ, ਪਰੰਤੂ ਇਸ ਦੀ ਵਰਤੋਂ ਵੇਲੇ ਅਸੰਤੁਲਿਤ ਵਿਕਾਸ ਦੇ ਸਿਧਾਂਤ ਨਾਲੋਂ ਸੰਤੁਲਿਤ ਵਿਕਾਸ ਦੇ ਸਿਧਾਂਤ ਨੂੰ ਤਰਜੀਹ ਦੇਣੀ ਜ਼ਰੂਰੀ ਹੈ।

**ਸਵੈ ਅਧਿਐਨ ਪ੍ਰਸਨ**

1 ਸੰਕਟ ਸਮੇ ਘਾਟੇ ਦੀ ਵਿੱਤ ਵਿਵਸਥਾ ਬਾਰੇ ਦੱਸੋ।

2 ਮੰਦੀ ਸਮੇ ਘਾਟੇ ਦੀ ਵਿੱਤ ਵਿਵਸਥਾ ਬਾਰੇ ਦੱਸੋ।

## 2.6.7 ਘਾਟੇ ਦੇ ਵਿੱਤੀਕਰਨ ਦੇ ਪ੍ਰਭਾਵ (Effects of Deficit Financing):

ਅਤਿਰਿਕਤ ਮੁਦਰਾ ਪ੍ਰਾਪਤ ਕਰਨ ਨਾਲ ਮੁਦਰਾ ਦਾ ਮੁੱਲ ਤਬਦੀਲ ਹੋ ਸਕਦਾ ਹੈ ਅਤੇ ਇਸ ਦੇ ਨਾਲ ਕੀਮਤਾਂ ਵਿਚ ਘਾਟਾ ਵਾਧਾ ਹੋ ਸਕਦਾ ਹੈ। ਜੇਕਰ ਇਸ ਦੀ ਵਰਤੋਂ ਵਿਸ਼ੇਸ਼ ਸੀਮਾਂ ਤੋਂ ਵਧੇਰੇ ਕੀਤੀ ਜਾਵੇ ਤਾਂ ਇਸ ਦੇ ਭੈੜੇ ਸਿੱਟੇ ਨਿਕਲਦੇ ਹਨ। ਅਰਥ-ਵਿਵਸਥਾ ਵਿਚ ਵਧੇਰੇ ਖ਼ਰੀਦ ਸ਼ਕਤੀ ਸੌਂਪਣ ਨਾਲ ਪ੍ਰਭਾਵੀ ਮੰਗ ਤਾਂ ਵਧ ਜਾਂਦੀ ਹੈ, ਪਰੰਤੂ ਵਸਤਾਂ ਦੀ ਪੂਰਤੀ

ਜਲਦੀ ਨਾ ਵਧਣ ਕਾਰਨ ਕੀਮਤਾਂ ਵਧ ਜਾਂਦੀਆਂ ਹਨ, ਜਿਸ ਨਾਲ ਜੀਵਨ ਜਿਉਣ ਦੀ ਲਾਗਤ ਵਧੇਰੇ ਹੋ ਜਾਂਦੀ ਹੈ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਅਲਪ ਵਿਕਸਿਤ ਦੇਸ਼ਾਂ ਵਿਚ ਉਪਭੋਗ ਪ੍ਰਵਿਰਤੀ ਉੱਚੀ ਹੁੰਦੀ ਹੈ ਅਤੇ ਇੱਕ ਪਾਸੇ ਮੰਡੀ ਦੀਆਂ ਅਪੂਰਣਤਾਵਾਂ (Market Imperfections), ਦੂਜੇ ਪਾਸੇ ਖਾਧ ਸਮੱਗਰੀ ਦੀ ਲਚਕ ਘੱਟ ਹੁੰਦੀ ਹੈ।

ਘਾਟੇ ਦੇ ਵਿੱਤੀਕਰਨ ਨੂੰ ਸਫ਼ਲ ਬਣਾਉਣ ਲਈ ਇਹ ਜ਼ਰੂਰੀ ਹੈ ਕਿ ਆਧਾਰਭੂਤ ਵਸਤਾਂ ਜਿਵੇਂ ਅਨਾਜ, ਚੀਨੀ, ਮਿੱਟੀ ਦਾ ਤੇਲ ਆਦਿ ਦੀ ਪੂਰਤੀ ਅਤੇ ਢੰਗ ਉੱਤੇ ਪੂਰੀ ਤਰ੍ਹਾਂ ਕੰਟਰੋਲ ਕੀਤਾ ਜਾਵੇ ਤਾਂ ਜੋ ਆਬਾਦੀ ਦੀਆਂ ਜ਼ਰੂਰੀ ਲੋੜਾਂ ਨੂੰ ਪੂਰਾ ਕੀਤਾ ਜਾ ਸਕੇ। ਅਜਿਹਾ ਕਰਨ ਦੇ ਨਾਲ ਅਤਿਰਿਕਤ ਮੁਦਰਾ ਆਮਦਨ ਦਾ ਪ੍ਰਭਾਵ ਅਜਿਹੀਆਂ ਵਸਤਾਂ ਤੇ ਪਵੇਗਾ ਜਿਹੜੀਆਂ ਰੋਜ਼ਾਨਾ ਪੱਧਰ ਤੇ ਜੀਵਨ ਨਿਰਬਾਹ ਕਰਨ ਲਈ ਆਮ ਲੋਕਾਂ ਲਈ ਜ਼ਰੂਰੀ ਨਹੀਂ ਹੁੰਦੀਆਂ।

ਜਦੋਂ ਨਿੱਜੀ ਨਿਵੇਸ਼ ਧੀਮਾ ਹੋਵੇ ਤਾਂ ਉਸ ਵੇਲੇ ਘਾਟੇ ਦੇ ਬਜਟ ਦੇ ਵਿੱਤੀਕਰਨ ਤੋਂ ਮੁਦਰਾ ਸਫ਼ੀਤੀ ਘੱਟ ਹੋਵੇਗੀ ਕਿਉਂਕਿ ਇਸ ਰਾਹੀਂ ਕੌਮੀ ਆਮਦਨੀ ਦਾ ਪੱਧਰ ਸਥਿਰ ਹੋਣ ਵਿਚ ਸਹਾਇਤਾ ਮਿਲੇਗੀ, ਪਰ ਜੇਕਰ ਘਾਟੇ ਦੇ ਬਜਟ ਦੇ ਵਿੱਤੀਕਰਨ ਦਾ ਮੁੱਖ ਮੰਤਵ ਦੀਰਘ-ਕਾਲੀਨ ਵਿਕਾਸ ਨੂੰ ਆਰੰਭਣਾ ਅਤੇ ਨਿੱਜੀ ਨਿਵੇਸ਼ ਨੂੰ ਸੰਪੂਰਨ ਕਰਨਾ ਹੋਵੇ, ਤਾਂ ਫਿਰ ਆਰੰਭਿਕ ਪੜਾਅ ਦੇ ਬਾਅਦ ਇਸ ਦਾ ਸੰਭਾਵੀ ਮੁਦਰਾ ਸਫ਼ੀਤੀ ਵਾਲਾ ਪ੍ਰਭਾਵ ਜ਼ਿਆਦਾ ਉੱਨਤ ਹੋ ਜਾਵੇਗਾ।

ਘਾਟੇ ਦਾ ਬਜਟ ਨਵੀਂ ਮੁਦਰਾ ਦੀ ਹੋਂਦ ਤੇ ਆਧਾਰਤ ਹੁੰਦਾ ਹੈ, ਇਸ ਲਈ ਇਸ ਦੇ ਸੰਭਾਵੀ ਮੁਦਰਾ ਸਫ਼ੀਤੀ ਵਾਲੇ ਪ੍ਰਭਾਵ ਤੇ ਹਰ ਵਕਤ ਨਜ਼ਰ ਰੱਖਣ ਦੀ ਲੋੜ ਹੁੰਦੀ ਹੈ, ਨਵੀਂ ਹੋਂਦ ਵਿਚ ਲਿਆਂਦੀ ਹੋਈ ਮੁਦਰਾ ਬਹੁਤ ਹੀ ਸ਼ਕਤੀਵਾਨ ਹੁੰਦੀ ਹੈ। ਥੋੜ੍ਹੇ ਸਮੇਂ ਮਗਰੋਂ ਇਹ ਬਹੁ-ਪੱਖੀ ਉਧਾਰ ਨੂੰ ਜਨਮ ਦੇਣ ਲੱਗਦੀ ਹੈ। ਨਵੀਂ ਪੈਦਾ ਹੋਈ ਮੁਦਰਾ ਕੇਵਲ ਕਰੰਸੀ ਨੋਟ ਹੀ ਨਹੀਂ ਹੁੰਦੇ ਇਹ ਸਰਕਾਰ ਨੂੰ ਕੇਂਦਰੀ ਬੈਂਕ ਤੋਂ ਅਤਿਰਿਕਤ ਕਰਜ਼ਾ ਵੀ ਹੋ ਸਕਦਾ ਹੈ ਜਾਂ ਸਰਕਾਰ ਦੀਆਂ ਨਕਦ ਕੋਸ਼ਾਂ ਵਿਚ ਕਮੀ ਵੀ ਹੋ ਸਕਦੀ ਹੈ। ਇਹ ਜ਼ਰੂਰੀ ਨਹੀਂ ਕਿ ਘਾਟੇ ਦੇ ਬਜਟ ਦੇ ਵਿੱਤੀਕਰਨ ਤੋਂ ਲੋਕਾਂ ਦੀ ਖ਼ਰੀਦਣ ਸ਼ਕਤੀ ਵਿਚ ਵਾਧਾ ਹੋਵੇ। ਕਈ ਭੁਗਤਾਨਾਂ ਵਿਚ ਅਜਿਹਾ ਪ੍ਰਭਾਵ ਨਹੀਂ ਪਾਇਆ ਜਾਂਦਾ। ਮਿਸਾਲ ਵਜੋਂ ਜਦੋਂ ਸਰਕਾਰ ਵਪਾਰਕ ਬੈਂਕ ਤੋਂ ਰਿਣ ਪੱਤਰ ਵਿਮੁਕਤ ਕਰਾਉਂਦੀ ਹੈ ਤਾਂ ਬੈਂਕਾਂ ਦੇ ਨਕਦ ਸਾਧਨ ਵਧ ਜਾਂਦੇ ਹਨ, ਜਦੋਂ ਤੱਕ ਬੈਂਕ ਆਪਣੇ ਗਾਹਕਾਂ ਨੂੰ ਵਧੇ ਹੋਏ ਨਕਦ ਕੋਸ਼ਾਂ ਤੋਂ ਉਧਾਰ ਨਾ ਦੇਣ ਉਸ ਵੇਲੇ ਤੱਕ ਸਮਾਜ ਦੀ ਖ਼ਰੀਦ ਸ਼ਕਤੀ ਵਿਚ ਕੋਈ ਵਾਧਾ ਨਹੀਂ ਹੁੰਦਾ।

ਘਾਟੇ ਦੇ ਬਜਟ ਦੇ ਵਿੱਤੀਕਰਨ ਰਾਹੀਂ ਮੁਦਰਾ ਸਫ਼ੀਤੀ ਦੀ ਹਾਲਤ ਹੇਠ ਦਿੱਤੀਆਂ ਗੱਲਾਂ ਤੇ ਨਿਰਭਰ ਕਰਦੀ ਹੈ :-

(ੳ) **ਆਮ ਆਰਥਿਕ ਹਾਲਤ** : ਜੇਕਰ ਮੰਦੇ ਦੇ ਦਿਨਾਂ ਵਿਚ ਘਾਟੇ ਦੇ ਬਜਟ ਦਾ ਵਿੱਤੀਕਰਨ ਕੀਤਾ ਜਾਵੇ ਤਾਂ ਦੇਸ਼ ਦੀ ਅਰਥ ਵਿਵਸਥਾ ਅਤੇ ਲੋਕਾਂ ਤੇ ਕੋਈ ਭੈੜਾ ਪ੍ਰਭਾਵ ਨਹੀਂ ਪਵੇਗਾ ਸਗੋਂ ਇਸ ਤੋਂ ਵਪਾਰ ਉੱਨਤ ਹੋਵੇਗਾ ਅਤੇ ਰੋਜ਼ਗਾਰ ਵਧੇਗਾ, ਪਰ ਜੇਕਰ ਉਹ ਇਸ ਵੇਲੇ ਕੀਤਾ ਜਾਵੇ ਜਦੋਂ ਨਿੱਜੀ ਤੌਰ ਤੇ ਨਿਵੇਸ਼ ਪੂਰੀ ਤਰ੍ਹਾਂ ਕਾਰਜਸ਼ੀਲ ਹੋਵੇ ਤਾਂ ਫਿਰ ਇਸ ਨਾਲ ਬਹੁਤ ਭੈੜੇ ਪ੍ਰਭਾਵ, ਭਾਵ ਮੁਦਰਾ ਸਫ਼ੀਤੀ ਪੈਦਾ ਹੋਵੇਗੀ।

(ਅ) **ਉਤਪਾਦਕ ਖ਼ਰਚੇ ਦਾ ਸਰੂਪ ਅਤੇ ਆਕਾਰ** : ਜੇਕਰ ਸਰਕਾਰ ਦਾ ਖ਼ਰਚਾ ਉਤਪਾਦਕ ਹੋਵੇ ਤਾਂ ਇਸ ਤੋਂ ਵੀ ਮੁਦਰਾ ਸਫ਼ੀਤੀ ਦਾ ਕੋਈ ਡਰ ਪੈਦਾ ਨਹੀਂ ਹੁੰਦਾ। ਕਿਉਂਕਿ ਇਸ ਦੇ ਰਾਹੀਂ ਦੇਸ਼ ਵਿਚ ਵਸਤਾਂ ਦੀ ਪੈਦਾਵਾਰ ਵੱਧ ਜਾਵੇਗੀ ਅਤੇ ਰੋਜ਼ਗਾਰ ਦੇ ਅਵਸਰ ਜ਼ਿਆਦਾ ਉਪਲੱਬਧ ਹੋ ਜਾਣਗੇ। ਸਰਕਾਰ ਦੀ ਆਮਦਨ ਨਿਵੇਸ਼ ਕਾਰਨ ਵੱਧ ਜਾਵੇਗੀ। ਇਸ ਤਰ੍ਹਾਂ ਭਵਿੱਖ ਵਿਚ ਸਰਕਾਰ ਦਾ ਘਾਟਾ ਘੱਟ ਹੋ ਜਾਵੇਗਾ। ਉਤਪਾਦਨ ਖ਼ਰਚੇ ਤੋਂ ਪੂੰਜੀ ਦਾ ਸਟਾਕ ਵਧਦਾ ਹੈ, ਜਿਸ ਤੋਂ ਔਸਤ ਉਤਪਾਦਨ ਲਾਗਤ ਘੱਟ ਹੋ ਜਾਵੇਗੀ। ਇਸ ਤਰ੍ਹਾਂ ਘਾਟੇ ਦੇ ਬਜਟ ਦਾ ਵਿੱਤੀਕਰਨ ਮੁਦਰਾ ਸਫ਼ੀਤੀ ਨੂੰ ਰੋਕਣ ਵਿਚ ਸਹਾਇਕ ਹੁੰਦਾ ਹੈ।

(ੲ) **ਸਰਕਾਰ ਦੀਆਂ ਪੂਰਕ ਨੀਤੀਆਂ** : ਘਾਟੇ ਦੇ ਬਜਟ ਦੇ ਵਿੱਤੀਕਰਨ ਦੇ ਮੁਦਰਾ ਸਫ਼ੀਤੀ ਵਾਲੇ ਪ੍ਰਭਾਵ ਨੂੰ ਨਿਰਧਾਰਤ ਕਰਨ ਵਾਲਾ ਇੱਕ ਹੋਰ ਮਹੱਤਵਪੂਰਨ ਤੱਤ ਹੈ, ਗ਼ੈਰ-ਬਜਟੀ ਖੇਤਰਾਂ ਵਿਚ ਸਰਕਾਰ ਦੀ ਨੀਤੀ। ਜੇਕਰ ਕਿਸੇ ਸਮੇਂ ਨਿਰਯਾਤਾਂ ਦੀ ਬਜਾਇ ਆਯਾਤ ਜ਼ਿਆਦਾ ਹੋਣ ਤਾਂ ਅਜਿਹਾ ਵਾਧਾ ਘਾਟੇ ਦੇ ਬਜਟੀਕਰਨ ਤੋਂ ਪੈਦਾ ਹੋਈ ਅਤਿਰਿਕਤ ਖ਼ਰਚ ਸ਼ਕਤੀ ਦਾ ਪ੍ਰਸਥਾਨ (offset) ਕਰ ਦੇਵੇਗੀ। ਇਸ ਤਰ੍ਹਾਂ ਇੱਕ ਉਦਾਰ ਆਯਾਤ ਨੀਤੀ ਘਾਟੇ ਦੇ ਬਜਟ ਦੇ ਵਿੱਤੀਕਰਨ ਦੇ ਭੈੜੇ ਪ੍ਰਭਾਵਾਂ ਨੂੰ ਪ੍ਰਭਾਵਹੀਨ ਕਰ ਦੇਵੇਗੀ।

ਸੋ ਇਹ ਸਪਸ਼ਟ ਹੈ ਕਿ ਅਣਉਤਪਾਦਕੀ ਖ਼ਰਚੇ ਲਈ ਘਾਟੇ ਦੀ ਵਿੱਤ ਵਿਵਸਥਾ ਦੀ ਵਰਤੋਂ ਪੈਦਾਵਾਰ ਵਿਚ ਕੋਈ ਵਾਧਾ

ਨਹੀਂ ਕਰਦੀ। ਉਦਾਹਰਣ ਵਜੋਂ ਯੁੱਧ-ਕਾਲੀ ਖ਼ਰਚ ਵਿਨਾਸ਼ਕਾਰੀ ਕੰਮਾਂ ਤੇ ਹੁੰਦਾ ਹੈ। ਪਰੰਤੂ ਆਰਥਿਕ ਵਿਕਾਸ ਲਈ ਘਾਟੇ ਦੀ ਵਿੱਤ ਵਿਵਸਥਾ ਦੀ ਵਰਤੋਂ ਪੈਦਾਵਾਰ ਵਿਚ ਵਾਧਾ ਕਰੇਗੀ। ਸਿੱਟੇ ਵਜੋਂ ਕੀਮਤਾਂ ਨਹੀਂ ਵਧਣਗੀਆਂ। ਸੋ ਆਰਥਿਕ ਵਿਕਾਸ ਲਈ ਘਾਟੇ ਦੀ ਵਿੱਤ ਵਿਵਸਥਾ ਵਧੇਰੇ ਮਹੱਤਵ ਰੱਖਦੀ ਹੈ।

### 2.6.8 ਘਾਟੇ ਦੇ ਵਿੱਤੀਕਰਨ ਦੀਆਂ ਸੀਮਾਵਾਂ :

ਆਧੁਨਿਕ ਕਾਲ ਵਿਚ ਘਾਟੇ ਦਾ ਵਿੱਤ ਸਰਕਾਰ ਦੀ ਆਮਦਨ ਦਾ ਇਕ ਚੰਗਾ ਸਾਧਨ ਬਣ ਗਿਆ ਹੈ ਪਰੰਤੂ ਇਸ ਦੀ ਵਰਤੋਂ ਕੁਝ ਸੀਮਾਵਾਂ ਅਧੀਨ ਹੀ ਕਰਨੀ ਚਾਹੀਦੀ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਪਹਿਲਾਂ ਦੇਸ਼ ਵਿਚ ਅਣਵਰਤੇ ਸਾਧਨ ਪ੍ਰਾਪਤ ਹੋਣ। ਮੁਦਰਾ ਨੀਤੀ ਤਕੜੀ ਹੋਵੇ ਤਾਂ ਕਿ ਜੇ ਲੋੜ ਪਵੇ ਤਾਂ ਵਾਧੂ ਮੁਦਰਾ ਨੂੰ ਇਕੱਠਾ ਕੀਤਾ ਜਾ ਸਕੇ। ਘਾਟੇ ਦੀ ਵਿੱਤ ਵਿਵਸਥਾ ਨੂੰ ਥੋੜ੍ਹੀ ਥੋੜ੍ਹੀ ਮਾਤਰਾ ਵਿਚ ਹੀ ਪ੍ਰਯੋਗ ਕੀਤਾ ਜਾਵੇ ਤਾਂ ਜੋ ਇਸ ਦੇ ਭੈੜੇ ਪ੍ਰਭਾਵ ਨੂੰ ਰੋਕਿਆ ਜਾ ਸਕੇ। ਲੋਕਾਂ ਨੂੰ ਬਹੁਤਾ ਇਸ ਗੱਲ ਦਾ ਗਿਆਨ ਨਾ ਹੋਵੇ ਕਿ ਉਨ੍ਹਾਂ ਦੀ ਖ਼ਰੀਦ ਸ਼ਕਤੀ ਨੂੰ ਘਟਾ ਦਿੱਤਾ ਗਿਆ ਹੈ ਨਹੀਂ ਤਾਂ ਇਸ ਨਾਲ ਉਤਪਾਦਨ ਪ੍ਰਕ੍ਰਿਆ ਵਿਗੜਨ ਦਾ ਡਰ ਹੈ। ਮਾਲਕ ਅਤੇ ਮਜ਼ਦੂਰ ਦੇ ਝਗੜੇ ਵਧ ਸਕਦੇ ਹਨ। ਘਾਟੇ ਦੇ ਵਿੱਤ ਕਾਰਨ ਜੇ ਕੀਮਤਾਂ ਤੇਜ਼ੀ ਨਾਲ ਵੱਧਣੀਆਂ ਸ਼ੁਰੂ ਹੋ ਜਾਣ ਤਾਂ ਇਸ ਨਾਲ ਵਪਾਰਕ ਲਾਗਤਾਂ ਵੱਧ ਜਾਂਦੀਆਂ ਹਨ ਅਤੇ ਇਨ੍ਹਾਂ ਦੀ ਸਾਰੀ ਵਪਾਰਕ ਗਿਣਤੀ ਮਿਣਤੀ ਗ਼ਲਤ ਹੋ ਜਾਂਦੀ ਹੈ ਅਤੇ ਅਜਿਹੀ ਸਥਿਤੀ ਵਿਚ ਇਹ ਉਪਭੋਗੀ, ਉਤਪਾਦਕ, ਸਰਕਾਰ, ਬੱਚਤ ਕਰਤਿਆਂ, ਨਿਵੇਸ਼ ਕਰਤਿਆਂ ਅਤੇ ਉਧਾਰ ਦੇਣ ਵਾਲਿਆਂ ਆਦਿ ਸਾਰਿਆਂ ਲਈ ਭੈੜੀ ਸਿੱਧ ਹੁੰਦੀ ਹੈ।

ਘਾਟੇ ਦੀ ਵਿੱਤ ਵਿਵਸਥਾ ਦੇ ਭੈੜੇ ਅਸਰਾਂ ਤੋਂ ਬਚਣ ਲਈ ਇਸ ਨੂੰ ਕੁੱਝ ਹੱਦ ਤੱਕ ਹੀ ਵਰਤਣਾ ਚਾਹੀਦਾ ਹੈ। ਇਸ ਦੀ ਸੁਰੱਖਿਅਤ ਸੀਮਾ ਨਿਰਧਾਰਤ ਕਰਨ ਵੇਲੇ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ :

1. ਅਰਥ ਵਿਵਸਥਾ ਦੀਆਂ ਲੋੜਾਂ ਕੀ ਹਨ ?
2. ਸਰਕਾਰ ਵੱਲੋਂ ਸਾਧਨਾਂ ਨੂੰ ਗਤੀਸ਼ੀਲ ਕਰਨ ਵਾਸਤੇ ਕੀ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ?
3. ਕੀਮਤਾਂ ਤੇ ਨਿਯੰਤਰਣ।
4. ਸਰਕਾਰੀ ਖੇਤਰ ਦੀ ਪੈਦਾਵਾਰ ਵਿਚ ਵਾਧਾ।
5. ਅਣ-ਉਤਪਾਦਕੀ ਖ਼ਰਚਿਆਂ ਵਿਚ ਕਮੀ।
6. ਨਿਰਯਾਤ ਪ੍ਰੋਤਸਾਹਨ ਅਤੇ ਆਯਾਤ ਪ੍ਰਤੀਸਥਾਪਨ।
7. ਸਾਖ ਤੇ ਨਿਯੰਤਰਣ ਅਤੇ
8. ਮਜ਼ਦੂਰ ਢਾਂਚੇ ਵਿਚ ਸਥਿਰਤਾ, ਆਦਿ।

1. ਅਰਥ ਵਿਵਸਥਾ ਦੀਆਂ ਲੋੜਾਂ ਅਨੁਸਾਰ ਇਸ ਸੀਮਾ ਨੂੰ ਨਿਰਧਾਰਤ ਕੀਤਾ ਜਾ ਸਕਦਾ ਹੈ। ਇਸ ਸਬੰਧੀ ਮੁਦਰਾ ਪੂਰਤੀ ਅਤੇ ਆਮ ਕੀਮਤ ਪੱਧਰ ਵਿਚਾਲੇ ਸਬੰਧ ਰਾਸ਼ਟਰੀ ਪੈਦਾਵਾਰ ਦੀ ਵਿਕਾਸ ਦਰ, ਸਾਖ ਦਾ ਆਕਾਰ ਅਤੇ ਕੀਮਤਾਂ ਵਿਚ ਹੋਏ ਵਾਧੇ ਸਬੰਧੀ ਲੋਕਾਂ ਦਾ ਪ੍ਰਤੀਕਰਮ ਸਬੰਧੀ ਗੱਲਾਂ ਬਾਰੇ ਜਾਣਕਾਰੀ (ਪਿਛਲੇ ਤਜ਼ਰਬੇ ਦੇ ਆਧਾਰ ਤੇ) ਜ਼ਰੂਰ ਹੋਣੀ ਚਾਹੀਦੀ ਹੈ।

2. ਆਰਥਿਕ ਵਿਕਾਸ ਦੀ ਗਤੀ ਵਧੇਰੇ ਤੇਜ਼ ਕਰਨ ਲਈ ਲੋਕਾਂ ਤੋਂ ਜ਼ਬਰੀ ਬੱਚਤ ਕਰਵਾਉਣੀ ਚਾਹੀਦੀ ਹੈ। ਇਸ ਧਨ ਨੂੰ ਨਵੇਂ ਸਾਧਨਾਂ ਦੇ ਨਿਰਮਾਣ ਤੇ ਲਗਾਉਣਾ ਚਾਹੀਦਾ ਹੈ। ਭਾਵੇਂ ਥੋੜ੍ਹੇ ਸਮੇਂ ਵਿਚ ਲੋਕਾਂ ਦੀ ਆਮਦਨ ਵਿਚ ਵਧੇਰੇ ਵਾਧਾ ਨਹੀਂ ਹੁੰਦਾ ਅਤੇ ਉਨ੍ਹਾਂ ਦੀ ਉਪਭੋਗ ਰੁਚੀ ਘਟ ਜਾਂਦੀ ਹੈ ਅਤੇ ਸਿੱਟੇ ਵਜੋਂ ਕੀਮਤਾਂ ਵਧ ਜਾਂਦੀਆਂ ਹਨ ਪਰੰਤੂ ਕੁਝ ਸਮੇਂ ਬਾਅਦ ਪੈਦਾਵਾਰ ਵਧਣ ਨਾਲ ਸਾਰਾ ਮਾਹੌਲ ਅਨੁਕੂਲ ਹੋ ਜਾਂਦਾ ਹੈ।

3. ਘਾਟੇ ਦੀ ਵਿੱਤ ਵਿਵਸਥਾ ਦੇ ਬੁਰੇ ਪ੍ਰਭਾਵਾਂ ਤੋਂ ਬਚਣ ਲਈ ਜੇਕਰ ਸਰਕਾਰ ਭੋਜਨ ਪਦਾਰਥਾਂ, ਜ਼ਰੂਰੀ ਵਸਤਾਂ ਦੇ ਮੁੱਲ ਤੇ ਨਿਯੰਤਰਣ ਰੱਖੇਗੀ ਤਾਂ ਵੀ ਸਥਿਤੀ ਵਿਗੜਨ ਤੋਂ ਬਚ ਜਾਵੇਗੀ ਅਰਥਾਤ ਮੁਦਰਾ ਸਫ਼ੀਤੀ ਨੂੰ ਕਾਫ਼ੀ ਹੱਦ ਤੱਕ ਰੋਕਿਆ ਜਾ ਸਕਦਾ ਹੈ।

ਘਾਟੇ ਦੀ ਵਿੱਤ ਵਿਵਸਥਾ ਦੇ ਬੁਰੇ ਅਸਰ ਤੋਂ ਬਚਣ ਲਈ ਪੂਰਤੀ ਵਧਾਉਣ ਵਾਲੇ ਪਾਸੇ ਵੀ ਖ਼ਿਆਲ ਕਰਨਾ ਚਾਹੀਦਾ ਹੈ ਅਰਥਾਤ ਸਰਕਾਰ ਨੂੰ ਸਰਕਾਰੀ ਉੱਦਮਾਂ ਦੀ ਪੈਦਾਵਾਰ ਵਧਾਉਣ ਦੀ ਭਰਪੂਰ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਦੂਜੇ ਪਾਸੇ

ਨਿੱਜੀ ਖੇਤਰ ਦੀ ਪੈਦਾਵਾਰ ਵਧਾਉਣ ਲਈ ਵੀ ਉਤਸ਼ਾਹਿਤ ਕਰਨਾ ਚਾਹੀਦਾ ਹੈ। ਖਾਧ ਸਮੱਗਰੀ, ਕੱਚਾ ਮਾਲ, ਉਪਭੋਗ ਵਸਤਾਂ ਦੀ ਪੈਦਾਵਾਰ ਵਧਾਉਣ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ। ਵਸਤਾਂ ਦੀ ਪੂਰਤੀ ਦਾ ਵਾਧਾ ਆਪਣੇ ਆਪ ਸਫ਼ੀਤੀ ਦੀ ਹਾਲਤ ਨੂੰ ਠੱਲ੍ਹ ਪਾ ਲਵੇਗਾ।

ਅਣ-ਉਤਪਾਦਕੀ ਖ਼ਰਚਿਆਂ ਵਿਚ ਕਮੀ ਵੀ ਘਾਟੇ ਦੀ ਸਥਿਤੀ ਨੂੰ ਰੋਕਣ ਵਿਚ ਸਹਾਈ ਹੁੰਦਾ ਹੈ। ਉਤਪਾਦਕੀ ਖ਼ਰਚਿਆਂ ਵਿਚ ਵਾਧਾ ਅਤੇ ਛੇਤੀ ਪੈਦਾਵਾਰ ਦੇਣ ਵਾਲੇ ਪ੍ਰੋਜੈਕਟਾਂ ਤੇ ਖ਼ਰਚ ਕਰਨਾ ਚਾਹੀਦਾ ਹੈ। ਅਜਿਹਾ ਕਰਨ ਨਾਲ ਵੀ ਸਫ਼ੀਤੀ ਦੀ ਹਾਲਤ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ। ਕਿਉਂਕਿ ਲੰਮੇਂ ਸਮੇਂ ਵਿਚ ਪੈਦਾਵਾਰ ਦੇਣ ਵਾਲੇ ਪ੍ਰੋਜੈਕਟ ਤੇ ਕੀਤਾ ਗਿਆ ਖ਼ਰਚਾ ਵਾਧੂ ਪੈਦਾ ਹੋਈ ਮੰਗ ਦਾ ਸਾਹਮਣਾ ਛੇਤੀ ਪੂਰਤੀ ਵਧਾ ਕੇ ਨਹੀਂ ਕਰ ਸਕਦਾ। ਘਾਟੇ ਦੇ ਵਿੱਤੀਕਰਨ ਰਾਹੀਂ ਇਕੱਠੇ ਕੀਤੇ ਸਾਧਨ ਨੂੰ ਖਾਧ ਸਮੱਗਰੀ ਅਤੇ ਉਪਭੋਗ ਵਸਤਾਂ ਦੀ ਪੈਦਾਵਾਰ ਵਧਾਉਣ ਤੇ ਲਗਾਉਣਾ ਚਾਹੀਦਾ ਹੈ ਅਤੇ ਸਾਖ ਤੇ ਨਿਯੰਤਰਣ ਕਰਕੇ ਵੀ ਸਫ਼ੀਤੀ ਦੀ ਹਾਲਤ ਨੂੰ ਰੋਕਿਆ ਜਾ ਸਕਦਾ ਹੈ। ਬੈਂਕ ਸ਼ਾਖ ਨੂੰ ਵਸਤਾਂ ਦਬਾਅ ਕੇ ਰੱਖਣ ਅਤੇ ਸੱਟੇਬਾਜ਼ੀ ਦੇ ਉਦੇਸ਼ ਨਾਲ ਵਰਤਿਆ ਜਾਂਦਾ ਹੈ ਤਾਂ ਸਫ਼ੀਤੀ ਫੈਲਦੀ ਹੈ। ਇਸ ਲਈ ਅਜਿਹੇ ਕੰਮਾਂ ਲਈ ਬੈਂਕ ਸਾਖ ਦੀ ਵਰਤੋਂ ਨੂੰ ਰੋਕਣਾ ਚਾਹੀਦਾ ਹੈ।

ਉਪਰੋਕਤ ਵਿਆਖਿਆ ਤੋਂ ਇਹ ਸਪਸ਼ਟ ਹੋ ਗਿਆ ਹੈ ਕਿ ਘਾਟੇ ਦੇ ਵਿੱਤੀਕਰਨ ਦੀ ਸੰਕੋਚ ਨਾਲ ਹੀ ਵਰਤੋਂ ਕਰਨੀ ਚਾਹੀਦੀ ਹੈ, ਅਤੇ ਕੁਝ ਖਾਸ ਕੰਮਾਂ ਲਈ ਜਿਵੇਂ ਕਿ ਉਤਪਾਦਕੀ ਕੰਮਾਂ ਲਈ ਹੀ, ਜੇਕਰ ਇਸ ਦੀ ਵਰਤੋਂ ਸੀਮਤ ਅਤੇ ਚੰਗੇ ਢੰਗ ਨਾਲ ਕੀਤੀ ਜਾਵੇਗੀ ਤਾਂ ਹੀ ਕੁਝ ਹੱਦ ਤੱਕ ਇਸ ਦੇ ਬੁਰੇ ਪ੍ਰਭਾਵਾਂ ਨੂੰ ਰੋਕਿਆ ਜਾ ਸਕਦਾ ਹੈ। ਸਰਕਾਰੀ ਖੇਤਰ ਵਿਚਲੀ ਪੈਦਾਵਾਰ ਵਧਾ ਕੇ, ਅਣ-ਉਤਪਾਦਕੀ ਖ਼ਰਚੇ ਘਟਾ ਕੇ, ਆਯਾਤ ਪ੍ਰਤਿਸਥਾਪਨਾ ਨੂੰ ਉਤਸ਼ਾਹਿਤ ਕਰਕੇ, ਸਾਖ ਤੇ ਰੋਕ ਲਗਾ ਕੇ ਅਤੇ ਮਜ਼ਦੂਰੀ ਢਾਂਚੇ ਨੂੰ ਸਥਿਰ ਕਰਕੇ ਸਰਕਾਰ ਘਾਟੇ ਦੇ ਵਿੱਤੀਕਰਨ ਨੂੰ ਸੀਮਤ ਕਰ ਸਕਦੀ ਹੈ।

### 2.6.9 ਛੋਟੇ ਉਤਰਾਂ ਵਾਲੇ ਪ੍ਰਸ਼ਨ

1 ਘਾਟੇ ਦੇ ਬਜਟ ਵਿੱਚ ਅੰਤਰ ਬਾਰੇ ਦੱਸੋ।

2 ਵਿੱਤੀ ਘਾਟੇ ਤੋ ਕੀ ਭਾਵ ਹੈ?

3 ਬਜਟ ਘਾਟੇ ਬਾਰੇ ਦੱਸੋ।

### 2.6.10 ਵੱਡੇ ਉਤਰਾਂ ਵਾਲੇ ਪ੍ਰਸ਼ਨ

1 ਘਾਟੇ ਦੇ ਵਿੱਤੀਕਰਨ ਬਾਰੇ ਵਿਸਤਾਰ ਵਿੱਚ ਦੱਸੋ।

2 ਘਾਟੇ ਦੇ ਵਿੱਤੀਕਰਨ ਤੋ ਕੀ ਭਾਵ ਹੈ? ਭਾਰਤ ਵਿੱਚ ਘਾਟੇ ਦੀ ਵਿੱਤ ਵਿਵਸਥਾ ਬਾਰੇ ਬਿਆਨ ਕਰੋ।

### 2.6.11 ਪ੍ਰਕਾਸਿਤ ਪੁਸਤਕਾਂ

1. H. Dalton : Principles of Public Finance
2. Richard A. Musgrave : Theory of Public Finance
3. H.L. Bhatia : Public Finance
4. B.P. Tyagi : Public Finance
5. R.N. Bhargava : The Theory and Working of Union Finance in India

ਪਾਠ ਨੰ: 2.7 ਲੇਖਿਕਾ : ਡਾ. ਹਰਵਿੰਦਰ ਕੌਰ

Last updated on 6 June, 2023

# ਕਰਾਂ ਦਾ ਅਸਰ ਅਤੇ ਆਪਤਨ


2.7.1 ਉਦੇਸ਼
2.7.2 ਜਾਣ ਪਛਾਣ
2.7.3 ਕਰਾਂ ਦੇ ਅਸਰ/ਦਬਾਅ, ਆਪਤਨ ਅਤੇ ਪ੍ਰਭਾਵ ਵਿੱਚ ਅੰਤਰ
2.7.4 ਕਰ ਆਪਤਨ ਨਾਲ ਸਬੰਧਿਤ ਧਾਰਨਾਵਾਂ
2.7.5 ਕਰ ਬਦਲੀ ਨੂੰ ਨਿਰਧਾਰਿਤ ਕਰਨ ਵਾਲੇ ਤੱਤ
2.7.6 ਵਿਭਿੰਨ ਮੰਡੀ ਹਾਲਤਾਂ ਵਿੱਚ ਕਰ ਆਮਦਨ
2.7.7 ਸਾਰਾਂਸ਼
2.7.8 ਛੋਟੇ ਪ੍ਰਸ਼ਨ
2.7.9 ਵੱਡੇ ਪ੍ਰਸ਼ਨ
2.7.10 ਮਹੱਤਵਪੂਰਨ ਧਾਰਨਾਵਾਂ
2.7.11 ਪ੍ਰਕਾਸ਼ਿਤ ਪੁਸਤਕਾਂ


**2.7.1 ਉਦੇਸ਼** : ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ

- ਕਰਾਂ ਦੇ ਅਸਰ (ਤੁਰੰਤ ਮੁਦਰਾ ਭਾਰ) ਅਤੇ ਆਪਤਨ (ਅੰਤਿਮ ਮੁਦਰਾ ਭਾਰ) ਵਿੱਚ ਅੰਤਰ ਕਰ ਸਕੋਂਗੇ।
- ਕਰਾਂ ਦੀ ਬਦਲੀ ਅਤੇ ਆਪਤਨ ਉੱਤੇ ਪ੍ਰਭਾਵ ਪਾਉਣ ਵਾਲੇ ਤੱਤਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕੋਂਗੇ।
- ਕਰਾਂ ਦਾ ਭਾਰ ਦੂਜਿਆਂ ਉੱਤੇ ਪਾਉਣ ਬਾਰੇ ਆਧੁਨਿਕ ਸਿਧਾਂਤ ਤੋਂ ਜਾਣੂ ਹੋ ਜਾਓਗੇ।
- ਵਿਭਿੰਨ ਮੰਡੀ ਸਥਿਤੀਆਂ ਵਿੱਚ ਕਰਾਂ ਦੇ ਆਪਤਨ ਦਾ ਅਧਿਐਨ ਕਰੋਂਗੇ।

**2.7.2 ਜਾਣ-ਪਛਾਣ** :

ਪਿਛਲੇ ਪਾਠਾਂ ਵਿੱਚ ਤੁਸੀਂ ਪੜ੍ਹ ਚੁੱਕੇ ਹੋ ਕਿ ਸਰਕਾਰ ਵੱਲੋਂ ਕਈ ਕਿਸਮ ਦੇ ਕਰ ਲਗਾਏ ਜਾਂਦੇ ਹਨ। ਕਰਾਂ ਦੇ ਉਦੇਸ਼ ਕੇਵਲ ਆਮਦਨ ਇਕੱਤਰ ਕਰਨਾ ਹੀ ਨਹੀਂ ਹੁੰਦਾ, ਸਗੋਂ ਇਹਨਾਂ ਦੇ ਹੋਰ ਬਹੁਤ ਸਾਰੇ ਉਦੇਸ਼ ਵੀ ਹੁੰਦੇ ਹਨ, ਜਿਵੇਂ ਆਮਦਨ ਅਤੇ ਧਨ ਦੀ ਵੰਡ ਸਮਾਨ ਕਰਨਾ, ਸਾਧਨਾਂ ਦੀ ਉਚਿੱਤ ਵੰਡ ਕਰਨਾ, ਆਰਥਿਕ ਸਥਿਰਤਾ ਲਿਆਉਣਾ ਅਤੇ ਖੇਤਰੀ ਸੰਤੁਲਨ ਲਿਆਉਣਾ। ਇਹ ਸਾਰੇ ਉਦੇਸ਼ ਤਾਂ ਹੀ ਪ੍ਰਾਪਤ ਹੋ ਸਕਦੇ ਹਨ ਜੇ ਸਰਕਾਰ ਵੱਲੋਂ ਲਗਾਏ ਕਰ ਉਸੇ ਸ੍ਰੋਤ ਤੋਂ ਹੀ ਆਉਣ ਜਿਸ ਤੋਂ ਸਰਕਾਰ ਚਾਹੁੰਦੀ ਹੋਵੇ। ਭਾਵ ਅਸੀਂ ਇਹ ਦੇਖਣਾ ਚਾਹੁੰਦੇ ਹਾਂ ਕਿ ਕੀ ਸਰਕਾਰ ਵੱਲੋਂ ਲਗਾਏ ਕਰ ਉਹੀ ਵਿਅਕਤੀ ਅਦਾ ਕਰਦੇ ਹਨ ਜਿਹਨਾਂ ਉੱਤੇ ਇਹ ਲਗਾਏ ਗਏ ਹੁੰਦੇ ਹਨ ਜਾਂ ਉਹ ਇਹਨਾਂ ਨੂੰ ਹੋਰ ਕਿਸੇ ਉੱਤੇ ਅਗਾਂਹ ਬਦਲ ਦਿੰਦੇ ਹਨ। ਕਿਉਂਕਿ ਕਰਾਂ ਦਾ ਭੁਗਤਾਨ ਲਾਜ਼ਮੀ ਹੁੰਦਾ ਹੈ ਅਤੇ ਇਸ ਦੀ ਅਦਾਇਗੀ ਉਪਰੰਤ ਕਰਦਾਤਾ ਨੂੰ ਕੋਈ ਵਿਸ਼ੇਸ਼ ਲਾਭ ਜਾਂ ਸੇਵਾ ਦੀ ਪ੍ਰਾਪਤੀ ਨਹੀਂ ਹੁੰਦੀ, ਇਸ ਲਈ ਉਹ ਇਹਨਾਂ ਦਾ ਬੋਝ ਦੂਸਰਿਆਂ ਉੱਤੇ ਪਾਉਣ ਦੀ ਕੋਸ਼ਿਸ਼ ਕਰਦਾ ਹੈ। ਅਜਿਹਾ ਆਮ ਤੌਰ ਤੇ ਅਪ੍ਰਤੱਖ ਕਰਾਂ ਦੀ ਸੂਰਤ ਵਿੱਚ ਹੀ ਪਾਇਆ ਜਾਂਦਾ ਹੈ। ਜਿਸ ਸਮੇਂ ਅਸੀਂ ਕਰਾਂ ਦੇ ਬੋਝ/ਭਾਰ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਇਸ ਸਬੰਧੀ ਚਾਰ ਧਾਰਨਾਵਾਂ ਬਾਰੇ ਜਾਣਕਾਰੀ ਹੋਣੀ ਜ਼ਰੂਰੀ ਹੈ। ਇਹ ਹਨ ਕਰਾਂ ਦਾ ਅਸਰ, ਕਰਾਂ ਦਾ ਆਪਤਨ, ਕਰਾਂ ਦਾ ਬਦਲੀਕਰਨ ਅਤੇ ਕਰਾਂ ਦਾ ਪ੍ਰਭਾਵ।

ਸੋ ਇਸ ਪਾਠ ਵਿੱਚ ਤੁਸੀਂ ਇਹ ਪੜ੍ਹੋਂਗੇ ਕਿ ਕਰਾਂ ਦੇ ਤੁਰੰਤ ਮੁਦਰਾ ਭਾਰ ਭਾਵ ਅਸਰ, ਬਦਲੀਕਰਣ ਅਤੇ ਅੰਤਲਾ ਭਾਰ ਭਾਵ ਆਪਤਨ ਤੋਂ ਕੀ ਭਾਵ ਹੈ। ਕਰਾਂ ਦੀ ਬਦਲੀ ਕਿਸ ਤਰ੍ਹਾਂ ਸੰਭਵ ਹੁੰਦੀ ਹੈ। ਇਸ ਤੋਂ ਇਲਾਵਾ ਪੂਰੀ ਅਰਥਵਿਵਸਥਾ ਉੱਤੇ ਕੀ ਪ੍ਰਭਾਵ ਪੈਂਦੇ ਹਨ - ਬਾਰੇ ਵੀ ਪੜ੍ਹੋਂਗੇ।

### 2.7.3 ਕਰਾਂ ਦੇ ਅਸਰ, ਆਪਤਨ ਅਤੇ ਪ੍ਰਭਾਵ ਵਿੱਚ ਫ਼ਰਕ :

ਜਦੋਂ ਸਰਕਾਰ ਕਰ ਲਗਾਉਂਦੀ ਹੈ ਤਾਂ ਕਿਸੇ ਨਾ ਕਿਸੇ ਨੂੰ ਇਹ ਅਦਾਇਗੀ ਕਰਨੀ ਹੀ ਪੈਂਦੀ ਹੈ। ਆਮ ਤੌਰ ਤੇ ਜੋ ਲੋਕ ਕਰਾਂ ਦੀ ਅਦਾਇਗੀ ਕਰਦੇ ਹਨ, ਉਹ ਇਹਨਾਂ ਦਾ ਅੰਤਿਮ ਮੁਦਰਾ ਭਾਰ ਦੂਜਿਆਂ ਉੱਤੇ ਪਾ ਦਿੰਦੇ ਹਨ। ਜਿੱਥੋਂ ਤੱਕ ਪ੍ਰਤੱਖ ਕਰਾਂ ਦਾ ਸੁਆਲ ਹੈ ਉਹਨਾਂ ਦਾ ਕਰ ਭਾਰ ਦੂਜਿਆਂ ਉੱਤੇ ਨਹੀਂ ਪਾਇਆ ਜਾ ਸਕਦਾ, ਪ੍ਰੰਤੂ ਅਪ੍ਰਤੱਖ ਕਰਾਂ ਦੀ ਸੂਰਤ ਵਿੱਚ ਕਰ ਭਾਰ ਦੂਜਿਆਂ ਉੱਤੇ ਤਬਦੀਲ ਕਰਨ ਦੀ ਵਧੇਰੇ ਉਮੀਦ ਹੁੰਦੀ ਹੈ। ਇਸ ਲਈ ਸਮੱਸਿਆ ਤਿੰਨ ਗੱਲਾਂ ਨਾਲ ਸਬੰਧ ਰੱਖਦੀ ਹੈ।

(1) ਸ਼ੁਰੂ ਵਿੱਚ ਕਰ ਅਦਾਇਗੀ ਕੌਣ ਕਰਦਾ ਹੈ।

(2) ਅਸਲ ਵਿੱਚ ਕਰ ਭਾਰ ਕੌਣ ਸਹਿੰਦਾ ਹੈ ; ਅਤੇ

(3) ਕਰ ਭਾਰ ਦੀ ਬਦਲੀ ਕਿਸ ਤਰ੍ਹਾਂ ਸੰਭਵ ਹੁੰਦੀ ਹੈ।

**ਕਰਾਂ ਦੇ ਅਸਰ (Impact of tax) ਦਾ ਅਰਥ :**

ਕਰਾਂ ਦਾ ਅਸਰ (Impact of tax) ਉਸ ਵਿਅਕਤੀ ਉੱਤੇ ਪੈਂਦਾ ਹੈ ਜੋ ਸ਼ੁਰੂ ਵਿੱਚ ਇਸ ਦੀ ਅਦਾਇਗੀ ਸਰਕਾਰ ਨੂੰ ਕਰਦਾ ਹੈ। ਕਰਾਂ ਦੇ ਅਸਰ ਤੋਂ ਭਾਵ ਤੁਰੰਤ ਮੁਦਰਾ ਭਾਰ ਹੈ ਜੋ ਉਸ ਵਿਅਕਤੀ ਤੇ ਪੈਂਦਾ ਹੈ ਜਿਹੜਾ ਸਭ ਤੋਂ ਪਹਿਲਾਂ ਇਸ ਨੂੰ ਅਦਾ ਕਰਦਾ ਹੈ। ਇਸ ਨੂੰ ਕਰਾਂ ਦਾ 'ਪ੍ਰਾਥਮਿਕ ਆਪਤਨ' ਵੀ ਕਿਹਾ ਜਾਂਦਾ ਹੈ। ਇਸ ਤਰ੍ਹਾਂ ਕਰਾਂ ਦੇ ਅਸਰ ਤੋਂ ਭਾਵ ਇਕਦਮ ਪੈਣ ਵਾਲਾ ਭਾਰ ਹੈ ਨਾ ਕਿ ਅੰਤਿਮ ਭਾਰ। ਪ੍ਰੰਤੂ ਕਰਾਂ ਦੇ ਆਪਤਨ ਦਾ ਭਾਵ ਕਰਾਂ ਦੇ ਆਖਿਰਕਾਰ ਪੈਣ ਵਾਲੇ ਭਾਰ ਤੋਂ ਹੈ।

**ਕਰਾਂ ਦਾ ਆਪਤਨ (Incidence of tax) :**

ਕਰਾਂ ਦੇ ਆਪਤਨ ਦਾ ਭਾਵ ਕਰਾਂ ਦੇ ਆਖਿਰਕਾਰ ਪੈਣ ਵਾਲੇ ਭਾਰ ਤੋਂ ਹੈ। ਸੰਖੇਪ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਜੋ ਅਖ਼ੀਰ ਤੇ ਕਰਾਂ ਦਾ ਭਾਰ ਸਹਿੰਦੇ ਹਨ, ਉਨ੍ਹਾਂ ਤੇ ਹੀ ਇਸ ਦਾ ਆਪਤਨ ਪੈਂਦਾ ਹੈ। ਦੂਜੇ ਸ਼ਬਦਾਂ ਵਿੱਚ, ਕਰਾਂ ਦਾ ਆਪਤਨ ਬਹੁਤ ਸਾਰੀਆਂ ਆਰਥਿਕ ਇਕਾਈਆਂ ਉੱਤੇ ਪੈਂਦਾ ਹੈ ਜੋ ਕਿ ਕਰਾਂ ਦਾ ਅੰਤਿਮ ਭਾਰ ਸਹਿਣ ਕਰਦੀਆਂ ਹਨ ਅਤੇ ਇਹ ਅੱਗੋਂ ਇਸ ਕਰ ਭਾਰ ਨੂੰ ਅੱਗੇ ਤਬਦੀਲ ਨਹੀਂ ਕਰ ਸਕਦੀਆਂ। ਇਸ ਤਰ੍ਹਾਂ ਆਪਤਨ ਉਸ ਅੰਤਿਮ ਸ੍ਰੋਤ ਉੱਤੇ ਪੈਂਦਾ ਹੈ ਜਿੱਥੋਂ ਕਰ ਆਮਦਨ ਆਉਂਦੀ ਹੈ।

ਕਰ ਆਪਤਨ ਦਾ ਭਾਵ ਉਹ ਥਾਂ ਹੈ ਜਿੱਥੇ ਇਹਨਾਂ ਦਾ ਆਖਰੀ ਅਸਰ ਹੁੰਦਾ ਹੈ। ਇਸ ਲਈ ਆਪਤਨ ਉਸ ਪੁਰਸ਼ ਉੱਤੇ ਪੈਂਦਾ ਹੈ ਜੋ ਅੰਤ ਵਿੱਚ ਇਹਨਾਂ ਦੇ ਭਾਰ ਨੂੰ ਸਹਿੰਦਾ ਹੈ।

ਪ੍ਰੋ. ਡਾਲਟਨ ਵੱਲੋਂ ਦਿੱਤੀ ਆਪਤਨ ਦੀ ਪਰਿਭਾਸ਼ਾ ਅਨੁਸਾਰ, " ਕਰ ਵੱਜੋਂ ਲਗਾਏ ਗਏ ਇੱਕ ਸ਼ਿਲਿੰਗ ਦਾ ਮੁਦਰਾ ਭਾਰ ਕਿਸੇ ਦੂਜੇ ਪੁਰਸ਼ ਉੱਤੇ ਪੈਂਦਾ ਹੈ।" ਉਸ ਦੇ ਅਨੁਸਾਰ ਇਸ ਅਖੀਰੀ ਭਾਰ ਨੂੰ ਬਰਦਾਸ਼ਤ ਕਰਨ ਵਾਲੇ ਨੂੰ ਲੱਭਣ ਦੀ ਸਮੱਸਿਆ ਬਹੁਤ ਮੁਸ਼ਕਿਲ ਹੈ।

ਪ੍ਰੋ. ਸੈਲਿਗਮੈਨ ਦੇ ਅਨੁਸਾਰ, " ਆਪਤਨ ਇੱਕ ਤਰ੍ਹਾਂ ਨਾਲ ਅਖੀਰ ਵਿੱਚ ਕਰ ਚੁਕਾਉਣ ਵਾਲੇ ਤੇ ਕਰ ਭਾਰ ਪਾਉਣ ਦਾ ਫੈਸਲਾ ਹੈ"।

ਪ੍ਰੋ. ਫਿੰਡਲੇ ਸ਼ਿਰਾਜ ਕਰਾਂ ਦੇ ਆਪਤਨ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕਰਦੇ ਹਨ, "ਆਪਤਨ ਦੀ ਸਮੱਸਿਆ ਇਹ ਨਿਰਧਾਰਿਤ ਕਰਨਾ ਹੈ ਕਿ ਕਰਾਂ ਦੀ ਅਦਾਇਗੀ ਕੌਣ ਕਰਦਾ ਹੈ ਅਤੇ ਕਿੱਥੇ ਜਾ ਕੇ ਕਰਾਂ ਦਾ ਮੁਦਰਾ ਭਾਰ ਪੈਂਦਾ ਹੈ।"

ਪ੍ਰੋ. ਜੇ.ਕੇ. ਮਹਿਤਾ ਦੇ ਅਨੁਸਾਰ, "ਕਈ ਵਾਰੀ ਆਪਤਨ ਨੂੰ ਇਹ ਕਹਿ ਕੇ ਪ੍ਰੀਭਾਸ਼ਿਤ ਕੀਤਾ ਜਾਂਦਾ ਹੈ ਕਿ ਇਹ ਪ੍ਰਤੱਖ ਮੁਦਰਾ ਭਾਰ ਹੈ। ਕੁਝ ਉਦੇਸ਼ਾਂ ਲਈ ਤਾਂ ਇਹ ਪ੍ਰੀਭਾਸ਼ਾ ਠੀਕ ਹੈ। ਪ੍ਰੰਤੂ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਸਾਰੇ ਪ੍ਰਤੱਖ ਅਤੇ ਮੌਦ੍ਰਿਕ ਭਾਰ ਨੂੰ ਆਪਤਨ ਨਹੀਂ ਕਿਹਾ ਜਾ ਸਕਦਾ। ਉਦਾਹਰਣ ਵੱਜੋਂ ਚਾਹ ਉੱਤੇ ਕਰ ਲੱਗਣ ਨਾਲ ਜਿਹੜੇ ਚਾਹ ਪੈਕ ਕਰਨ ਵਾਲੇ ਡੱਬੇ ਵੇਚਦੇ ਹਨ ਉਹਨਾਂ ਦੀ ਆਮਦਨ ਵੀ ਘਟ ਜਾਵੇਗੀ। ਪ੍ਰੰਤੂ ਇਸ ਦੇ ਭਾਰ ਨੂੰ ਕਰਾਧਾਨ ਦਾ ਆਪਤਨ ਨਹੀਂ ਕਿਹਾ ਜਾ ਸਕਦਾ। ਇਹ ਪ੍ਰਭਾਵ ਵਿੱਚ ਸ਼ਾਮਿਲ ਕਰਨਾ ਚਾਹੀਦਾ ਹੈ।"

ਸ਼੍ਰੀਮਤੀ ਉਰਸਲਾ ਹਿਕਸ ਅਨੁਸਾਰ, 'ਵਿਖਾਵੇ ਦੇ ਆਪਤਨ' ਅਤੇ 'ਪ੍ਰਭਾਵਾਕਰੀ ਆਪਤਨ (Formal Incidence and Effective Incidence) ਵਿਚਕਾਰ ਫ਼ਰਕ ਹੈ। ਉਸ ਅਨੁਸਾਰ ਡਾਲਟਨ ਅਤੇ ਸੈਲਿਗਮੈਨ ਵਿਖਾਵੇ ਦੇ ਆਪਤਨ ਬਾਰੇ ਗੱਲ ਕਰਦੇ ਹਨ, ਅਸਰਦਾਰ ਆਪਤਨ ਬਾਰੇ ਨਹੀਂ। ਜਦੋਂ ਕਿ ਪ੍ਰਭਾਵਕਾਰੀ ਆਪਤਨ ਤੋਂ ਭਾਵ ਕਰਾਂ ਦੇ ਵਿਸਤ੍ਰਿਤ ਅਸਰ ਤੋਂ ਹੈ। ਸ਼੍ਰੀਮਤੀ ਹਿਕਸ ਅਨੁਸਾਰ ਵਿਖਾਵੇ ਦੇ ਆਪਤਨ ਤੋਂ ਭਾਵ ਕਰਾਂ ਦਾ ਮੌਦ੍ਰਿਕ ਭਾਰ ਹੈ।

"ਵਿਖਾਵੇ ਦੇ ਆਪਤਨ ਤੋਂ ਭਾਵ ਲੋਕਾਂ ਦੀ ਆਮਦਨ ਦਾ ਉਹ ਅਨੁਪਾਤ ਹੈ ਜੋ ਉਹਨਾਂ ਕੋਲ ਨਹੀਂ ਜਾਂਦਾ ਜੋ ਉਹਨਾਂ ਨੂੰ ਵਸਤਾਂ ਅਤੇ ਸੇਵਾਵਾਂ ਮੁਹੱਈਆ ਕਰਦੇ ਹਨ, ਸਗੋਂ ਸਾਂਝੀਆਂ ਲੋੜਾਂ ਦੇ ਵਿੱਤੀਕਰਨ ਲਈ ਸਰਕਾਰ ਕੋਲ ਜਾਂਦਾ ਹੈ।"

ਪ੍ਰਭਾਵਕਾਰੀ ਆਪਤਨ ਦਾ ਭਾਵ ਕਰ ਦੇ ਸਮੁੱਚੇ ਪ੍ਰਭਾਵ ਤੋਂ ਹੈ ਜਿਸ ਵਿੱਚ ਭਾਰ ਦੇ ਨਾਲ ਨਾਲ ਪ੍ਰਭਾਵ ਵੀ ਸ਼ਾਮਿਲ ਹੁੰਦੇ ਹਨ। ਭਾਰਤ ਦੇ ਕਰਾਧਾਨ ਖੋਜ ਕਮਿਸ਼ਨ ਵੱਲੋਂ ਭਾਰਤ ਵਿੱਚ ਕਰ ਆਪਤਨ ਦਾ ਅਧਿਐਨ ਕਰਨ ਲਈ ਸ੍ਰੀਮਤੀ ਹਿਕਸ ਵੱਲੋਂ ਦਿੱਤੀ ਪਰਿਭਾਸ਼ਾ ਨੂੰ ਅਪਨਾਇਆ ਗਿਆ ਹੈ। ਕਮਿਸ਼ਨ ਵੱਲੋਂ Formal ਅਤੇ effective Incidence ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਗਿਆ ਹੈ। ("Formal incidence is the money burden of taxes resting with the subject on whom the burden is intended by the taxing authority to fall and effective incidence is the real or final distribution of tax burden after its shifting in consequences of changing demand and supply conditions of the taxed commodities or services")

ਮਸਗ੍ਰੇਵ ਨੇ ਕਰ ਆਪਤਨ ਅਤੇ ਸਰਕਾਰੀ ਖਰਚ ਆਪਤਨ ਦੋਵਾਂ ਨੂੰ ਮਹੱਤਤਾ ਦਿੱਤੀ ਹੈ ਅਤੇ ਸੰਤੁਲਤ ਬਜਟ ਆਪਤਨ ਧਾਰਨਾ ਦੀ ਵਿਆਖਿਆ ਕੀਤੀ ਹੈ। ਉਸ ਦਾ ਮਤ ਹੈ ਕਿ ਕਰਾਂ ਦੇ ਭਾਰ ਨੂੰ ਵੇਖਣ ਲਈ ਕੇਵਲ ਕਰ ਆਮਦਨ ਵਾਲੇ ਪਾਸੇ ਵੱਲ ਹੀ ਧਿਆਨ ਨਹੀਂ ਦੇਣਾ ਚਾਹੀਦਾ ਸਗੋਂ ਇਹ ਵੀ ਦੇਖਣਾ ਚਾਹੀਦਾ ਹੈ ਕਿ ਸਰਕਾਰੀ ਖਰਚੇ ਤੋਂ ਕਿੰਨਾ ਲਾਭ ਹੋ ਰਿਹਾ ਹੈ।

ਇਹਨਾਂ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਮਸਗ੍ਰੇਵ ਨੇ ਆਪਤਨ ਸਬੰਧੀ ਪੰਜ ਧਾਰਨਾਵਾਂ ਦਿੱਤੀਆਂ ਹਨ।

1. **ਉੱਕਾ ਪੁੱਕਾ ਕਰ ਆਪਤਨ** (absolute tax incidence)
2. **ਵਖਰੇਵੇਂ ਵਾਲਾ ਕਰ ਆਪਤਨ** (Differential tax Incidence)
3. **ਉੱਕਾ ਪੁੱਕਾ ਖਰਚ ਆਪਤਨ** (absolute expenditure Incidence)
4. **ਵਖਰੇਵੇਂ ਵਾਲਾ ਖਰਚ ਆਪਤਨ** (Differential expenditure Incidence)
5. **ਸੰਤੁਲਿਤ ਬਜਟ ਆਪਤਨ** (Balanced budget Incidence)

**ਕਰਾਂ ਦੇ ਅਸਰ ਅਤੇ ਆਪਤਨ ਵਿੱਚ ਅੰਤਰ :-**

ਕਰਾਂ ਦਾ ਅਸਰ ਉਸ ਵਿਅਕਤੀ ਤੇ ਪੈਂਦਾ ਹੈ ਜੋ ਇਸ ਦੀ ਸਭ ਤੋਂ ਪਹਿਲਾਂ ਅਦਾਇਗੀ ਕਰਦਾ ਹੈ ਪ੍ਰੰਤੂ ਆਪਤਨ ਉਸ ਵਿਅਕਤੀ ਤੇ ਪੈਂਦਾ ਹੈ ਜੋ ਅਖ਼ੀਰ ਵਿੱਚ ਇਸ ਨੂੰ ਸਹਿੰਦਾ ਹੈ, ਦੂਜੇ ਸ਼ਬਦਾਂ ਵਿੱਚ ਅਸਰ ਤੋਂ ਭਾਵ ਸ਼ੁਰੂ ਵਾਲਾ ਭਾਰ ਹੈ ਅਤੇ ਆਪਤਨ ਤੋਂ ਭਾਵ ਅਖ਼ੀਰੀ ਭਾਰ ਹੈ। ਕਰਾਂ ਦੇ ਅਸਰ ਨੂੰ ਮੁੱਢਲਾ ਆਪਤਨ ਵੀ ਕਿਹਾ ਜਾਂਦਾ ਹੈ।

| | ਕਰਾਂ ਦਾ ਅਸਰ/ਦਬਾਅ | | ਕਰਾਂ ਦਾ ਆਪਤਨ |
|---|---|---|---|
| 1. | ਕਰ ਲੱਗਣ ਸਮੇਂ ਕਰਦਾਤਾ ਉੱਤੇ ਇਸ ਦਾ ਭਾਰ ਪੈਂਦਾ ਹੈ | 1. | ਕਰ ਦੇਣਦਾਰੀ ਨਿਸ਼ਚਿਤ ਹੋ ਜਾਣ ਤੇ ਕਰਦਾਤਾ ਉੱਤੇ ਇਸ ਦਾ ਭਾਰ ਪੈਂਦਾ ਹੈ। |
| 2. | ਇਹ ਕਰ ਦਾ ਮੁੱਢਲਾ ਭਾਰ ਹੈ | 2. | ਇਹ ਕਰ ਦਾ ਅੰਤਿਮ ਭਾਰ ਹੈ। |
| 3. | ਇਸ ਨੂੰ ਆਸਾਨੀ ਨਾਲ ਕਿਸੇ ਹੋਰ ਤੇ ਬਦਲੀ ਕੀਤਾ ਜਾ ਸਕਦਾ ਹੈ। | 3. | ਇਸ ਨੂੰ ਕਿਸੇ ਹੋਰ ਤੇ ਬਦਲੀ ਨਹੀਂ ਕੀਤਾ ਜਾ ਸਕਦਾ। |
| 4. | ਕਰ ਦੀ ਚੋਰੀ ਗੈਰ ਕਾਨੂੰਨੀ ਹੈ। | 4. | ਕਰਾਂ ਤੋਂ ਬਚਾਅ ਗੈਰ ਕਾਨੂੰਨੀ ਨਹੀਂ ਹੈ। |
| 5. | ਇਸ ਵਿੱਚ ਮੋਦ੍ਰਿਕ ਅਦਾਇਗੀ ਸ਼ਾਮਿਲ ਹੈ। | 5. | ਇਸ ਵਿੱਚ ਪ੍ਰਤੱਖ ਮੁਦਰਾ ਭਾਰ ਸ਼ਾਮਿਲ ਹੈ। |

### 2.7.4 ਕਰ ਆਪਤਨ ਨਾਲ ਸਬੰਧਿਤ ਧਾਰਨਾਵਾਂ :

ਕਰਾਂ ਵਜੋਂ ਉਗਰਾਹੀ ਜਾਣ ਵਾਲੀ ਰਕਮ ਨਾਲ ਕਿਸੇ ਨਾ ਕਿਸੇ ਦੀ ਖਰਚਯੋਗ ਆਮਦਨ ਵਿੱਚ ਕਮੀ ਜ਼ਰੂਰ ਆਉਂਦੀ ਹੈ। ਆਪਤਨ ਵਿਸ਼ਲੇਸ਼ਣ ਇਸ ਲਈ ਲਾਜ਼ਮੀ ਹੈ ਕਿ ਵਿਭਿੰਨ ਆਰਥਿਕ ਸ਼੍ਰੇਣੀਆਂ ਵਿੱਚ ਇਹਨਾਂ ਦਾ ਭਾਰ ਵੰਡਿਆ

ਜਾ ਸਕੇ। ਇਸ ਲਈ ਕਰ ਆਪਤਨ ਨਾਲ ਸਬੰਧਿਤ ਧਾਰਨਾਵਾਂ ਬਾਰੇ ਜਾਣਕਾਰੀ ਲਾਜ਼ਮੀ ਹੈ।

**ਵਿਧਾਨਕ ਆਪਤਨ ਬਨਾਮ ਆਰਥਿਕ ਆਪਤਨ (Statutory Versus Economic Incidence)** : ਵਿਧਾਨਿਕ ਆਪਤਨ ਤੋਂ ਭਾਵ ਹੈ ਕਿ ਕਾਨੂੰਨਣ ਤੌਰ ਤੇ ਕਰ ਜਿੰਮੇਵਾਰੀ ਕਿਸ ਉੱਤੇ ਨਿਰਧਾਰਤ ਕੀਤੀ ਗਈ ਹੈ। ਉਦਾਹਰਣ ਵਜੋਂ ਖੰਡ ਉੱਤੇ ਆਬਕਾਰੀ ਡਿਊਟੀ ਦਾ ਵਿਧਾਨਿਕ ਆਪਤਨ ਖੰਡ ਦੇ ਉਤਪਾਦਕ ਉੱਤੇ ਪੈਂਦਾ ਹੈ। ਇਹ ਜ਼ਰੂਰੀ ਨਹੀਂ ਜਿੰਨਾ ਉੱਤੇ ਕਰ ਦਾ ਵਿਧਾਨਕ ਆਪਤਨ ਪੈਂਦਾ ਹੈ ਉਹ ਹੀ ਕਰਾਂ ਦੇ ਅੰਤਿਮ ਭਾਰ ਨੂੰ ਸਹਿਣ ਵਾਲੇ ਵੀ ਹੋਣ। ਜਿਹਨਾਂ ਵਿਅਕਤੀਆਂ ਉੱਤੇ ਕਰ ਅਦਾ ਕਰਨ ਦੀ ਵਿਧਾਨਿਕ ਜ਼ਿੰਮੇਵਾਰੀ ਹੁੰਦੀ ਹੈ ਉਹ ਅਕਸਰ ਹੀ ਕਰਾਂ ਦੇ ਕੁਝ ਜਾਂ ਸਾਰੇ ਭਾਰ ਨੂੰ ਉਪਭੋਗਤਾ ਜਾਂ ਹੋਰ ਇਕਾਈਆਂ ਉੱਤੇ ਬਦਲੀ ਕਰ ਦਿੰਦੇ ਹਨ। ਅਰਥਵਿਵਸਥਾ ਵਿੱਚ ਆਰਥਿਕ ਲੈਣ-ਦੇਣ ਰਾਹੀਂ ਇਹ ਤਬਦੀਲੀ ਸੰਭਵ ਹੁੰਦੀ ਹੈ। ਇਸ ਤਰ੍ਹਾਂ, ਉਹ ਕਰਦਾਤਾ ਜੋ ਅੰਤਿਮ ਰੂਪ ਵਿੱਚ ਕਰਾਂ ਦਾ ਭਾਰ ਸਹਿਣ ਕਰਦੇ ਹਨ ਉਹਨਾਂ ਉੱਤੇ ਕਰਾਂ ਦਾ ਆਰਥਿਕ ਭਾਰ ਪੈਂਦਾ ਹੈ, ਇਹ ਹੀ ਕਰਾਂ ਦਾ ਅੰਤਿਮ ਵਿਸ਼ਰਾਮ ਸਥਾਨ ਹੈ। ਜੇ ਖੰਡ ਉੱਤੇ ਲੱਗਾ ਆਬਕਾਰੀ ਕਰ ਉਤਪਾਦਕ ਵੱਲੋਂ ਉਪਭੋਗਤਾਵਾਂ ਉੱਤੇ ਤਬਦੀਲ ਕਰ ਦਿੱਤਾ ਜਾਵੇ ਤਾਂ ਉਹਨਾਂ (ਉਪਭੋਗਤਾ) ਉੱਤੇ ਇਸ ਕਰ ਦਾ ਆਰਥਿਕ ਆਪਤਨ ਪਵੇਗਾ।

**ਸੰਪੂਰਨ ਬਨਾਮ ਸਾਪੇਖਿਕ ਆਪਤਨ (Absolute Versus Relative Incidence)**: ਵਿਭਿੰਨ ਆਮਦਨ ਵਾਲੇ ਵਿਅਕਤੀਆਂ ਨੂੰ ਆਮਦਨ ਦੀ ਜਿੰਨੀ-ਜਿੰਨੀ ਮਾਤਰਾ ਕਰਾਂ ਵਜੋਂ ਤਿਆਗਣੀ ਪੈਂਦੀ ਹੈ ਉਹ ਸੰਪੂਰਨ ਆਪਤਨ ਹੈ। ਦੂਜੇ ਪਾਸੇ ਆਮਦਨ ਦਾ ਜਿੰਨਾ ਅਨੁਪਾਤ ਕਰਾਂ ਵਜੋਂ ਅਦਾ ਕੀਤਾ ਜਾਂਦਾ ਹੈ, ਉਹ ਵਿਖਾਵੇ ਦਾ ਆਪਤਨ ਅਤੇ ਪ੍ਰਭਾਵਕਾਰੀ ਆਪਤਨ ਹੈ।

**ਵਿਖਾਵੇ ਦਾ ਆਪਤਨ ਅਤੇ ਪ੍ਰਭਾਵਕਾਰੀ ਆਪਤਨ (Formal Versus Effective Incidence)**: ਵਿਖਾਵੇ ਦੇ ਆਪਤਨ ਤੋਂ ਭਾਵ ਹੈ ਕਰ ਅਧਿਕਾਰੀ ਜਿਸ ਉੱਤੇ ਕਰਾਂ ਦਾ ਮੁਦਰਾ ਭਾਰ ਪਾਉਣਾ ਚਾਹੁੰਦੇ ਹੋਣ। ਦੂਜੇ ਸ਼ਬਦਾਂ ਵਿੱਚ, ਵਿਭਿੰਨ ਆਮਦਨ ਸ਼੍ਰੇਣੀਆਂ ਦੇ ਲੋਕਾਂ ਵੱਲੋਂ ਕੀਤੀਆਂ ਜਾਣ ਵਾਲੀਆਂ ਕਰ ਅਦਾਇਗੀਆਂ ਦੇ ਅਨੁਮਾਨ ਹਨ।

ਪ੍ਰਤੱਖ ਮੁਦਰਾ ਭਾਰ ਤੋਂ ਇਲਾਵਾ ਕਰਾਂ ਦੇ ਕੁਝ ਅਜਿਹੇ ਪ੍ਰਭਾਵ ਵੀ ਪੈਂਦੇ ਹਨ ਜਿਹਨਾਂ ਨਾਲ ਵਿਅਕਤੀਆਂ ਅਤੇ ਪਰਿਵਾਰਾਂ ਦੀ ਸਾਪੇਖਿਕ ਆਰਥਿਕ ਸਥਿਤੀ ਪ੍ਰਭਾਵਿਤ ਹੋ ਸਕਦੀ ਹੈ। ਸੋ, ਇਹ ਪ੍ਰਭਾਵਕਾਰੀ ਆਪਤਨ ਹੀ ਕਰਾਧਾਨ ਦੇ ਆਰਥਿਕ ਪ੍ਰਭਾਵ ਹਨ।

**ਵਿਭੇਦਕਾਰੀ ਕਰ ਆਪਤਨ (Differential tax Incidence)**: ਪਹਿਲਾਂ ਜਿੰਨੀ ਹੀ ਆਮਦਨ ਇਕੱਤਰ ਕਰਨ ਲਈ ਇੱਕ ਕਰ ਨੂੰ ਦੂਜੇ ਕਰ ਨਾਲ ਬਦਲਣ ਉੱਤੇ ਕਰਾਂ ਦੇ ਪ੍ਰਭਾਵ ਦਾ ਪਤਾ ਕੀਤਾ ਜਾਂਦਾ ਹੈ।

### ਕਰਾਂ ਦਾ ਆਪਤਨ ਅਤੇ ਕਰਾਂ ਦੇ ਪ੍ਰਭਾਵ ਵਿੱਚ ਅੰਤਰ:

ਕਰਾਂ ਦਾ ਆਪਤਨ ਕਰਾਂ ਦਾ ਅੰਤਿਮ ਮੌਦ੍ਰਿਕ ਭਾਰ ਹੈ। ਜਦੋਂ ਕਿ ਕਰਾਂ ਦੇ ਪ੍ਰਭਾਵ ਦੂਰ ਤੱਕ ਪੂਰੀ ਅਰਥਵਿਵਸਥਾ ਉੱਪਰ ਵੀ ਪੈ ਸਕਦੇ ਹਨ। ਜਿਵੇਂ ਖੰਡ ਦੀ ਉਪਜ ਉੱਤ ਲੱਗੇ ਕਰ ਦਾ ਆਪਤਨ/ਅੰਤਿਮ ਮੌਦ੍ਰਿਕ ਭਾਰ ਉਪਭੋਗਤਾ ਤੇ ਹੀ ਪੈਂਦਾ ਹੈ। ਪ੍ਰੰਤੂ ਇਸ ਦਾ ਪ੍ਰਭਾਵ ਦੂਰ ਤੱਕ ਪੈ ਸਕਦਾ ਹੈ। ਇਸ ਕਰ ਕਾਰਣ ਖੰਡ ਦਾ ਉਪਭੋਗ ਘਟ ਸਕਦਾ ਹੈ ਅਤੇ ਇਸ ਦੇ ਪ੍ਰਤੀਸਥਾਪਕ ਦੀ ਮੰਗ ਵਧ ਸਕਦੀ ਹੈ। ਉਪਭੋਗ ਘਟਣ ਨਾਲ ਉਤਪਾਦਕ ਨੂੰ ਕਈ ਕਿਰਤੀਆਂ ਨੂੰ ਕੰਮ ਤੋਂ ਹਟਾਉਣਾ ਪੈ ਸਕਦਾ ਹੈ। ਜਿਸ ਨਾਲ ਬੇਰੁਜਗਾਰ ਹੋਏ ਕਿਰਤੀਆਂ ਦੀ ਆਮਦਨ ਘਟ ਜਾਵੇਗੀ। ਉਪਭੋਗ ਖਰਚ ਅਤੇ ਬੱਚਤ ਘਟ ਜਾਣਗੇ। ਨਿਵੇਸ਼ ਘਟ ਜਾਣਗੇ ਅਤੇ ਇਸ ਨਾਲ ਉਪਜ ਅਤੇ ਆਰਥਿਕ ਵਿਕਾਸ ਤੇ ਮਾੜਾ ਅਸਰ ਪੈ ਸਕਦਾ ਹੈ। ਕਰਾਂ ਦੇ ਆਮਦਨ ਦੀ ਵੰਡ ਉੱਤੇ ਵੀ ਪ੍ਰਭਾਵ ਪੈਂਦੇ ਹਨ।

### ਕਰਾਂ ਦੀ ਬਦਲੀ/ਕਰਾਂ ਦਾ ਭਾਰ ਦੂਜੇ ਉੱਪਰ ਪਾਉਣਾ *(Tax Shifting)*:

ਕਰਾਂ ਦੀ ਬਦਲੀ ਅਜਿਹੀ ਪ੍ਰਕ੍ਰਿਆ ਹੈ ਜਿਸ ਰਾਹੀਂ ਕਰਾਂ ਦਾ ਭਾਰ, ਉਸ ਵਿਅਕਤੀ ਤੋਂ, ਜਿਹੜਾ ਇਸ ਨੂੰ ਸਭ ਤੋਂ ਪਹਿਲਾਂ ਅਦਾ ਕਰਦਾ ਹੈ, ਉਸ ਵਿਅਕਤੀ ਉੱਤੇ ਚਲਾ ਜਾਂਦਾ ਹੈ ਜਿਹੜਾ ਇਸ ਨੂੰ ਸਭ ਤੋਂ ਅਖ਼ੀਰ ਵਿੱਚ ਅਦਾ ਕਰਦਾ ਹੈ। ਕੇਵਲ ਬਦਲੀ ਰਾਹੀਂ ਹੀ ਕਰਾਂ ਦਾ ਭਾਰ ਅੰਤ ਵਿੱਚ ਨਿਰਧਾਰਿਤ ਕੀਤਾ ਜਾ ਸਕਦਾ ਹੈ। ਪ੍ਰੋਫੈਸਰ ਸੈਲਿਗਮੈਨ ਦਾ ਵਿਚਾਰ ਹੈ ਕਿ "ਕਰ ਦੇ ਅਸਰ/ਦਬਾਅ (Impact) ਦਾ ਸਬੰਧ ਉਸ ਪੜਾਅ ਨਾਲ ਹੈ ਜਿੱਥੇ ਕਰ ਸਭ ਤੋਂ ਪਹਿਲਾਂ ਲਾਇਆ ਜਾਂਦਾ ਹੈ, ਕਰ ਦਾ ਬਦਲੀਕਰਨ (Shifting) ਵਿਚਕਾਰਲਾ ਪੜਾਅ ਹੈ ਅਤੇ ਇਹ ਉਹ ਕ੍ਰਿਆ ਹੈ ਜਿਸ ਰਾਹੀਂ ਕਰ ਦੇ ਭਾਰ ਨੂੰ ਖਿਸਕਾ

*ਕੇ ਅੱਗੋਂ ਕਿਸੇ ਹੋਰ ਤੇ ਪਾਇਆ ਜਾਂਦਾ ਹੈ ਅਤੇ ਕਰ ਦੇ ਮੁਦਰਾ ਭਾਰ/ਆਪਤਨ ਦਾ ਸਬੰਧ ਉਸ ਪੜਾਅ ਨਾਲ ਹੈ ਜਿੱਥੇ ਜਾ ਕੇ ਕਰ ਦਾ ਅੰਤਿਮ ਭਾਰ ਪੈਂਦਾ ਹੈ।''*

*ਇਹ ਗੱਲ ਧਿਆਨ ਵਿੱਚ ਰੱਖਣੀ ਜ਼ਰੂਰੀ ਹੈ ਕਿ ਕਰ ਦੀ ਬਦਲੀ ਅਗਾਂਹ ਵੱਲ ਵੀ ਅਤੇ ਪਿਛਾਂਹ ਵੱਲ ਵੀ ਹੋ ਸਕਦੀ ਹੈ।*

**ਅਗਾਂਹ ਵੱਲ ਅਤੇ ਪਿਛਾਂਹ ਵੱਲ ਬਦਲੀ (Forward and Backward Shifting):**

*ਕਿਸੇ ਕਰ ਦੇ ਭਾਰ ਨੂੰ ਵਿਕਰੀ ਦੀ ਪ੍ਰਕ੍ਰਿਆ ਜਾਂ ਖਰੀਦ ਪ੍ਰਕ੍ਰਿਆ ਰਾਹੀਂ ਬਦਲਿਆ ਜਾ ਸਕਦਾ ਹੈ। ਉਦਾਹਰਣ ਵਜੋਂ ਜੇ ਕਿਸੇ ਉਤਪਾਦਕ ਨੂੰ ਉਸਦੀ ਵਸਤੂ ਉੱਤੇ ਆਬਕਾਰੀ ਕਰ ਅਦਾ ਕਰਨ ਲਈ ਕਿਹਾ ਜਾਂਦਾ ਹੈ ਤਾਂ ਉਹ ਵਸਤੂ ਦੀ ਵਿਕਰੀ ਕੀਮਤ ਵਧਾ ਸਕਦਾ ਹੈ ਜਾਂ ਜਿੱਥੋਂ ਉਹ ਕੱਚਾ ਮਾਲ ਅਤੇ ਹੋਰ ਆਦਾਨ ਖ਼ਰੀਦਦਾ ਹੈ ਉਹਨਾਂ ਨੂੰ ਕੀਮਤਾਂ ਘਟਾਉਣ ਲਈ ਮਜ਼ਬੂਰ ਕਰ ਸਕਦਾ ਹੈ। ਪਹਿਲੀ ਸਥਿਤੀ ਕਰਾਂ ਦੀ ਅਗਾਂਹ ਵੱਲ ਬਦਲੀ ਹੈ ਅਤੇ ਦੂਜੀ ਸਥਿਤੀ ਕਰਾਂ ਦੀ ਪਿਛਾਂਹ ਵੱਲ ਬਦਲੀ ਹੈ।*

*ਸੋ ਤੁਸੀਂ ਸਮਝ ਗਏ ਹੋਵੋਂਗੇ ਕਿ ਜਦੋਂ ਇੱਕ ਉਤਪਾਦਕ ਕਰ ਭਾਰ ਅੱਗੇ ਵੱਲ ਭਾਵ ਆਪਣੀ ਕੀਮਤ ਦੇ ਖ਼ਰੀਦਾਰ ਤੇ ਸੁੱਟ ਦਿੰਦਾ ਹੈ ਤਾਂ ਇਹ ਕਰਾਂ ਦੀ ਅਗਾਂਹ ਵੱਲ ਬਦਲੀ ਹੈ ਅਤੇ ਜਦੋਂ ਉਹ ਕਰ ਭਾਰ ਪਿੱਛੇ ਵੱਲ ਸੁੱਟਦਾ ਹੈ ਭਾਵ ਕੱਚਾ ਮਾਲ, ਕਿਰਤ, ਪੂੰਜੀ ਆਦਿ ਮੁਹੱਈਆ ਕਰਨ ਵਾਲਿਆਂ ਨੂੰ ਘੱਟ ਕੀਮਤ ਅਦਾ ਕਰਦਾ ਹੈ ਤਾਂ ਇਹ ਕਰਾਂ ਦੀ ਪਿਛਾਂਹ ਵੱਲ ਬਦਲੀ ਹੈ।*

**2.7.5 ਕਰ ਬਦਲੀ ਨੂੰ ਨਿਰਧਾਰਿਤ ਕਰਨ ਵਾਲੇ ਤੱਤ (Factors Determining Extent of Tax Shifting) :**

*ਕੀ ਉਤਪਾਦਕ ਵਸਤੂ ਕਰ ਦਾ ਭਾਰ ਹਮੇਸ਼ਾ ਉਪਭੋਗਤਾ ਉੱਤੇ ਪਾ ਸਕਦਾ ਹੈ? ਵਾਸਤਵ ਵਿੱਚ, ਕਰ ਦਾ ਭਾਰ ਜਿਸ ਮਾਤਰਾ ਅਤੇ ਦਿਸ਼ਾ ਵਿੱਚ ਬਦਲਿਆ ਜਾ ਸਕਦਾ ਹੈ ਇਹ ਗੱਲ ਕਈ ਤੱਤਾਂ ਉੱਤੇ ਨਿਰਭਰ ਕਰਦੀ ਹੈ। ਜਿਹਨਾਂ ਵਿੱਚੋਂ ਕੁਝ ਮਹੱਤਵਪੂਰਣ ਤੱਤਾਂ ਦਾ ਵਰਨਣ ਹੇਠਾਂ ਕੀਤਾ ਗਿਆ ਹੈ:*

***ਕਰਾਂ ਦਾ ਘੇਰਾ (Coverage of Tax) :***

*ਜੇ ਕਿਸੇ ਕਰ ਨੂੰ ਕਿਸੇ ਵਸਤੂ ਦੇ ਸਾਰੇ ਪ੍ਰਤਿਸਥਾਪਕਾਂ ਉੱਤੇ ਲਗਾਇਆ ਜਾਵੇ ਤਾ ਕਰਾਂ ਦਾ ਭਾਰ ਉਪਭੋਗਤਾ ਉੱਤੇ ਬਦਲਣਾ ਸੌਖਾ ਹੁੰਦਾ ਹੈ। ਪ੍ਰੰਤੂ ਜੇ ਕਿਸੇ ਇੱਕ ਵਸਤੂ ਉੱਤੇ ਕਰ ਲੱਗ ਜਾਵੇ ਅਤੇ ਉਸ ਦੇ ਪ੍ਰਤਿਸਥਾਪਕ ਤੇ ਕਰ ਨਾਂ ਲੱਗੇ ਤਾਂ ਉਤਪਾਦਕ ਲਈ ਕਰ ਭਾਰ ਬਦਲਣਾ ਮੁਸ਼ਕਿਲ ਹੋ ਜਾਂਦਾ ਹੈ। ਉਦਾਹਰਣ ਵਜੋਂ ਜੇ ਚਾਹ ਉੱਤੇ ਆਬਕਾਰੀ ਕਰ ਲੱਗ ਜਾਵੇ ਅਤੇ ਕੌਫ਼ੀ ਉੱਤੇ ਨਾਂ ਲੱਗੇ ਤਾਂ ਉਹਨਾਂ ਲਈ ਇਹ ਕਰ ਭਾਰ ਉਪਭੋਗੀ ਉੱਤੇ ਬਦਲਣਾ ਮੁਸ਼ਕਿਲ ਹੋਵੇਗਾ ਕਿਉਂਕਿ ਅਜਿਹਾ ਕਰਨ ਦੀ ਸਥਿਤੀ ਵਿੱਚ ਉਪਭੋਗਤਾ ਕੌਫ਼ੀ ਦਾ ਉਪਭੋਗ ਵਧਾ ਸਕਦੇ ਹਨ।*

***ਸਮਾਂ ਤੱਤ (Time Factor) :***

*ਅਪ੍ਰਤੱਖ ਕਰਾਂ ਦਾ ਭਾਰ ਵੰਡਣ ਲਈ ਸਮਾਂ ਤੱਤ-ਪੂਰਤੀ ਅਤੇ ਮੰਗ ਪੱਖ ਦੋਵਾਂ ਪੱਖਾਂ ਤੋਂ ਮਹੱਤਵਪੂਰਣ ਹੈ। ਉਤਪਾਦਕ ਥੋੜ੍ਹੇ ਸਮੇਂ ਵਿੱਚ ਕਰ ਭਾਰ ਉਪਭੋਗਤਾ ਉੱਤੇ ਤਬਦੀਲ ਨਹੀਂ ਕਰ ਸਕਦਾ ਪ੍ਰੰਤੂ ਲੰਬੇ ਸਮੇਂ ਵਿੱਚ ਉਹ ਮੰਗ ਅਨੁਸਾਰ ਪੂਰਤੀ ਨੂੰ ਵਿਵਸਥਿਤ ਕਰ ਸਕਦਾ ਹੈ, ਇਸ ਲਈ ਕਰ ਭਾਰ ਵੀ ਉਪਭੋਗਤਾ ਵੱਲ ਤਬਦੀਲ ਕਰ ਸਕਦਾ ਹੈ।*

*ਇਸੇ ਤਰ੍ਹਾਂ ਮੰਗ ਪੱਖ ਤੋਂ ਵੀ ਸਮਾਂ ਤੱਤ ਕਰ ਭਾਰ ਸਹਿਣ ਸਬੰਧੀ ਮਹੱਤਵਪੂਰਣ ਰੋਲ ਨਿਭਾਉਂਦਾ ਹੈ। ਜੇ ਵਸਤੂ ਉੱਤੇ ਕਰ ਲੱਗ ਜਾਂਦਾ ਹੈ ਤਾਂ ਪ੍ਰਤੀਸਥਾਪਕਾਂ ਦੀ ਅਣਹੋਂਦ ਵਿੱਚ ਥੋੜ੍ਹੇ ਸਮੇਂ ਵਿੱਚ ਤਾਂ ਵਸਤੂ ਉਨੀਂ ਹੀ ਖਰੀਦੀ ਜਾਂਦੀ ਰਹੇਗੀ। ਪ੍ਰੰਤੂ, ਲੰਬੇ ਸਮੇਂ ਵਿੱਚ ਪ੍ਰਤੀਸਥਾਪਕ ਆ ਜਾਣ ਕਾਰਣ ਉਪਭੋਗਤਾ ਕਰ ਤੋਂ ਬਚਣ ਦੇ ਢੰਗ ਲੱਭ ਸਕਦੇ ਹਨ।*

***ਮੰਗ ਲਚਕ ਅਤੇ ਪੂਰਤੀ ਲਚਕ (Elasticity of Demand and Elasticity of Supply):***


*ਵਸਤੂ ਦੀ ਮੰਗ ਲਚਕ ਅਤੇ ਪੂਰਤੀ ਲਚਕ ਕਰ ਭਾਰ ਦੀ ਵੰਡ ਵਿੱਚ ਮਹੱਤਵਪੂਰਣ ਰੋਲ ਨਿਭਾਉਂਦੇ ਹਨ। ਇਸ ਸਬੰਧੀ ਆਮ ਨਿਯਮ ਇਹ ਹਨ :*

1. *ਮੰਗ ਦੀ ਲਚਕ ਜਿੰਨੀ ਵਧੇਰੇ ਹੋਵੇਗੀ ਉਨਾ ਹੀ ਉਤਪਾਦਕ ਉੱਤੇ ਕਰਾਂ ਦਾ ਭਾਰ ਵਧੇਰੇ ਪਵੇਗਾ।*
2. *ਪੂਰਤੀ ਦੀ ਲਚਕ ਜਿੰਨੀ ਵਧੇਰੇ ਹੋਵੇਗੀ ਉਨਾ ਹੀ ਉਪਭੋਗਤਾ ਉੱਤੇ ਕਰਾਂ ਦਾ ਭਾਰ ਵਧੇਰੇ ਪਵੇਗਾ।*


*ਤਕਨੀਕੀ ਸ਼ਬਦਾਵਲੀ ਵਿੱਚ ਕਿਹਾ ਜਾ ਸਕਦਾ ਹੈ ਕਿ ਉਪਭੋਗਤਾ ਅਤੇ ਉਤਪਾਦਕ ਵਿਚਕਾਰ ਕਰਾਂ ਦਾ ਭਾਰ ਜਿਸ*

*ਅਨੁਪਾਤ ਵਿੱਚ ਵੰਡਿਆ ਜਾਂਦਾ ਹੈ ਇਹ ਪੂਰਤੀ ਦੀ ਲਚਕ ਅਤੇ ਮੰਗ ਦੀ ਲਚਕ ਦੇ ਅਨੁਪਾਤ ਉੱਤੇ ਨਿਰਭਰ ਕਰਦਾ ਹੈ। ਡਾਲਟਨ ਅਨੁਸਾਰ, ''ਵੇਚਣ ਵਾਲੇ ਕਰ ਦਾ ਭਾਰ ਪੂਰਤੀ ਘਟਾ ਕੇ ਆਪਣੇ ਗਲੋਂ ਲਾਹੁਣ ਦੀ ਕੋਸ਼ਿਸ਼ ਕਰਦੇ ਹਨ ਜਦੋਂ ਕਿ ਖਰੀਦਣ ਵਾਲੇ ਮੰਗ ਨੂੰ ਘਟਾ ਕੇ ਇਸ ਤੋਂ ਬਚਣਾ ਚਾਹੁੰਦੇ ਹਨ। ਅਖ਼ੀਰ ਨਤੀਜਾ ਦੋਵਾਂ ਹੀ ਵਰਗਾਂ ਦੀਆਂ ਆਪਸੀ ਕੋਸ਼ਿਸ਼ਾਂ ਦੇ ਵਿੱਚੋਂ ਨਿਕਲਦਾ ਹੈ ਅਤੇ ਕਰ ਆਪਤਨ ਦਾ ਹਿੱਸਾ ਖ਼ਰੀਦਾਰਾਂ ਅਤੇ ਵਿਕ੍ਰੇਤਿਆਂ ਦੀ ਮੰਗ ਲਚਕ ਅਤੇ ਪੂਰਤੀ ਲਚਕ ਦੀ ਸਥਿਤੀ ਅਨੁਸਾਰ ਹੀ ਮਿੱਥਿਆ ਜਾਂਦਾ ਹੈ।'' ਇਸ ਤਰ੍ਹਾਂ ਦੇ ਹੀ ਵਿਚਾਰ ਸੈਲਿਗਮੈਨ ਅਤੇ ਐਜਵਰਥ ਨੇ ਦਿੱਤੇ ਹਨ। ਸੋ ਮੰਗ ਦੀ ਲਚਕ ਅਤੇ ਪੂਰਤੀ ਦੀ ਲਚਕ ਦੇ ਆਧਾਰ ਤੇ ਕਰ ਭਾਰ ਵੰਡਣ ਦੇ ਵਿਚਾਰ ਦੇ ਆਧਾਰ ਤੇ ਆਧੁਨਿਕ ਸਿਧਾਂਤ ਬਣਿਆ ਹੈ।*

*ਇਸ ਸਿਧਾਂਤ ਨੂੰ ਹੇਠ ਦਿੱਤੇ ਚਿੱਤਰਾਂ ਰਾਹੀਂ ਦਰਸਾਇਆ ਜਾ ਸਕਦਾ ਹੈ।*





ਵਸਤੂ ਦੀ ਮਾਤਰਾ
ਚਿੱਤਰ ਨੰ 2.7.1




ਵਸਤੂ ਦੀ ਮਾਤਰਾ
ਚਿੱਤਰ ਨੰ 2.7.2

ਜਦੋਂ ਮੰਗ ਦੀ ਲਚਕ ਪੂਰਤੀ ਦੀ ਲਚਕ ਨਾਲੋਂ ਵੱਧ ਹੋਵੇ ($e_s < e_d$)




ਵਸਤੂ ਦੀ ਮਾਤਰਾ
ਚਿੱਤਰ ਨੰ 2.7.3

ਰੇਖਾ ਚਿੱਤਰ 14.1, 14.2 ਅਤੇ 14.3 ਵਿੱਚ DD ਮੰਗ ਵਕਰ ਹੈ ਅਤੇ $S_1S_1$ ਪੂਰਤੀ ਵਕਰ ਹੈ। ਕਰ ਲੱਗਣ ਤੋਂ ਪਹਿਲਾਂ PM ਕੀਮਤ ਹੈ। OM ਵਸਤੂ ਦੀ ਵਿਕਰੀ ਦੀ ਮਾਤਰਾ ਹੈ। ਮੰਨ ਲਓ $P_1R$ ਕਰ ਲਗਾ ਦਿੱਤਾ ਗਿਆ ਹੈ। ਇਹ ਵਿਕ੍ਰੇਤਾ ਕੋਲੋਂ ਉਗਰਾਹਿਆ ਗਿਆ ਹੈ। ਇਸ ਪਿਛੋਂ $S_2S_2$ ਨਵੀਂ ਪੂਰਤੀ ਵਕਰ ਬਣ ਜਾਵੇਗੀ। $P_1M_1$ ਨਵੀਂ ਕੀਮਤ ਹੋਵੇਗੀ। $OM_1$ ਨਵੀਂ ਵਿਕਰੀ ਮਾਤਰਾ ਹੋਵੇਗੀ। ਇਸ ਤਰ੍ਹਾਂ ਕੀਮਤ ਵਿੱਚ ਵਾਧਾ $P_1T$ ਦੇ ਬਰਾਬਰ ਹੋਵੇਗਾ ਅਤੇ PT ਜਾਂ $MM_1$ ਮਿਕਦਾਰ ਘਟੇਗੀ। ਕਰ ਦਾ ਅਪਤਨ ਦੋ ਹਿੱਸਿਆ ਵਿੱਚ ਵੰਡਿਆ ਜਾਵੇਗਾ। ਖ਼ਰੀਦਾਰ ਤੇ $P_1T$ ਅਤੇ ਵਿਕਰੇਤਾ ਤੇ TR ਭਾਰ ਪਵੇਗਾ। ਇਸ ਤਰ੍ਹਾਂ $P_1R = P_1T + TR$ ਵੰਡ ਦਾ ਇਹ ਅਨੁਪਾਤ ਮੰਗ ਦੀ ਲਚਕ ਅਤੇ ਪੂਰਤੀ ਦੀ ਲਚਕ ਤੇ ਨਿਰਭਰ ਕਰੇਗਾ। ਜਿਵੇਂ ਕਿ

$$\text{ਮੰਗ ਦੀ ਲਚਕ } (e_d) = \frac{\text{ਮੰਗ ਦੀ ਅਨੁਪਾਤਕ ਤਬਦੀਲੀ}}{\text{ਕੀਮਤ ਦੀ ਅਨੁਪਾਤਕ ਤਬਦੀਲੀ}}$$

ਗਣਿਤਕ ਢੰਗ ਨਾਲ ਇਸ ਨੂੰ ਅੱਗੇ ਦਿੱਤੇ ਢੰਗ ਅਨੁਸਾਰ ਲਿਖਿਆ ਜਾ ਸਕਦਾ ਹੈ :

$$e_d = \frac{\frac{\Delta Q}{Q}}{\frac{\Delta P}{P}} = \frac{\Delta Q}{Q} \div \frac{\Delta P}{P} = \frac{\Delta Q}{Q} \times \frac{P}{\Delta P} = \frac{\Delta Q}{\Delta P} \times \frac{P}{Q} = \frac{MM_1}{P_1T} \times \frac{PM}{OM}$$

Q = ਵਸਤੂ ਦੀ ਕੀਤੀ ਮੰਗ, P = ਵਸਤੂ ਦੀ ਕੀਮਤ ਅਤੇ $\Delta$ = ਮੰਗ ਜਾਂ ਕੀਮਤ ਵਿੱਚ ਆਈ ਤਬਦੀਲੀ ਨੂੰ ਦਰਸਾਉਂਦਾ ਹੈ।

ਇਵੇਂ ਹੀ ਪੂਰਤੀ ਦੀ ਲਚਕ ਹੈ।

$$e_s = \frac{\frac{MM_1}{TR}}{\frac{OM}{PM}} = \frac{MM^1}{OM} \div \frac{TR}{PM} = \frac{MM^1}{TR} \times \frac{PM}{OM}$$

$$\frac{e_s}{e_d} = \left(\frac{MM_1}{TR} \times \frac{PM}{OM}\right) \div \left(\frac{MM_1}{P_1T} \times \frac{PM}{OM}\right)$$

$$= \frac{MM_1}{TR} \times \frac{PM}{OM} \times \frac{P_1T}{MM_1} \times \frac{OM}{PM}$$

$$= \frac{P_1T}{TR} = \frac{\text{ਖ਼ਰੀਦਾਰ ਤੇ ਭਾਰ}}{\text{ਵਿਕਰੇਤਾ ਤੇ ਭਾਰ}}$$

ਹੁਣ ਸਾਰੇ ਚਿੱਤਰਾਂ ਨੂੰ ਧਿਆਨ ਨਾਲ ਦੇਖੋ।

ਚਿੱਤਰ ਨੰ: 2.7.1 ਮੰਗ ਦੀ ਲਚਕ ਅਤੇ ਪੂਰਤੀ ਦੀ ਲਚਕ ਬਰਾਬਰ ਹਨ। ਇਸ ਸਥਿਤੀ ਵਿੱਚ ਖ਼ਰੀਦਾਰ ਅਤੇ ਵਿਕ੍ਰੇਤਾ ਦੋਵਾਂ ਵਿਚਕਾਰ ਕਰ ਭਾਰ ਬਰਾਬਰ ਵੰਡਿਆ ਗਿਆ ਹੈ। $P_1T = TR$ ਹੈ।

ਚਿੱਤਰ ਨੰ: 2.7.2 ਪੂਰਤੀ ਦੀ ਲਚਕ ਮੰਗ ਦੀ ਲਚਕ ਨਾਲੋਂ ਵਧੇਰੇ ਹੈ। ਇਸ ਸਥਿਤੀ ਵਿੱਚ ਵਿਕ੍ਰੇਤਾ ਦੀ ਤੁਲਨਾ ਵਿੱਚ ਖ਼ਰੀਦਾਰ ਉੱਤੇ ਭਾਰ ਵਧੇਰੇ ਹੈ। $P_1T > TR$ ਹੈ।

ਚਿੱਤਰ ਨੰ: 2.7.3 ਵਿੱਚ ਮੰਗ ਦੀ ਲਚਕ ਪੂਰਤੀ ਦੀ ਲਚਕ ਨਾਲੋਂ ਵਧੇਰੇ ਹੈ। ਇਸ ਸਥਿਤੀ ਵਿੱਚ ਖ਼ਰੀਦਾਰ ਦੀ ਤੁਲਨਾ ਵਿੱਚ ਵਿਕ੍ਰੇਤਾ ਉੱਪਰ ਕਰ ਭਾਰ ਵਧੇਰੇ ਹੈ। $TR > P_1T$ ਹੈ।

ਜਿਸ ਤਰ੍ਹਾਂ ਕਿ ਤੁਸੀਂ ਜਾਣਦੇ ਹੀ ਹੋਵੋਗੇ ਕਿ ਵਸਤਾਂ ਨੂੰ ਜ਼ਰੂਰੀ ਵਸਤਾਂ, ਆਰਾਮਦਾਇਕ ਵਸਤਾਂ ਅਤੇ ਵਿਲਾਸਤਾ ਵਾਲੀਆਂ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ। ਜ਼ਰੂਰੀ ਵਸਤਾਂ ਦੀ ਮੰਗ ਲਚਕ ਘੱਟ ਹੁੰਦੀ ਹੈ, ਆਰਾਮਦਾਇਕ ਵਸਤਾਂ ਦੀ ਥੋੜ੍ਹੀ ਵੱਧ ਅਤੇ ਵਿਲਾਸਤਾ ਵਾਲੀਆਂ ਵਸਤਾਂ ਦੀ ਮੰਗ ਬਹੁਤ ਜ਼ਿਆਦਾ ਲਚਕਦਾਰ ਹੁੰਦੀ ਹੈ। ਇਸ ਲਈ ਇਹਨਾਂ ਵਸਤਾਂ ਉੱਤੇ ਲੱਗੇ ਕਰ ਦਾ ਆਪਤਨ ਵੀ ਵੱਖੋ-ਵੱਖਰਾ ਹੋਵੇਗਾ। ਕਰ ਆਪਤਨ ਦੀ ਵੰਡ ਦਾ ਪਤਾ ਲਗਾਉਣ ਲਈ ਤੁਸੀਂ ਚਿੱਤਰ ਬਣਾ ਕੇ ਅਭਿਆਸ ਕਰੋ।

**ਸਵੈ-ਮੁਲਾਂਕਣ ਅਭਿਆਸ – 1**

ਪ੍ਰਸ਼ਨ: ਮੰਗ ਦੀ ਲਚਕ ਅਤੇ ਪੂਰਤੀ ਦੀ ਲਚਕ ਬਰਾਬਰ ਹੋਣ ਤੇ ਕਰ ਆਪਤਨ ਕਿਸ ਅਨੁਪਾਤ ਵਿੱਚ ਵੰਡਿਆ ਜਾਵੇਗਾ। ਚਿੱਤਰ ਬਣਾਓ ।

ਉੱਤਰ ......................................................................................................

..............................................................................................................

..............................................................................................................

ਆਪਤਨ ਦੇ ਆਧੁਨਿਕ ਸਿਧਾਂਤ ਦੇ ਆਧਾਰ ਤੇ ਮੰਗ ਦੀ ਲਚਕ ਅਤੇ ਪੂਰਤੀ ਦੀ ਲਚਕ ਵੱਖੋ ਵੱਖਰੀ ਹੋਣ ਉੱਤੇ ਉਪਭੋਗਤਾ ਅਤੇ ਖ਼ਰੀਦਾਰ ਉੱਤੇ ਪੈਣ ਵਾਲੇ ਕਰ ਆਪਤਨ ਨੂੰ ਸੰਖੇਪ ਵਿੱਚ ਹੇਠ ਲਿਖੀ ਤਾਲਿਕਾ ਰਾਹੀਂ ਦਰਸਾਇਆ ਜਾ ਸਕਦਾ ਹੈ :

**ਮੰਗ ਅਤੇ ਪੂਰਤੀ ਵਕਰ ਦੀ ਕਿਸਮ ਅਤੇ ਖ਼ਰੀਦਾਰ ਅਤੇ ਵਿਕ੍ਰੇਤਾ ਤੇ ਪੈਣ ਵਾਲਾ ਭਾਰ**

| | ਮੰਗ ਵਕਰ | ਪੂਰਤੀ ਵਕਰ | ਖ਼ਰੀਦਾਰ ਤੇ ਭਾਰ | ਵਿਕ੍ਰੇਤਾ ਤੇ ਭਾਰ |
|---|---|---|---|---|
| 1. | $e_d = \infty$ | $e_s = o$ | ਸਿਫ਼ਰ | ਸਾਰਾ ਭਾਰ |
| 2. | $e_d = o$ | $e_s = \infty$ | ਸਾਰਾ ਭਾਰ | ਸਿਫ਼ਰ |
| 3. | $e_d = e_s$ | $e_s = e_d$ | ਬਰਾਬਰ | ਬਰਾਬਰ |
| 4. | $e_d < e_s$ | $e_s > e_d$ | ਵਧੇਰੇ | ਘੱਟ |
| 5. | $e_d > e_s$ | $e_s < e_d$ | ਘੱਟ | ਵਧੇਰੇ |

### 2.7.6 ਵਿਭਿੰਨ ਮੰਡੀ ਹਾਲਤਾ ਵਿੱਚ ਕਰ ਆਪਤਨ :

ਪੂਰਤੀ ਦੀ ਲਚਕ ਮੰਡੀ ਦੀ ਕਿਸਮ (ਜਿਵੇਂ ਪੂਰਣ ਪ੍ਰਤੀਯੋਗਤਾ, ਏਕਾਧਿਕਾਰੀ, ਏਕਾਧਿਕਾਰੀ ਪ੍ਰਤਿਯੋਗਤਾ ਆਦਿ) ਤੇ ਨਿਰਭਰ ਕਰਦੀ ਹੈ। ਇਸ ਲਈ ਇਹਨਾਂ ਮੰਡੀਆਂ ਵਿੱਚ ਕਰ ਭਾਰ ਦੀ ਬਦਲੀ ਵੀ ਵੱਖੋ-ਵੱਖ ਹੋਵੇਗੀ।

**ਪੂਰਨ ਪ੍ਰਤਿਯੋਗਤਾ ਮੰਡੀ ਅਧੀਨ ਕਰ ਭਾਰ ਦੀ ਵੰਡ:**

ਪੂਰਣ ਪ੍ਰਤੀਯੋਗੀ ਮੰਡੀ ਵਿੱਚ ਬਹੁਤ ਥੋੜ੍ਹੇ ਜਾਂ ਮਾਰਕੀਟ ਪੀਰੀਅਡ ਲਈ ਪੂਰਤੀ ਵਸਤੂ ਦੇ ਸਟਾਕ ਤੱਕ ਸੀਮਿਤ ਹੁੰਦੀ ਹੈ। ਜੇ ਵਸਤਾਂ ਨਾਸ਼ਵਾਨ ਹੋਣ ਤਾਂ ਵਿਕ੍ਰੇਤਾ ਨੂੰ ਸਾਰਾ ਸਟਾਕ ਮੰਡੀ ਵਿੱਚ ਭੇਜਣਾ ਪਵੇਗਾ। ਇਸ ਲਈ ਅਜਿਹੀ ਵਸਤੂ ਉਤੇ ਲੱਗੇ ਕਰ ਦੇ ਭਾਰ ਨੂੰ ਬਦਲਿਆ ਨਹੀਂ ਜਾ ਸਕਦਾ। ਦੂਜੇ ਪਾਸੇ, ਚਿਰ-ਸਥਾਈ ਵਸਤਾਂ ਦੀ ਸਥਿਤੀ ਵਿੱਚ, ਸਟਾਕ ਨੂੰ ਕੁਝ ਸਮਾਂ ਸਟੋਰ ਕਰਕੇ ਵੀ ਰੱਖਿਆ ਜਾ ਸਕਦਾ ਹੈ। ਇਸ ਲਈ ਕਰ ਦਾ ਭਾਰ ਕੁਝ ਹੱਦ ਤੱਕ

ਬਦਲਿਆ ਜਾ ਸਕਦਾ ਹੈ।

ਲੰਬੇ ਸਮੇਂ ਵਿੱਚ ਫ਼ਰਮਾਂ ਨੂੰ ਆਪਣੇ ਕਾਰਜ ਦਾ ਪੈਮਾਨਾ ਬਦਲਣ ਜਾਂ ਕਰ ਲੱਗੀ ਉਦਯੋਗ ਨੂੰ ਛੱਡ ਕੇ ਜਾਣ ਦਾ ਖੁੱਲ੍ਹਾ ਸਮਾਂ ਮਿਲ ਜਾਂਦਾ ਹੈ। ਇਸ ਲਈ ਪੂਰਤੀ ਦੀ ਲਚਕ ਵਧੇਰੇ ਹੁੰਦੀ ਹੈ। ਇਸ ਤਰ੍ਹਾਂ ਲੰਬੇ ਸਮੇਂ ਵਿੱਚ ਕਰ ਭਾਰ ਦੀ ਬਦਲੀ ਸੰਭਵ ਹੁੰਦੀ ਹੈ।

**ਏਕਾਧਿਕਾਰੀ ਅਧੀਨ ਕਰ ਭਾਰ ਦੀ ਵੰਡ :**

ਇਸ ਮੰਡੀ ਸਥਿਤੀ ਵਿੱਚ ਕਰ ਦਾ ਬਦਲੀਕਰਨ ਕਰ ਦੀ ਕਿਸਮ ਉੱਤੇ ਨਿਰਭਰ ਕਰਦਾ ਹੈ। ਸਰਕਾਰ ਵੱਲੋਂ ਲਗਾਏ ਕਰ ਨਾਲ ਉਤਪਾਦਨ ਲਾਗਤ ਪ੍ਰਭਾਵਿਤ ਹੁੰਦੀ ਹੈ ਤਾਂ ਕਰ ਦਾ ਭਾਰ ਮੰਗ ਦੀ ਲਚਕ ਅਨੁਸਾਰ ਏਕਾਧਿਕਾਰੀ ਅਤੇ ਉਪਭੋਗੀਆਂ ਵਿਚਕਾਰ ਵੰਡਿਆ ਜਾਵੇਗਾ। ਦੂਜੇ ਪਾਸੇ ਏਕਾਧਿਕਾਰੀ ਦੇ ਮੁਨਾਫ਼ੇ ਉੱਤੇ ਕਰ ਲਗਾਇਆ ਜਾਂਦਾ ਹੈ ਤਾਂ ਕਰ ਦਾ ਭਾਰ ਅੱਗੇ ਉਪਭੋਗਤਾ ਉੱਤੇ ਨਹੀਂ ਬਦਲਿਆ ਜਾਵੇਗਾ ਕਿਉਂਕਿ ਅਜਿਹਾ ਕਰ ਸੰਤੁਲਨ ਉਤਪਾਦਨ MC=MR ਉੱਤੇ ਕੋਈ ਪ੍ਰਭਾਵ ਨਹੀਂ ਪਾਉਂਦਾ।

**ਏਕਾਧਿਕਾਰੀ ਪ੍ਰਤੀਯੋਗਤਾ ਅਧੀਨ ਕਰ ਭਾਰ ਦੀ ਵੰਡ :**

ਏਕਾਧਿਕਾਰੀ ਪ੍ਰਤੀਯੋਗਤਾ ਅਧੀਨ ਵਸਤੂ ਵਿਭਿੰਨਤਾ, ਫ਼ਰਮਾਂ ਦੀ ਵਧੇਰੇ ਸੰਖਿਆ ਅਤੇ ਕੀਮਤ ਵਿੱਚ ਭਿੰਨਤਾ ਵਰਗੀਆਂ ਵਿਸ਼ੇਸ਼ਤਾਈਆਂ ਪਾਈਆਂ ਜਾਂਦੀਆਂ ਹਨ। ਅਜਿਹੀ ਸਥਿਤੀ ਵਿੱਚ ਫ਼ਰਮ ਕਰ ਲੱਗਣ ਉੱਤੇ ਸੀਮਾਂਤ ਆਮਦਨ ਅਤੇ ਸੀਮਾਂਤ ਲਾਗਤ ਵਿੱਚ ਸੰਤੁਲਨ ਨੂੰ ਮੁੜ ਸਥਾਪਿਤ ਕਰਨ ਲਈ ਕੀਮਤਾਂ ਨੂੰ ਕੁਝ ਕੁ ਹੀ ਵਧਾਏਗੀ। ਫ਼ਰਮ ਦੀ ਮੰਗ ਵਕਰ ਵਧੇਰੇ ਲਚਕਦਾਰ ਹੁੰਦੀ ਹੈ। ਇਸ ਲਈ ਥੋੜ੍ਹੇ ਸਮੇਂ ਵਿੱਚ ਕਰ ਭਾਰ ਵਧੇਰੇ ਫ਼ਰਮ ਦੇ ਮਾਲਕ ਉੱਤੇ ਅਤੇ ਥੋੜ੍ਹਾ ਉਪਭੋਗਤਾ ਉੱਤੇ ਪਾਇਆ ਜਾਵੇ ਗਾ।

### 2.7.7 ਸਾਰਾਂਸ਼ :

ਸਰਕਾਰ ਵੱਲੋਂ ਲਗਾਏ ਜਾਂਦੇ ਕਰਾਂ ਦੇ ਅੰਤਿਮ ਭਾਰ ਨੂੰ ਕਰਾਂ ਦਾ ਆਪਤਨ ਕਿਹਾ ਜਾਂਦਾ ਹੈ। ਕਰ ਲੱਗਣ ਦੇ ਮੁੱਢਲੇ ਪੜਾਅ ਸਮੇਂ ਜੋ ਮੁੱਢਲਾ ਭਾਰ ਪੈਂਦਾ ਹੈ ਉਸ ਨੂੰ ਕਰਾਂ ਦਾ ਅਸਰ ਜਾਂ ਦਬਾਅ ਕਿਹਾ ਜਾਂਦਾ ਹੈ। ਮੁੱਢਲੇ ਪੜਾਅ ਅਤੇ ਅੰਤਿਮ ਭਾਰ ਦੇ ਵਿਚਕਾਰ ਕਰ ਭਾਰ ਦੇ ਬਦਲੀਕਰਨ ਦੀ ਪ੍ਰਕ੍ਰਿਆ ਹੁੰਦੀ ਹੈ। ਇਹ ਬਦਲੀ ਅਗਾਂਹ ਵੱਲ ਵਸਤੂ ਦੀ ਕੀਮਤ ਵਧਾ ਕੇ ਉਪਭੋਗਤਾ ਉੱਤੇ ਭਾਰ ਪਾ ਕੇ ਕੀਤੀ ਜਾ ਸਕਦੀ ਹੈ ਅਤੇ ਪਿਛਾਂਹ ਵੱਲ ਭਾਵ ਆਦਾਨ ਵਸਤਾਂ ਦੀਆਂ ਘੱਟ ਕੀਮਤਾਂ ਅਦਾ ਕਰਕੇ ਕੀਤੀ ਜਾ ਸਕਦੀ ਹੈ। ਕਰਾਂ ਦੀ ਬਦਲੀ ਅਤੇ ਆਪਤਨ ਉੱਤੇ ਅਸਰ ਪਾਉਣ ਵਾਲੇ ਤੱਤਾਂ ਵਿੱਚੋਂ ਸਭ ਤੋਂ ਮਹੱਤਵਪੂਰਣ ਵਸਤਾਂ ਦੀ ਮੰਗ ਦੀ ਲਚਕ ਅਤੇ ਪੂਰਤੀ ਦੀ ਲਚਕ ਹਨ। ਬਾਕੀ ਗੱਲਾਂ ਸਮਾਨ ਰਹਿਣ ਤੇ ਜੇਕਰ ਵਸਤਾਂ ਦੀ ਮੰਗ ਲਚਕਦਾਰ ਹੈ ਤਾਂ ਕਰਾਂ ਦਾ ਆਪਤਨ ਵਿਕ੍ਰੇਤਾ ਉੱਤੇ ਵਧੇਰੇ ਪਵੇਗਾ। ਦੂਜੇ ਪਾਸੇ ਜੇ ਵਸਤਾਂ ਦੀ ਪੂਰਤੀ ਲਚਕਦਾਰ ਹੋਵੇ ਤਾਂ ਕਰਾਂ ਦਾ ਆਪਤਨ ਖ਼ਰੀਦਾਰ ਤੇ ਵਧੇਰੇ ਪਵੇਗਾ। ਇਸ ਤੋਂ ਇਲਾਵਾ ਕਰਾਂ ਦਾ ਆਪਤਨ ਵਿਭਿੰਨ ਮੰਡੀ ਸਥਿਤੀਆਂ ਵਿੱਚ ਵੀ ਭਿੰਨ ਭਿੰਨ ਹੋਵੇਗਾ।

### 2.7.8 ਛੋਟੇ ਉੱਤਰਾਂ ਵਾਲੇ ਪ੍ਰਸ਼ਨ :

1. ਕਰਾਂ ਦੇ ਆਪਤਨ ਦੀ ਪ੍ਰੀਭਾਸ਼ਾ ਦਿਉ
2. ਕਰਾਂ ਦੀ ਅਗਾਂਹ ਵੱਲ ਅਤੇ ਪਿਛਾਂਹ ਵੱਲ ਬਦਲੀ ਤੋਂ ਕੀ ਭਾਵ ਹੈ?
3. ਜਦੋਂ ਪੂਰਤੀ ਦੀ ਲਚਕ ਦੀ ਡਿਗਰੀ ਮੰਗ ਦੀ ਲਚਕ ਦੀ ਡਿਗਰੀ ਨਾਲੋਂ ਘੱਟ ਹੋਵੇਗੀ ਤਾਂ ਕਰ ਭਾਰ ਖ਼ਰੀਦਾਰ ਅਤੇ ਵਿਕ੍ਰੇਤਾ ਉੱਤੇ ਕਿੰਨਾ-ਕਿੰਨਾ ਪਵੇਗਾ?
4. ਪੂਰਣ ਪ੍ਰਤੀਯੋਗੀ ਮੰਡੀ ਵਿੱਚ ਕਰ ਭਾਰ ਕਿਸ ਤਰ੍ਹਾਂ ਵੰਡਿਆ ਜਾਵੇਗਾ?

### 2.7.9 ਵੱਡੇ ਉੱਤਰਾਂ ਵਾਲੇ ਪ੍ਰਸ਼ਨ

1. ਕਰਾਂ ਦੇ ਦਬਾਅ, ਬਦਲੀਕਰਨ ਅਤੇ ਆਪਤਨ ਦੀਆਂ ਧਾਰਨਾਵਾਂ ਵਿੱਚ ਭੇਦ ਕਰੋ। ਕਰਾਂ ਦੀ ਬਦਲੀ ਕਿਨ੍ਹਾਂ ਹਾਲਤਾਂ ਉੱਤੇ ਨਿਰਭਰ ਕਰਦੀ ਹੈ?
2. ਖ਼ਰੀਦਾਰਾਂ ਅਤੇ ਵਿਕ੍ਰੇਤਾਵਾਂ ਵਿਚਕਾਰ ਵੱਖ ਵੱਖ ਮੰਗ ਅਤੇ ਪੂਰਤੀ ਹਾਲਤਾਂ ਵਿੱਚ ਕਰ ਆਪਤਨ ਕਿਵੇਂ ਵੰਡਿਆ ਜਾਂਦਾ ਹੈ? ਚਿੱਤਰ ਬਣਾ ਕੇ ਵਿਆਖਿਆ ਕਰੋ।
3. ਕਰਾਂ ਦੇ ਆਪਤਨ ਤੋਂ ਕੀ ਭਾਵ ਹੈ? ਆਪਤਨ ਅਤੇ ਪ੍ਰਭਾਵਾਂ ਨੂੰ ਕਿਵੇਂ ਵੱਖ ਵੱਖ ਕੀਤਾ ਜਾ ਸਕਦਾ ਹੈ?

### 2.7.10 ਮਹੱਤਵਪੂਰਨ ਧਾਰਨਾਂਵਾਂ :

***ਕਰਾਂ ਦਾ ਅਸਰ/ਦਬਾਅ*** (Impact of tax):

*ਕਰ ਦੀ ਮੁੱਢਲੇ ਪੜਾਅ ਉੱਤੇ ਕੀਤੀ ਜਾਣ ਵਾਲੀ ਅਦਾਇਗੀ।*

***ਕਰਾਂ ਦਾ ਅਧਤਨ*** (Incidence of tax) :

*ਕਰਾਂ ਦੀ ਅੰਤਿਮ ਪੜਾਅ ਉੱਤੇ ਕੀਤੀ ਜਾਣ ਵਾਲੀ ਅਦਾਇਗੀ ਦਾ ਭਾਰ।*

***ਕਰਾਂ ਦਾ ਬਦਲੀਕਰਨ*** (Shifting of tax) :

*ਕਰ ਲੱਗੇ ਪਹਿਲੇ ਸ੍ਰੋਤ ਤੋਂ ਜਦੋਂ ਇਸ ਨੂੰ ਅਗਾਂਹ ਕੀਮਤ ਵਧਾ ਕੇ ਖ਼ਰੀਦਾਰ ਜਾਂ ਪਿਛਾਂਹ (ਆਦਾਨਾਂ ਦੀਆਂ ਘੱਟ ਕੀਮਤਾਂ ਅਦਾ ਕਰਕੇ) ਤਬਦੀਲ ਕੀਤਾ ਜਾਂਦਾ ਹੈ।*

***ਵਖਰੇਵੇਂ ਵਾਲਾ ਕਰ ਅਧਤਨ*** (Differential tax Incidence) :

*ਕਰਾਂ ਰਾਹੀਂ ਹੋਣ ਵਾਲੀ ਕੁੱਲ ਆਮਦਨ ਵਿੱਚ ਬਿਨਾਂ ਕੋਈ ਫ਼ਰਕ ਪਾਇਆਂ ਇੱਕ ਕਰ ਦੀ ਥਾਂ ਤੇ ਦੂਜਾ ਕਰ ਲਗਾਉਣ ਨਾਲ (ਜਿਵੇਂ ਵਿਕਰੀ ਕਰ ਦੀ ਦਰ ਘਟਾ ਕੇ ਆਮਦਨ ਕਰ ਦੀ ਦਰ ਵਧਾ ਕੇ) ਆਮਦਨ ਦੀ ਵੰਡ ਵਿੱਚ ਹੋਣ ਵਾਲੀ ਤਬਦੀਲੀ।*

### *2.7.11 ਪ੍ਰਕਾਸ਼ਿਤ ਪੁਸਤਕਾਂ*


| | | | |
|---|---|---|---|
| 1. | H. Dalton | : | Principles of Public Finance |
| 2. | Richard A. Musgrave | : | Theory of Public Finance |
| 3. | H.L. Bhatia | : | Public Finance |
| 4. | B.P. Tyagi | : | Public Finance |
| 5. | R.N. Bhargava | : | The Theory and Working of Union Finance in India |

Last updated on 15 June, 2023

# ਕਰਯੋਗ ਸਮਰੱਥਾ ਅਤੇ ਇਸ ਦੇ ਨਿਰਧਾਰਕ

2.8.1 ਉਦੇਸ਼
2.8.2 ਜਾਣ ਪਛਾਣ
2.8.3 ਕਰਯੋਗ ਸਮਰੱਥਾ ਦਾ ਅਰਥ
2.8.4 ਨਿਰਪੇਖਕ ਅਤੇ ਸਾਪੇਖਿਕ ਕਰਯੋਗ ਸਮਰੱਥਾ
2.8.5 ਕਰਯੋਗ ਸਮਰੱਥਾ ਅਤੇ ਕਰ ਕੋਸ਼ਿਸ਼ ਵਿੱਚ ਅੰਤਰ
2.8.6 ਕਰਯੋਗ ਸਮਰੱਥਾ ਮਾਪਣ ਦੇ ਢੰਗ
2.8.7 ਕਰਯੋਗ ਸਮਰੱਥਾ ਦੇ ਨਿਰਧਾਰਕ
2.8.8 ਭਾਰਤ ਵਿੱਚ ਕਰਯੋਗ ਸਮਰੱਥਾ
2.8.9 ਸਾਰਾਂਸ਼
2.8.10 ਛੋਟੇ ਪ੍ਰਸ਼ਨ
2.8.11 ਵੱਡੇ ਪ੍ਰਸ਼ਨ
2.8.12 ਤਕਨੀਕੀ ਸ਼ਬਦਾਵਲੀ
2.8.13 ਪ੍ਰਕਾਸ਼ਿਤ ਪੁਸਤਕਾਂ

## 2.8.1 ਉਦੇਸ਼ :

*ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀ ਕਰਯੋਗ ਸਮਰੱਥਾ ਨਾਲ ਸਬੰਧਿਤ ਨਿਮਨ ਪਹਿਲੂਆਂ ਬਾਰੇ ਜਾਣੂ ਹੋ ਜਾਓਗੇ।*

- *ਕਰਯੋਗ ਸਮਰੱਥਾ ਦਾ ਅਰਥ।*
- *ਕਰਯੋਗ ਸਮਰੱਥਾ ਸਬੰਧੀ ਵਿਭਿੰਨ ਅਰਥਵਿਗਿਆਨੀਆਂ ਦੇ ਵਿਚਾਰ।*
- *ਨਿਰਪੇਖਿਕ ਕਰਯੋਗ ਸਮਰੱਥਾ ਦਾ ਪਤਾ ਲਗਾਉਣਾ ਮੁਸ਼ਕਿਲ ਹੈ, ਪ੍ਰੰਤੂ ਸਾਪੇਖਿਕ ਕਰਯੋਗ ਸਮਰੱਥਾ ਦਾ ਪਤਾ ਲਗਾਉਣਾ ਆਸਾਨ ਹੈ।*
- *ਕਰਯੋਗ ਸਮਰੱਥਾ ਅਤੇ ਕਰ ਕੋਸ਼ਿਸ਼ ਦੋਵੇਂ ਧਾਰਨਾਵਾਂ ਵਿੱਚ ਅੰਤਰ ਹੈ।*
- *ਕਰਯੋਗ ਸਮਰੱਥਾ ਮਾਪਣ ਦੇ ਢੰਗ ਜਿਵੇਂ ਆਮਦਨ ਢੰਗ ਅਤੇ ਕਰ ਪ੍ਰਾਪਤੀ ਢੰਗ।*
- *ਕਰਯੋਗ ਸਮਰੱਥਾ ਦੇ ਨਿਰਧਾਰਕਾਂ ਬਾਰੇ ਜਾਣੂ ਹੋ ਜਾਓਗੇ।*

## 2.8.2 ਜਾਣ-ਪਛਾਣ :

*ਕਿਸੇ ਵੀ ਦੇਸ਼ ਦੀ ਸਰਕਾਰ ਇੱਕੋ ਸਮੇਂ ਕਈ ਉਦੇਸ਼ਾਂ ਦੀ ਪ੍ਰਾਪਤੀ ਲਈ ਦੇਸ਼ ਦੀ ਜਨਤਾ ਉੱਤੇ ਕਈ ਪ੍ਰਕਾਰ ਦੇ ਕਰ ਲਗਾਉਂਦੀ ਹੈ। ਪ੍ਰੰਤੂ, ਇਹ ਗੱਲ ਬਹੁਤ ਮਹੱਤਵਪੂਰਣ ਹੈ ਕਿ ਜਨਤਾ ਭਾਵ ਲੋਕ ਆਪਣੀ ਆਮਦਨ ਦਾ ਕਿੰਨਾ ਹਿੱਸਾ ਸਰਕਾਰ ਨੂੰ ਕਰਾਂ ਵਜੋਂ ਦੇ ਸਕਦੇ ਹਨ। ਜਾਂ, ਦੂਜੇ ਸ਼ਬਦਾਂ ਵਿੱਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਸਰਕਾਰ ਜਨਤਾ ਕੋਲੋਂ ਕਿੰਨੀ ਰਾਸ਼ੀ ਕਰਾਂ ਵੱਜੋਂ ਉਗਰਾਹ ਸਕਦੀ ਹੈ। ਇਹ ਹੀ ਕਰਯੋਗ ਸਮਰੱਥਾ ਹੈ। ਜੇ ਸਰਕਾਰ ਨੂੰ ਦੇਸ਼ ਦੀ ਕਰਯੋਗ ਸਮਰੱਥਾ ਦਾ ਪਤਾ ਲੱਗ ਜਾਵੇ ਤਾਂ ਸਰਕਾਰ ਬਿਨਾਂ ਕਿਸੇ ਪ੍ਰਭਾਵ ਤੋਂ ਜਨਤਾ ਕੋਲੋਂ ਕਰਾਂ ਵਜੋਂ ਆਮਦਨ ਇਕੱਤਰ ਕਰ ਸਕਦੀ ਹੈ। ਵਿਭਿੰਨ ਦੇਸ਼ਾਂ ਦੀ ਕਰਯੋਗ ਸਮਰੱਥਾ ਵੱਖੋ ਵੱਖਰੀ ਹੁੰਦੀ ਹੈ ਅਤੇ ਇਹ ਕਈ ਤੱਤਾਂ ਉੱਤੇ ਨਿਰਭਰ ਕਰਦੀ ਹੈ ਜਿਵੇਂ ਦੇਸ਼ ਕਿਸ ਤਰ੍ਹਾਂ ਦੇ ਪੜਾਅ ਵਿੱਚੋਂ ਗੁਜ਼ਰ*

ਰਿਹਾ ਹੈ, ਕਿਹੜਾ ਖੇਤਰ ਵਧੇਰੇ ਵਿਕਸਿਤ ਹੈ, ਆਦਿ।

**2.8.3 ਕਰਯੋਗ ਸਮਰੱਥਾ ਦਾ ਅਰਥ :**

ਕਰਯੋਗ ਸਮਰੱਥਾ ਨੂੰ ਵਿੱਤੀ ਸਮਰੱਥਾ ਵੀ ਕਿਹਾ ਜਾਂਦਾ ਹੈ। ਸੌਖੇ ਸ਼ਬਦਾਂ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਕਰਯੋਗ ਸਮਰੱਥਾ ਸਮਾਜ ਦੀ ਕਰਾਂ ਵਜੋਂ ਅਦਾਇਗੀ ਕਰਨ ਦੀ ਵੱਧੋ-ਵੱਧ ਸਮਰੱਥਾ ਹੈ। ਕਰਯੋਗ ਸਮਰੱਥਾ ਸਬੰਧੀ ਹਿਊ ਡਾਲਟਨ ਦਾ ਵਿਚਾਰ ਸੀ ਕਿ ਇਹ ਇੱਕ ਭੁਲੇਖਾ ਪਾਊ ਅਤੇ ਅਸਪਸ਼ਟ ਧਾਰਨਾ ਹੈ ਇਸ ਲਈ ਇਸ ਨੂੰ ਨਿਸ਼ਚਿਤ ਕਰਨਾ ਬਹੁਤ ਮੁਸ਼ਕਿਲ ਹੈ। ਪ੍ਰੰਤੂ, ਸਮੇਂ-ਸਮੇਂ ਵਿਭਿੰਨ ਅਰਥਵਿਗਿਆਨੀਆਂ ਨੇ ਇਸ ਧਾਰਨਾ ਸਬੰਧੀ ਆਪਣੇ ਵਿਚਾਰ ਦਿੱਤੇ ਹਨ।

**ਜੋਸ਼ੀਹ ਸਟੈਂਪ ਦੇ ਵਿਚਾਰ** (Josiah Stamp) :

ਸਰ ਜੋਸ਼ੀਹ ਸਟੈਂਪ ਅਨੁਸਾਰ, ''ਕੁੱਲ ਉਤਪਾਦਨ ਵਿੱਚੋਂ ਜਨਸੰਖਿਆ ਲਈ ਨਿਰਬਾਹਯੋਗ ਪੱਧਰ ਦਾ ਖਰਚ ਅਤੇ ਉਤਪਾਦਨ ਜਾਰੀ ਰੱਖਣ ਦੇ ਖਰਚ ਨੂੰ ਘਟਾ ਕੇ ਜੋ ਬਚਦਾ ਹੈ, ਉਹੀ ਕਰਯੋਗ ਸਮਰੱਥਾ ਹੈ।'' (Taxable capacity is 'the margin of total production over total consumption or the amount required to maintain the population at subsistence level.") ਉਹ ਅੱਗੇ ਚੱਲ ਕੇ ਕਹਿੰਦੇ ਹਨ ਕਿ ਕਰਯੋਗ ਸਮਰੱਥਾ ਉਹ ਵੱਧ ਤੋਂ ਵੱਧ ਰਕਮ ਹੈ ਜਿਹੜੀ ਇੱਕ ਦੇਸ਼ ਦੇ ਲੋਕ ਸਰਕਾਰੀ ਖਰਚ ਲਈ, ਬਿਨਾਂ ਜੀਵਨ ਨਿਰਬਾਹ ਪੱਧਰ ਨੂੰ ਘਟਾਇਆ ਅਤੇ ਉਤਪਾਦਨ ਉੱਤੇ ਬਿਨਾਂ ਕਿਸੇ ਭੈੜੇ ਪ੍ਰਭਾਵ ਤੋਂ ਆਪਣੀ ਖੁਸ਼ੀ ਨਾਲ ਦੇ ਸਕਣ। ("Taxable Capacity is the maximum amount which the citizens of a nation can contribute towards the expense of the public authorities without having a really unhappy and downtrodden existence and without dislocating the economic organisation too much." - Josiah Stamp)

ਇਸ ਵਿੱਚ ਕਰਾਂ ਦੇ ਪੈਣ ਵਾਲੇ ਬੁਰੇ ਪ੍ਰਭਾਵਾਂ ਤੋਂ ਬਚਣ ਦੀ ਗੱਲ ਕੀਤੀ ਗਈ ਹੈ। ਪ੍ਰੰਤੂ ਸਮੱਸਿਆ ਇਹ ਹੈ ਕਿ ਕਿਸੇ ਵੀ ਕਰ ਨਾਲ ਨਾਗਰਿਕਾਂ ਦੀ ਖੁਸ਼ੀ ਵਿੱਚ ਕਮੀ ਜ਼ਰੂਰ ਹੁੰਦੀ ਹੈ ਅਤੇ ਖੁਸ਼ੀ ਮਾਨਸਿਕ ਦਸ਼ਾ ਹੈ ਇਸ ਦਾ ਮਾਪ ਸੰਭਵ ਨਹੀਂ ਅਤੇ ਇਸ ਤੋਂ ਇਲਾਵਾ ਕਰਾਂ ਨਾਲ ਅਰਥਵਿਵਸਥਾ ਵੀ ਵਿਸਥਾਪਿਤ ਹੁੰਦੀ ਹੈ। ਇਸ ਪਰਿਭਾਸ਼ਾ ਬਾਰੇ ਇਹ ਵੀ ਆਲੋਚਨਾ ਕੀਤੀ ਜਾਂਦੀ ਹੈ ਸਾਰੇ ਲੋਕਾਂ ਦੀਆਂ ਉਪਭੋਗ ਸਬੰਧੀ ਆਦਤਾਂ ਅਤੇ ਜੀਵਨ ਨਿਰਬਾਹ ਪੱਧਰ ਵੱਖੋ ਵੱਖ ਹੁੰਦਾ ਹੈ। ਨਿਰਬਾਹਯੋਗ ਪੱਧਰ ਦਾ ਮਾਪ ਕਰਨਾ ਵੀ ਮੁਸ਼ਕਿਲ ਹੈ। ਇਸ ਤੋਂ ਇਲਾਵਾ ਜੇ ਉਪਭੋਗ ਖਰਚ ਤੋਂ ਇਲਾਵਾ ਬਾਕੀ ਸਾਰੇ ਉਤਪਾਦਨ ਨੂੰ ਸਰਕਾਰ ਕਰਾਂ ਵੱਜੋਂ ਲੈ ਲਵੇ ਤਾਂ ਨਿਵੇਸ਼ ਲਈ ਕੀ ਬਚੇਗਾ।

**ਫਿੰਡਲੇ ਸ਼ਿਰਾਜ ਦੇ ਵਿਚਾਰ** (Findlay Shirras) :

ਪ੍ਰੋ. ਫਿੰਡਲੇ ਸ਼ਿਰਾਜ ਕਰਯੋਗ ਸਮਰੱਥਾ ਨੂੰ 'ਨਿਚੋੜਨ ਦੀ ਹੱਦ' ਤੱਕ ਦੱਸਦਾ ਹੈ, ਭਾਵ ਸਰਕਾਰ ਲੋਕਾਂ ਤੋਂ ਜੋ ਵੱਧੋ ਵੱਧ ਰਕਮ ਕਰਾਂ ਵੱਜੋਂ ਵਸੂਲ ਕਰ ਸਕਦੀ ਹੈ ਜਾਂ ਨਿਚੋੜ ਸਕਦੀ ਹੈ। ਇਹ ਹੀ ਕਰਯੋਗ ਸਮਰੱਥਾ ਦੀ ਹੱਦ ਹੈ। ਪ੍ਰੋ. ਸ਼ਿਰਾਜ ਅੱਗੇ ਚੱਲਕੇ ਦੱਸਦੇ ਹਨ ਕਿ ਵਰਤਮਾਨ ਘੱਟੋ ਘੱਟ ਉਪਭੋਗ ਖਰਚ ਨੂੰ ਪੂਰਾ ਕਰਨ ਲਈ ਰਕਮ ਛੱਡ ਕੇ ਕੁੱਲ ਉਤਪਾਦਨ ਵਿੱਚੋਂ ਬਾਕੀ ਬਚਦੀ ਰਕਮ ਨੂੰ ਕਰਾਂ ਵਜੋਂ ਵਸੂਲ ਕੀਤਾ ਜਾ ਸਕਦਾ ਹੈ ਅਤੇ ਇਹ ਹੀ ਕਰਯੋਗ ਸਮਰੱਥਾ ਦੀ ਹੱਦ ਹੈ। ("Taxable capacity is the limit of squeezability. It is the total surplus of production over the minimum of consumption required to produce that volume of production, the standard of living remaining intact".- Findlay Shirras)

ਇਸ ਵਿੱਚ ਕਰਾਧਾਨ ਨੀਤੀ ਅਜਿਹੀ ਬਣਾਉਣ ਦੀ ਗੱਲ ਕੀਤੀ ਗਈ ਹੈ ਕਿ ਜਿਸ ਨਾਲ ਰਹਿਣ ਸਹਿਣ ਦੇ ਮੌਜੂਦਾ ਪੱਧਰ ਵਿੱਚ ਕੋਈ ਕਮੀ ਨਾ ਆਵੇ। ਪ੍ਰੰਤੂ ਕਈ ਵਾਰੀ ਸਰਕਾਰ ਸਫ਼ੀਤੀ ਨੂੰ ਨਿਯੰਤਰਨ ਵਿੱਚ ਕਰਨ ਲਈ ਜਾਣ ਬੁੱਝ ਕੇ ਉਪਭੋਗ ਖਰਚ ਘਟਾਉਂਦੀ ਹੈ। ਇਸ ਤੋਂ ਇਲਾਵਾ 'ਨਿਚੋੜਨ ਦੀ ਹੱਦ' ਵਾਲੀ ਗੱਲ ਵੀ ਆਲੋਚਨਾ ਦਾ ਵਿਸ਼ਾ ਬਣੀ ਹੈ। ਕਿਉਂਕਿ ਸਰਕਾਰ ਦੀ ਸ਼ਕਤੀ ਅਥਾਹ ਹੁੰਦੀ ਹੈ ਅਤੇ ਇਸ ਪ੍ਰਕਾਰ ਸਰਕਾਰ ਕਰ ਵਸੂਲ ਕਰਨ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ।

**ਡਰੰਮਡ ਫਰੇਜ਼ਰ ਦੇ ਵਿਚਾਰ** (Sir Drummond Fraser) :

ਡਰੰਮਡ ਫਰੇਜ਼ਰ ਦਾ ਵਿਚਾਰ ਸੀ ਕਿ ਕਿਸੇ ਰਾਸ਼ਟਰ ਦੀ ਕਰਯੋਗ ਸਮਰੱਥਾ ਦੀ ਹੱਦ ਯਕੀਨੀ ਤੌਰ ਤੇ ਉੱਥੇ ਖਤਮ ਹੋ ਜਾਂਦੀ ਹੈ ਜਦੋਂ ਕਰਦਾਤਿਆਂ ਨੂੰ ਆਪਣੇ ਕਰ ਅਦਾ ਕਰਨ ਲਈ ਬੈਂਕਾਂ ਤੋਂ ਉਧਾਰ ਲੈਣ ਲਈ ਮਜ਼ਬੂਰ ਹੋਣਾ ਪਵੇ। (The


taxable capacity of a nation is surely reached when the tax payers are forced to borrow from the banks to pay their taxes" - Drummond Fraser)। *ਪ੍ਰੋ. ਡਾਲਟਨ ਅਨੁਸਾਰ ਕਰਯੋਗ ਸਮਰੱਥਾ ਦਾ ਪਤਾ ਲਗਾਉਣ ਲਈ ਇਹ ਕਸੌਟੀ ਵੀ ਠੀਕ ਨਹੀਂ ਕਿਉਂਕਿ ਉਨ੍ਹਾਂ ਕਰਦਾਤਿਆਂ ਜਿਨ੍ਹਾਂ ਦੇ ਕੋਈ ਬੈਂਕ ਖਾਤੇ ਨਹੀਂ ਹੁੰਦੇ ਅਤੇ ਮਜ਼ਦੂਰ ਜਾਂ ਹੋਰ ਗਰੀਬ ਲੋਕਾਂ ਦੀ ਕਰਯੋਗ ਸਮਰੱਥਾ ਦੀ ਕੋਈ ਹੱਦ ਨਹੀਂ ਹੋਵੇਗੀ ਕਿਉਂਕਿ ਉਨ੍ਹਾਂ ਨੇ ਕਿਸੇ ਸਮੇਂ ਵੀ ਬੈਂਕ ਤੋਂ ਕੋਈ ਕਰਜ਼ਾ ਪ੍ਰਾਪਤ ਨਹੀਂ ਕਰਨਾ ਹੁੰਦਾ ।*

**ਕੌਲਿਨ ਕਲਾਰਕ ਦੇ ਵਿਚਾਰ** (Colin Clark) :

*ਕੌਲਿਨ ਕਲਾਰਕ ਨੇ ਦਿਸੰਬਰ 1950 ਵਿੱਚ ਹਾਰਪਰ ਮੈਗਜ਼ੀਨ ਵਿੱਚ ਛਪੇ ਆਪਣੇ ਆਰਟੀਕਲ 'ਕਰਾਂ ਵਿੱਚ ਖਤਰੇ ਦਾ ਨਿਸ਼ਾਨ'* (The Danger Point in Taxes) *ਵਿੱਚ ਇਸ ਸਮਰੱਥਾ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਸੀ। ਉਹ ਇਸ ਗੱਲ ਦਾ ਵੀ ਉੱਤਰ ਦਿੰਦਾ ਹੈ ਕਿ ਖਤਰੇ ਦਾ ਬਿੰਦੂ ਕੀ ਹੈ। ਉਸ ਦਾ ਵਿਚਾਰ ਸੀ ਕਿ ਜਦੋਂ ਹੋਰ ਕਰ ਲਗਾਉਣ ਨਾਲ ਕੀਮਤਾਂ ਵਿੱਚ ਵਾਧਾ ਹੋਣਾ ਸ਼ੁਰੂ ਹੋ ਜਾਵੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਕਰਾਂ ਦੀ ਹੱਦ ਆ ਗਈ। ਉਸਨੇ ਕਰਾਧਾਨ ਲਈ ਸੁਰੱਖਿਅਤ ਸੀਮਾ ਰਾਸ਼ਟਰੀ ਆਮਦਨ ਦਾ 25 ਪ੍ਰਤਿਸ਼ਤ ਹਿੱਸਾ ਨਿਰਧਾਰਤ ਕੀਤੀ ਹੈ।* ("The safe political and economic limit of taxation is somewhere near 25 percent of national income." - Clark) *ਉਸਦਾ ਵਿਚਾਰ ਹੈ ਕਿ ਜੇ ਇਸ ਸੀਮਾ ਦੀ ਲਗਾਤਾਰ ਦੋ-ਤਿੰਨ ਸਾਲ ਉਲੰਘਣਾ ਕੀਤੀ ਜਾਵੇ ਤਾਂ ਦੇਸ਼ ਵਿੱਚ ਕੀਮਤਾਂ ਵਧ ਜਾਣਗੀਆਂ ਅਤੇ ਉਤਪਾਦਨ ਰੁਕ ਜਾਵੇਗਾ। ਕਲਾਰਕ ਵੱਲੋਂ ਦਿੱਤੀ ਇਸ ਸੀਮਾ ਦੀ ਕਠੋਰਤਾ ਬਾਰੇ ਸਖਤ ਆਲੋਚਨਾ ਕੀਤੀ ਜਾਂਦੀ ਹੈ । ਇਹ ਵੀ ਕਿਹਾ ਜਾਂਦਾ ਹੈ ਕਿ ਕਰਾਂ ਨੂੰ ਸੁਤੰਤਰ ਤੌਰ ਤੇ ਨਹੀਂ ਲਿਆ ਜਾ ਸਕਦਾ ਇਹਨਾਂ ਦੀ ਵਰਤੋਂ ਕਾਰਣ ਪੈਣ ਵਾਲੇ ਪ੍ਰਭਾਵ ਅਤੇ ਇਸ ਤੋਂ ਇਲਾਵਾ ਇਹਨਾਂ ਤੋਂ ਇਕੱਤਰ ਆਮਦਨ ਨਾਲ ਕੀਤੇ ਜਾਣ ਵਾਲੇ ਸਰਕਾਰੀ ਖਰਚ ਦੇ ਪ੍ਰਭਾਵ ਦਾ ਵੀ ਧਿਆਨ ਰੱਖਣਾ ਲਾਜ਼ਮੀ ਹੈ।*

**ਅਮਤੋਜ ਮੋਰੈਗ ਦੇ ਵਿਚਾਰ (Amtoz Morag)** :

*ਅਮਤੋਜ ਮੋਰੈਗ ਦਾ ਵਿਚਾਰ ਹੈ ਕਿ ਕਰਾਂ ਦੀ ਸੀਮਾਂ ਉਸ ਵੇਲੇ ਆ ਜਾਂਦੀ ਹੈ ਜਦੋਂ ਵਧੀਕ ਕਰਾਧਾਨ ਦੀ ਸੀਮਾਂਤ ਸਮਾਜਿਕ ਲਾਗਤ ਬੈਂਕਾਂ ਤੋਂ ਲਏ ਜਾਣ ਵਾਲੇ ਉਧਾਰ ਦੀ ਲਾਗਤ ਨਾਲੋਂ ਵਧ ਜਾਵੇ। ਜਦੋਂ ਕਰਾਧਾਨ ਦੀ ਸੀਮਾਂਤ ਸਮਾਜਿਕ ਲਾਗਤ ਵੱਧ ਹੋ ਜਾ ਹੀਦੀ ਹੈ। ਆਓ ਇਸ ਨੂੰ ਚਿੱਤਰ ਦੀ ਸਹਾਇਤਾ ਨਾਲ*




ਚਿੱਤਰ ਨੰ 1

ਇਸ ਵਿੱਚ ਤਿੰਨ ਕਰਾਂ ਦੀ ਸੀਮਾਂਤ ਸਮਾਜਿਕ ਲਾਗਤ ਤੋਂ ਸਪਸ਼ਟ ਹੋ ਰਿਹਾ ਹੈ ਕਿ ਪਹਿਲੇ ਕਰ ਤੋਂ ਵੱਧੋ ਵੱਧ ਆਮਦਨ OA ਹੀ ਉਗਰਾਹੀ ਜਾਣੀ ਚਾਹੀਦੀ ਹੈ ਕਿਉਂਕਿ ਇੱਥੇ ਹੀ ਪਹਿਲੇ ਕਰ ਦੀ ਸੀਮਾਂਤ ਸਮਾਜਿਕ ਲਾਗਤ ਦੂਜੇ ਕਰ ਦੀ ਸੀਮਾਂਤ ਸਮਾਜਿਕ ਲਾਗਤ ਦੇ ਬਰਾਬਰ ਹੈ। ਇਸੇ ਤਰ੍ਹਾਂ, ਦੂਜੀ ਕਿਸਮ ਦੇ ਕਰ ਤੋਂ AB ਅਤੇ ਤੀਜੀ ਕਿਸਮ ਦੇ ਕਰ ਤੋਂ BC ਆਮਦਨ ਉਗਰਾਹੀ ਜਾਣੀ ਚਾਹੀਦੀ ਹੈ। ਕੁੱਲ ਕਰ ਆਮਦਨ OC ਤੋਂ ਵਧਣੀ ਨਹੀਂ ਚਾਹੀਦੀ। ਇਸ ਪੱਧਰ ਤੋਂ ਬਾਅਦ ਸਰਕਾਰ ਨੂੰ ਘਾਟੇ ਦੀ ਵਿੱਤ ਵਿਵਸਥਾ ਅਪਨਾ ਲੈਣੀ ਚਾਹੀਦੀ ਹੈ।

**ਮਸਗ੍ਰੇਵ ਦਾ ਵਿਚਾਰ (Musgrave's View) :**

ਮਸਗ੍ਰੇਵ ਨੇ ਇਸ ਸਬੰਧੀ ਭਿੰਨ ਢੰਗ ਨਾਲ ਵਿਆਖਿਆ ਕੀਤੀ ਹੈ। ਉਹ ਕਹਿੰਦੇ ਹਨ ਕਿ 'ਕਿਸੇ ਅਰਥਵਿਵਸਥਾ ਵਿੱਚ ਨਿੱਜੀ ਅਤੇ ਸਰਕਾਰੀ ਖੇਤਰ ਦੋਵੇਂ ਅੰਤਰ-ਸਬੰਧਿਤ ਭਾਗ ਹਨ। ਕਰਯੋਗ ਸਮਰੱਥਾ ਸਿਰਫ਼ ਸਰਕਾਰੀ ਖੇਤਰ ਦੇ ਆਕਾਰ ਦੀ ਉਪਰਲੀ ਸੀਮਾ ਨੂੰ ਵਿਚਾਰ ਗੋਚਰ ਕਰਦੀ ਹੈ, ਪ੍ਰੰਤੂ ਇਸ ਦੀ ਹੇਠਲੀ ਸੀਮਾ ਵੀ ਉਨੀ ਹੀ ਮਹੱਤਤਾ ਰੱਖਦੀ ਹੈ ਕਿਉਂਕਿ ਇਸ ਤੋਂ ਬਿਨਾ ਨਿੱਜੀ ਖੇਤਰ ਕੰਮ ਨਹੀਂ ਕਰ ਸਕਦਾ। ਮਸਗ੍ਰੇਵ ਦਾ ਵਿਚਾਰ ਹੈ ਕਿ ਕਰਯੋਗ ਸਮਰੱਥਾ ਦੀ ਥਾਂ ਤੇ ਸਾਨੂੰ ਇਸ਼ਟਤਮ ਬਜਟ ਦੀ ਗੱਲ ਕਰਨੀ ਚਾਹੀਦੀ ਹੈ ਕਿਉਂਕਿ ਇਸ ਵਿੱਚ ਕਰ ਅਤੇ ਸਰਕਾਰੀ ਖਰਚ ਦੋਵੇਂ ਪਹਿਲੂ ਸਾਹਮਣੇ ਆ ਜਾਂਦੇ ਹਨ।

ਭਾਰਤੀ ਕਰਾਧਾਨ ਖੋਜ ਕਮਿਸ਼ਨ ਅਨੁਸਾਰ, "ਵੱਖ ਵੱਖ ਵਰਗਾਂ ਦੀ ਕਰਯੋਗ ਸਮਰੱਥਾ ਤੋਂ ਭਾਵ ਕਰਾਂ ਦੀ ਉਹ ਹੱਦ ਹੈ ਜਿਸ ਤੋਂ ਉੱਪਰ ਉਤਪਾਦਨ ਸ਼ਕਤੀ ਅਤੇ ਕਾਰਜ-ਕੁਸ਼ਲਤਾ ਘਟਣ ਲੱਗ ਜਾਵੇ।" ( "Taxable capacity of different sections of the community may be said to refer the degree of taxation, beyond which productive efforts and efficiency as a whole begin to suffer" - Indian Taxation Enquiry Commssion)

ਉਪਰੋਕਤ ਸਾਰੀ ਵਿਆਖਿਆ ਤੋਂ ਇਹ ਸਪਸ਼ਟ ਹੋ ਜਾਂਦਾ ਹੈ। ਕਿ ਕਰਯੋਗ ਸਮਰੱਥਾ ਨੂੰ ਕਈ ਪੱਖਾ ਤੋਂ ਵਿਚਾਰਿਆ ਜਾ ਸਕਦਾ ਹੈ।

- ਇਹ ਕਰਾਂ ਦੀ ਉਹ ਰਾਸ਼ੀ ਹੈ ਜੋ ਲੋਕ ਬਿਨਾਂ ਕਿਸੇ ਤਕਲੀਫ਼ ਦੇ ਅਦਾ ਕਰ ਸਕਦੇ ਹਨ।
- ਇਹ ਕਰਾਂ ਦੀ ਉਹ ਸੀਮਾ ਹੈ ਜਿਸ ਉਪਰੰਤ ਕੀਮਤਾਂ ਵਿੱਚ ਵਾਧਾ ਸ਼ੁਰੂ ਹੋ ਜਾਂਦਾ ਹੈ।
- ਇਹ ਕਰਾਂ ਦੀ ਉਹ ਸੀਮਾ ਹੈ ਜਿਸ ਉਪਰੰਤ ਉਤਪਾਦਕੀ ਸਮਰੱਥਾ ਅਤੇ ਕਾਰਜਕੁਸ਼ਲਤਾ ਘਟਣ ਲੱਗਦੀ ਹੈ।

**ਸਵੈ-ਮੁਲਾਂਕਣ ਅਭਿਆਸ – 1**

ਪ੍ਰਸ਼ਨ: ਕਰਯੋਗ ਸਮਰੱਥਾ ਤੋਂ ਕੀ ਭਾਵ ਹੈ?

ਉੱਤਰ ..........................................................................................................

..........................................................................................................

..........................................................................................................

**ਕਰਯੋਗ ਸਮਰੱਥਾ ਦੀ ਮਹੱਤਤਾ :**

ਆਧੁਨਿਕ ਸਮੇਂ ਵਿੱਚ ਸਰਕਾਰ ਦੇ ਕੰਮ ਸੀਮਿਤ ਨਹੀਂ ਰਹੇ, ਇਹ ਦਿਨੋ ਦਿਨ ਵਧਦੇ ਜਾ ਰਹੇ ਹਨ। ਇਸ ਲਈ ਸਰਕਾਰ ਨੂੰ ਆਪਣੀ ਆਮਦਨ ਵਧਾਉਣ ਲਈ ਬਹੁਤ ਸਾਰੇ ਕਰ ਲਗਾਉਣੇ ਪੈਂਦੇ ਹਨ।

- ਜੇ ਸਰਕਾਰ ਨੂੰ ਦੇਸ਼ ਦੀ ਕਰਯੋਗ ਸਮਰੱਥਾ ਦਾ ਪਤਾ ਲੱਗ ਜਾਏ ਤਾਂ ਸਰਕਾਰ ਲੋਕਾਂ ਦੀ ਉਤਪਾਦਨ ਸ਼ਕਤੀ ਅਤੇ ਰਹਿਣ ਸਹਿਣ ਦੇ ਪੱਧਰ ਨੂੰ ਘਟਾਏ ਬਿਨਾਂ ਉਸ ਹੱਦ ਤੱਕ ਕਰ ਲਗਾ ਸਕਦੀ ਹੈ।
- ਸਰਕਾਰ ਨੂੰ ਕਰਾਂ ਵੱਜੋਂ ਵੱਧੋ ਵੱਧ ਇਕੱਠੀ ਕੀਤੀ ਜਾ ਸਕਣ ਵਾਲੀ ਵੱਧੋ ਵੱਧ ਆਮਦਨ ਦਾ ਪਹਿਲਾਂ ਹੀ ਪਤਾ ਲੱਗ ਜਾਵੇ ਤਾਂ ਸਰਕਾਰ ਉਸ ਅਨੁਸਾਰ ਆਪਣਾ ਬਜਟ ਬਣਾ ਸਕਦੀ ਹੈ।
- ਸਰਕਾਰ ਨੂੰ ਵੱਖ ਵੱਖ ਵਿਅਕਤੀਆਂ, ਵਰਗਾਂ, ਪ੍ਰਾਂਤਾਂ ਦੀ ਕਰਯੋਗ ਸਮਰੱਥਾ ਦਾ ਪਤਾ ਲੱਗ ਜਾਵੇ

ਤਾਂ ਸਰਕਾਰ ਉਸ ਅਨੁਸਾਰ ਉਹਨਾਂ ਤੇ ਕਰ ਦਾ ਭਾਰ ਘਟਾ ਵਧਾ ਸਕਦੀ ਹੈ।

**2.8.4 ਨਿਰਪੇਖਿਕ ਅਤੇ ਸਾਪੇਖਿਕ ਕਰਯੋਗ ਸਮਰੱਥਾ (Absolute and Relative Taxable Capacity) :**

ਪ੍ਰੋ. ਡਾਲਟਨ ਦੇ ਅਨੁਸਾਰ ਕਰਯੋਗ ਸਮਰੱਥਾ ਦੀ ਬੋਲਚਾਲ ਵਿੱਚ ਆਮ ਵਰਤੋਂ ਕੀਤੀ ਜਾਂਦੀ ਹੈ ਪ੍ਰੰਤੂ ਇਹ ਇੱਕ ਅਸਪਸ਼ਟ ਧਾਰਨਾ ਹੈ। ('Taxable capacity is a common phrase but a dim and confused conception') ਉਹ ਇਹ ਵੀ ਕਹਿੰਦੇ ਹਨ ਕਿ ਕਿਸੇ ਵੀ ਸਮੁਦਾਇ ਦੀ ਆਮਦਨ ਦੀ ਅਜਿਹੀ ਕਿਸੇ ਨਿਸ਼ਚਿਤ ਰਕਮ ਨੂੰ ਜਾਂ ਕਿਸੇ ਨਿਸ਼ਚਿਤ ਅਨੁਪਾਤ ਨੂੰ ਨਿਯਤ ਕਰਨਾ ਬਿਲਕੁਲ ਅਸੰਭਵ ਹੈ ਜਿਹੜੀ ਕਿਸੇ ਵਿਸ਼ੇਸ਼ ਸਮੇਂ ਤੇ ਕਿਸੇ ਸਮੁਦਾਇ ਦੀ ਕਰਯੋਗ ਸਮਰੱਥਾ ਆਖੀ ਜਾ ਸਕੇ। ਨਿਰਪੇਖਕ ਅਤੇ ਸਾਪੇਖਿਕ ਕਰਯੋਗ ਸਮਰੱਥਾ ਵਿੱਚ ਭੇਦ ਕੀਤਾ ਜਾਂਦਾ ਹੈ। ਨਿਰਪੇਖਿਕ ਕਰਯੋਗ ਸਮਰੱਥਾ ਦਾ ਭਾਵ ਹੈ ਕਿ ਸਮੁੱਚੇ ਦੇਸ਼, ਸਮਾਜ ਜਾਂ ਵਰਗ ਦੀ ਕੁੱਲ ਕਰਯੋਗ ਸਮਰੱਥਾ ਕਿੰਨੀ ਹੈ। ਅਜਿਹੀ ਹੱਦ ਨੂੰ ਨਿਰਧਾਰਤ ਕਰਨਾ ਬਹੁਤ ਮੁਸ਼ਕਿਲ ਹੀ ਨਹੀਂ ਅਸੰਭਵ ਹੈ, ਕਿਉਂਕਿ ਇਹ ਸਮੇਂ, ਸਥਾਨ ਅਤੇ ਹਾਲਤ ਅਨਸਾਰ ਬਦਲਦੀ ਰਹਿੰਦੀ ਹੈ। ਇੱਕ ਰਾਸ਼ਟਰ ਜਾਂ ਇੱਕ ਵਿਅਕਤੀ ਇੱਕ ਵਿਸ਼ੇਸ਼ ਸਮੇਂ ਤੇ ਜਿਵੇਂ ਅਮਨ ਚੈਨ ਦੇ ਸਮੇਂ ਆਪਣੀ ਆਮਦਨ ਦਾ 20 ਪ੍ਰਤਿਸ਼ਤ ਵੀ ਕਰਾਂ ਵਜੋਂ ਦੇਣ ਵਿੱਚ ਔਖ ਮਹਿਸੂਸ ਕਰਦਾ ਹੈ, ਜਦੋਂ ਕਿ ਉਹੀ ਰਾਸ਼ਟਰ ਜਾਂ ਵਿਅਕਤੀ ਸੰਕਟਕਾਲੀਨ ਸਥਿਤੀ ਵਿੱਚ ਜਿਵੇਂ ਜੰਗ ਦੇ ਸਮੇਂ ਆਮਦਨ ਦਾ 50 ਪ੍ਰਤਿਸ਼ਤ ਵੀ ਕਰਾਂ ਵਜੋ ਦੇਣ ਨੂੰ ਤਿਆਰ ਹੁੰਦਾ ਹੈ। ਇਸ ਤੋਂ ਸਪਸ਼ਟ ਹੈ ਕਿ ਨਿਰਪੇਖਿਕ ਕਰਯੋਗ ਸਮਰੱਥਾ ਨੂੰ ਨਿਰਧਾਰਿਤ ਕਰਨਾ ਮੁਸ਼ਕਿਲ ਹੈ।

ਜਿੱਥੇ ਕਰਯੋਗ ਸਮਰੱਥਾ ਦਾ ਮਾਪ ਕਰਨਾ ਮੁਸ਼ਕਿਲ ਹੈ ਉੱਥੇ ਕਰਯੋਗ ਸਮਰੱਥਾ ਦਾ ਮੁਕਾਬਲਾ ਕਰਨਾ ਆਸਾਨ ਹੈ। ਕਿਉਂਕਿ ਬਹੁਤ ਸਾਰੇ ਤੱਤ ਅਜਿਹੇ ਹਨ ਜੋ ਕਰਯੋਗ ਸਮਰੱਥਾ ਦੇ ਨਿਰਧਾਰਕ ਕਹੇ ਜਾ ਸਕਦੇ ਹਨ। (ਇਹਨਾਂ ਦਾ ਵਰਨਣ ਅੱਗੇ ਕਰਾਂਗੇ) ਇਹਨਾਂ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਦੋ ਵਿਅਕਤੀਆਂ ਵਿੱਚੋਂ ਜਾਂ ਕਈ ਵਰਗਾਂ ਵਿੱਚੋਂ ਜਾਂ ਦੇਸ਼ਾਂ ਵਿੱਚੋਂ ਕਿਹੜਾ ਵੱਧ ਕਰ ਦੇਣ ਦੇ ਯੋਗ ਹੈ। ਸੋ ਸਾਪੇਖਿਕ ਕਰਯੋਗ ਸਮਰੱਥਾ (relative taxable capacity) ਅਧੀਨ ਅਸੀਂ ਇੱਕ ਵਿਅਕਤੀ, ਇੱਕ ਵਰਗ ਜਾਂ ਇੱਕ ਰਾਸ਼ਟਰ ਦੀ ਕਰਯੋਗ ਸਮਰੱਥਾ ਦਾ ਕਿਸੇ ਦੂਜੇ ਵਿਅਕਤੀ, ਵਰਗ ਜਾਂ ਰਾਸ਼ਟਰ ਦੀ ਕਰਯੋਗ ਸਮਰੱਥਾ ਨਾਲ ਤੁਲਨਾ ਕਰਦੇ ਹਾਂ। ਵਿਅਕਤੀਆਂ ਦੀ ਸਾਪੇਖਿਕ ਕਰਯੋਗ ਸਮਰੱਥਾ ਉਹਨਾਂ ਦੀ ਅਦਾਇਗੀ ਸਮਰੱਥਾ ਦੇ ਆਧਾਰ ਤੇ ਨਿਰਧਾਰਤ ਕੀਤੀ ਜਾ ਸਕਦੀ ਹੈ।

**2.8.5 ਕਰਯੋਗ ਸਮਰੱਥਾ ਅਤੇ ਕਰ ਕੋਸ਼ਿਸ਼ ਵਿੱਚ ਅੰਤਰ (Difference between Taxable Capacity and Tax Effort) :**

ਵਿਅਕਤੀਆਂ ਦੀ ਕਰ ਅਦਾ ਕਰਨ ਦੀ ਸਮਰੱਥਾ ਜਾਂ ਸਰਕਾਰ ਦੀ ਕਰ ਉਗਰਾਹੁਣ ਦੀ ਸਮਰੱਥਾ ਕੁਝ ਹੋਰ ਹੁੰਦੀ ਹੈ ਜਦੋਂ ਕਿ ਅਸਲ ਵਿੱਚ ਵਿਅਕਤੀਆਂ ਵੱਲੋਂ ਕਰ ਘੱਟ ਅਦਾ ਕੀਤੇ ਜਾਂਦੇ ਹਨ ਅਤੇ ਇਸੇ ਤਰ੍ਹਾਂ ਸਰਕਾਰ ਵੱਲੋਂ ਘੱਟ ਜਾਂ ਵੱਧ ਕਰ ਲਗਾਏ ਜਾਂਦੇ ਹਨ। ਆਰ. ਐਲ. ਮੈਥੀਓਜ ਅਤੇ ਸਵੀਨੀ ਕਰਯੋਗ ਸਮਰੱਥਾ ਅਤੇ ਕਰ ਕੋਸ਼ਿਸ਼ ਵਿੱਚ ਭਿੰਨਤਾ ਕਰਕੇ ਦੱਸਦੇ ਹਨ ਕਿ "ਕਿਸੇ ਵਿੱਤੀ ਇਕਾਈ ਦੀ ਕਰਯੋਗ ਸਮਰੱਥਾ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ ਕਿ ਉਸ ਇਕਾਈ ਵੱਲੋਂ ਆਪਣੀ ਆਮਦਨ ਦੇ ਆਧਾਰ ਦੇ ਅਨੁਸਾਰ ਸਟੈਂਡਰਡ ਕਰ ਦਰ ਤਾਲਿਕਾ ਲਾਗੂ ਕਰਕੇ ਜੋ ਕਰ ਦੀ ਮਾਤਰਾ ਇਕੱਠੀ ਕੀਤੀ ਜਾ ਸਕਦੀ ਹੈ। ਦੂਜੇ ਪਾਸੇ ਕਰ ਕੋਸ਼ਿਸ਼ ਨੂੰ ਕਰਯੋਗ ਸਮਰੱਥਾ ਦੇ ਉਸ ਅਨੁਪਾਤ ਵਜੋਂ ਪ੍ਰੀਭਾਸ਼ਿਤ ਕੀਤਾ ਜਾ ਸਕਦਾ ਹੈ ਜੋ ਇਹ ਵਿੱਤੀ ਇਕਾਈ ਉਸ ਸ੍ਰੋਤ ਤੋਂ ਆਮਦਨ ਵਜੋਂ ਅਸਲ ਵਿੱਚ ਇਕੱਤਰ ਕਰਦੀ ਹੈ।" ("A Fiscal unit's taxable capacity in particular to a revenue source may be defined as the amount of tax the unit can raise by applying a standard rate schedule to its own revenue base. A fiscal unit's severity of taxation in relation to the revenue source or its tax effort may be defined as the ratio of the revenue it actually collects from that source to its taxable capacity" - R.L. Mathews and Sweeney.)

ਐਡਵਾਈਜ਼ਰੀ ਕਮੇਟੀ ਆਨ ਇੰਟਰ ਗਵਰਨਮੈਂਟ ਰਿਲੇਸ਼ਨਜ (A.C.I.R) ਦੇ ਅਨੁਸਾਰ, "ਕਰਯੋਗ ਸਮਰੱਥਾ ਜਾਂ ਵਿੱਤੀ ਸਮਰੱਥਾ ਸਾਧਨਾਂ ਦਾ ਮਾਤ੍ਰਾਤਮਕ ਮਾਪ ਹੈ ਜਿਹਨਾਂ ਉੱਤੇ ਸਰਕਾਰ ਕਰ ਲਗਾ ਕੇ ਆਮਦਨ ਇਕੱਤਰ ਕਰ ਸਕਦੀ ਹੈ।" ਇਸ ਪਰਿਭਾਸ਼ਾ ਦੇ ਅਨੁਸਾਰ ਉਪਲਬਧ ਕਰਯੋਗ ਸਾਧਨਾਂ ਨੂੰ ਕਰਯੋਗ ਸਮਰੱਥਾ ਕਿਹਾ ਜਾ ਸਕਦਾ ਹੈ। ਕਰ ਕੋਸ਼ਿਸ਼ ਨੂੰ ਪਰਿਭਾਸ਼ਿਤ ਕਰਦਿਆਂ A.C.I.R ਦਾ ਭਾਵ ਸੀ ਕਿ "ਕਰ ਕੋਸ਼ਿਸ਼ ਇੱਕ ਅਜਿਹਾ ਮਾਪ ਹੈ ਜੋ ਸਰਕਾਰ ਵੱਲੋਂ ਕਰਾਂ

ਰਾਹੀਂ ਅਸਲ ਵਿੱਚ ਇਕੱਤਰ ਕੀਤੀ ਗਈ ਆਮਦਨ ਦੀ ਮਾਤਰਾ ਨੂੰ ਮਾਪਣ ਲਈ ਵਰਤਿਆ ਜਾਂਦਾ ਹੈ।''

ਉਪਰੋਕਤ ਵਿਆਖਿਆ ਤੋਂ ਇਹ ਸਪਸ਼ਟ ਹੈ ਕਿ ਕਰ ਕੋਸ਼ਿਸ਼ ਦਾ ਭਾਵ ਹੈ ਕਿ ਕਿਸੇ ਦੇਸ਼ ਵੱਲੋਂ ਆਪਣੀ ਕਰਯੋਗ ਸਮਰੱਥਾ ਨੂੰ ਕਿਸ ਹੱਦ ਤੱਕ ਵਰਤਿਆ ਗਿਆ ਹੈ।

**ਸਵੈ-ਮੁਲਾਂਕਣ ਅਭਿਆਸ – 2**

ਪ੍ਰਸ਼ਨ: ਕਰਯੋਗ ਸਮਰੱਥਾ ਅਤੇ ਕਰ ਕੋਸ਼ਿਸ਼ ਵਿੱਚ ਭਿੰਨਤਾ ਕਰੋ।

ਉੱਤਰ ................................................................................................

................................................................................................

................................................................................................

### 2.8.6 ਕਰਯੋਗ ਸਮਰੱਥਾ ਅਤੇ ਕਰ ਕੋਸ਼ਿਸ਼ ਮਾਪਣ ਦੇ ਢੰਗ (Measures of Taxable Capacity and Tax Efforts) :

ਮੋਟੇ ਤੌਰ ਤੇ ਕਰਯੋਗ ਸਮਰੱਥਾ ਅਤੇ ਕਰ ਕੋਸ਼ਿਸ਼ ਨੂੰ ਮਾਪਣ ਲਈ ਦੋ ਢੰਗ ਹਨ :

1. ਆਮਦਨ ਢੰਗ
2. ਕਰ ਪ੍ਰਾਪਤੀ ਢੰਗ

ਆਓ ਹੁਣ ਇਹਨਾਂ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਾਂ।

***1. ਆਮਦਨ ਢੰਗ*** :

ਵਧੇਰੇਤਰ ਕਰ ਮੌਜੂਦਾ ਆਮਦਨ ਵਿੱਚੋਂ ਅਦਾ ਕੀਤੇ ਜਾਂਦੇ ਹਨ। ਇਸ ਲਈ ਆਮਦਨ ਨੂੰ ਸਮਰੱਥਾ ਦਾ ਵਧੀਆ ਸੂਚਕ ਮੰਨਿਆ ਜਾਂਦਾ ਹੈ। ਵਿੱਤੀ ਸਮਰੱਥਾ ਅਤੇ ਕਰ ਕੋਸ਼ਿਸ਼ ਦੇ ਆਮਦਨ ਢੰਗ ਦੀਆਂ ਕਈ ਕਿਸਮਾਂ ਵਿਕਸਿਤ ਹੋ ਚੁੱਕੀਆਂ ਹਨ, ਜੋ ਕਿ ਹੇਠ ਦਿੱਤੇ ਅਨੁਸਾਰ ਹਨ :

(i) ਕਰ-ਆਮਦਨ ਅਨੁਪਾਤ (Tax income ratio T/Y)

(ii) ਵਧੀਕ ਕਰ-ਆਮਦਨ ਅਨੁਪਾਤ (Incremental tax-income ratio $\Delta t/ \Delta y$)

(iii) ਕਰ ਪ੍ਰਾਪਤੀਆਂ ਦੀ ਆਮਦਨ ਲਚਕ (Income elasticity of tax revenue $\Delta t/ \Delta y \cdot y/t$)

(iv) ਸੋਧਿਆ ਹੋਇਆ ਕਰ-ਆਮਦਨ ਅਨੁਪਾਤ (Modified T'/Y ratio)

ਚੌਥੇ ਢੰਗ ਅਨੁਸਾਰ ਕਰ ਕੋਸ਼ਿਸ਼ ਅਤੇ ਸਮਰੱਥਾ ਵਿਚਕਾਰ ਅਨੁਪਾਤ ਪਤਾ ਕੀਤਾ ਜਾਂਦਾ ਹੈ।

***2. ਕਰ-ਪ੍ਰਾਪਤੀ ਢੰਗ*** :

ਇੱਥੇ ਵਿੱਤੀ ਸਮਰੱਥਾ/ਕਰਯੋਗ ਸਮਰੱਥਾ ਦਾ ਭਾਵ ਸੈਂਪਲ ਵਿਚਲੇ ਸਾਰੇ ਕਰ ਆਧਾਰ ਦੀ ਵਰਤੋਂ ਕਰਨ ਨਾਲ ਕਰਾਧਾਨ ਦਾ ਜਿਹੜਾ ਪੱਧਰ ਪ੍ਰਾਪਤ ਹੋਵੇਗਾ ਉਸ ਤੋਂ ਲਿਆ ਗਿਆ ਹੈ। ਜਿਸ ਤਰ੍ਹਾਂ ਕਿ ਅਸੀਂ ਜਾਣਦੇ ਹਾਂ ਕਿ 'ਆਮਦਨ' ਤੋਂ ਇਲਾਵਾ ਹੋਰ ਬਹੁਤ ਸਾਰੇ ਤੱਤ 'ਕਰ ਪ੍ਰਾਪਤੀ' ਨੂੰ ਪ੍ਰਭਾਵਿਤ ਕਰਦੇ ਹਨ। ਇਸ ਵਿੱਚ ਅਜਿਹੇ ਸਾਰੇ ਤੱਤਾਂ ਦੇ ਪ੍ਰਭਾਵ ਨੂੰ ਸ਼ਾਮਿਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

**ਸਵੈ-ਮੁਲਾਂਕਣ ਅਭਿਆਸ – 3**

ਪ੍ਰਸ਼ਨ: ਕਰਯੋਗ ਸਮਰੱਥਾ ਨੂੰ ਮਾਪਣ ਦਾ ਕੋਈ ਇੱਕ ਢੰਗ ਲਿਖੋ।

ਉੱਤਰ ................................................................................................

................................................................................................

................................................................................................

### 2.8.7 ਕਰਯੋਗ ਸਮਰੱਥਾ ਦੇ ਨਿਰਧਾਰਕ (Determinants of Taxable Capacity) :

ਹਰੇਕ ਦੇਸ਼ ਵਿੱਚ ਕਰ-ਕੁੱਲ ਘਰੇਲੂ ਉਤਪਾਦਨ ਅਨੁਪਾਤ ਵੱਖੋ-ਵੱਖਰੀ ਹੁੰਦੀ ਹੈ ਕਿਉਂਕਿ ਕਰ ਆਧਾਰ ਅਤੇ ਕਰ ਪ੍ਰਾਪਤੀਆਂ ਨੂੰ ਬਹੁਤ ਸਾਰੇ ਤੱਤ ਪ੍ਰਭਾਵਿਤ ਕਰਦੇ ਹਨ। ਇਹ ਤੱਤ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਿਕ ਵੀ ਹੋ ਸਕਦੇ ਹਨ। ਇਹਨਾਂ ਤੱਤਾਂ ਨੂੰ ਮਾਤ੍ਰਾਤਮਕ ਜਾਂ ਸੰਖਿਆਤਮਕ ਤੱਤ ਅਤੇ ਗੁਣਾਤਮਕ ਜਾਂ

ਸੰਸਥਾਤਮਕ ਤੱਤਾਂ ਵਿੱਚ ਵੰਡਿਆ ਜਾ ਸਕਦਾ ਹੈ।

**I.** ***ਸੰਖਿਆਤਮਕ ਤੱਤ* (Quantitative Factors)** :

ਕਰ ਅਨੁਪਾਤ ਉੱਤੇ ਜਿਹੜੇ ਸੰਖਿਆਤਮਕ ਤੱਤ ਪ੍ਰਭਾਵ ਪਾਉਂਦੇ ਹਨ ਉਹਨਾਂ ਦਾ ਵਰਨਣ ਕਰਦੇ ਹਾਂ :

*1.* ***ਵਿਕਾਸ ਦਾ ਪੜਾਅ*** (Stage of Development): ਕਿਸੇ ਵੀ ਦੇਸ਼ ਦਾ ਆਰਥਿਕ ਪੜਾਅ ਕਰ ਅਨੁਪਾਤ ਨਿਰਧਾਰਤ ਕਰਨ ਦਾ ਸਭ ਤੋਂ ਮਹੱਤਵਪੂਰਣ ਨਿਰਧਾਰਕ ਹੈ। ਦੇਸ਼ ਦੇ ਆਰਥਿਕ ਵਿਕਾਸ ਦਾ ਪੜਾਅ ਜਨਤਾ ਦੇ ਜੀਵਨ ਦੀ ਗੁਣਵਤਾ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਇਹ ਅੱਗੋਂ ਬਹੁਤ ਸਾਰੇ ਚਰਾਂ ਉੱਤੇ ਨਿਰਭਰ ਕਰਦਾ ਹੈ ਇਸ ਲਈ ਇਸ ਨੂੰ ਕਿਸੇ ਇੱਕ ਚਰ ਰਾਹੀਂ ਮਾਪਿਆ ਨਹੀਂ ਜਾ ਸਕਦਾ। ਫਿਰ ਵੀ ਇਹਨਾਂ ਸਾਰਿਆਂ ਵਿੱਚੋਂ ਪ੍ਰਤਿ ਵਿਅਕਤੀ ਆਮਦਨ ਨੂੰ ਆਰਥਿਕ ਵਿਕਾਸ ਦੇ ਪੜਾਅ ਦਾ ਮਹੱਤਵਪੂਰਣ ਨਿਰਧਾਰਕ ਮੰਨਿਆ ਜਾਂਦਾ ਹੈ।

ਇਹ ਪਰਿਕਲਪਨਾ ਕੀਤੀ ਜਾਂਦੀ ਹੈ ਕਿ ਪ੍ਰਤਿ ਵਿਅਕਤੀ ਆਮਦਨ ਅਤੇ ਕਰ-ਅਨੁਪਾਤ ਇੱਕੋ ਦਿਸ਼ਾ ਵਿੱਚ ਚਲਦੇ ਹਨ ਭਾਵ ਇਹਨਾਂ ਦੋਵਾਂ ਵਿੱਚ ਧਨਾਤਮਕ ਸਬੰਧ ਪਾਇਆ ਜਾਂਦਾ ਹੈ। ਇਸ ਦਾ ਅਰਥ ਇਹ ਲਿਆ ਜਾਂਦਾ ਹੈ ਕਿ ਜਿਸ ਦੇਸ਼ ਵਿੱਚ ਪ੍ਰਤਿ ਵਿਅਕਤੀ ਆਮਦਨ ਜ਼ਿਆਦਾ ਹੋਵੇਗੀ ਉੱਥੇ ਕਰਯੋਗ ਸਮਰੱਥਾ ਵੀ ਵੱਧ ਹੋਵੇਗੀ। ਕਿਉਂਕਿ ਵਧੇ ਰੇ ਪ੍ਰਤਿ ਵਿਅਕਤੀ ਆਮਦਨ ਵਾਲੇ ਦੇਸ਼ ਦੇ ਲੋਕਾਂ ਨੂੰ ਆਪਣੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਨ ਲਈ ਆਪਣੀ ਆਮਦਨ ਦਾ ਬਹੁਤ ਘੱਟ ਹਿੱਸਾ ਖਰਚ ਕਰਨਾ ਪੈਂਦਾ ਹੈ ਅਤੇ ਇਸ ਤਰ੍ਹਾਂ ਉਹਨਾਂ ਕੋਲ ਕਾਫ਼ੀ ਮਾਤਰਾ ਵਿੱਚ ਵਾਫਰ ਰਹਿ ਜਾਂਦਾ ਹੈ ਜਿਸ ਉੱਤੇ ਆਸਾਨੀ ਨਾਲ ਕਰ ਲਗਾਏ ਜਾ ਸਕਦੇ ਹਨ। ਇਸ ਤੋਂ ਇਲਾਵਾ, ਵਿਕਾਸ ਪ੍ਰਕ੍ਰਿਆ ਕਾਰਣ ਆਮ ਤੌਰ ਤੇ ਸ਼ਹਿਰੀਕਰਣ, ਸਾਖਰਤਾ ਦਰ, ਮੌਦ੍ਰੀਕਰਨ, ਜਨਤਕ ਚੇਤਨਤਾ ਵਧਣ ਕਾਰਣ ਕਰਾਧਾਨ (ਵਿਸ਼ੇ ਸ਼ ਤੌਰ ਤੇ ਪ੍ਰਤੱਖ ਕਰਾਂ) ਦਾ ਘੇਰਾ ਵਧਦਾ ਹੈ। ਪ੍ਰੰਤੂ, ਅੰਤਰ-ਰਾਸ਼ਟਰੀ ਤੁਲਨਾ ਦੇ ਸੰਦਰਭ ਵਿੱਚ, ਪ੍ਰਤਿ ਵਿਅਕਤੀ ਆਮਦਨ ਨੂੰ ਕਰ-ਅਨੁਪਾਤ ਦੇ ਨਿਰਧਾਰਕ ਦੇ ਤੌਰ ਤੇ ਵਰਤੋਂ ਕਰਨ ਵਿੱਚ ਸਭ ਤੋਂ ਵੱਡੀ ਸਮੱਸਿਆ ਉਹਨਾਂ ਦੇਸ਼ਾਂ ਦੀ ਕਰੰਸੀ ਨੂੰ ਯੂ.ਐਸ. ਡਾਲਰ ਵਿੱਚ ਬਦਲਣ ਸਬੰਧੀ ਆਉਂਦੀ ਹੈ।

**2.** ***ਕੁੱਲ ਘਰੇਲੂ ਉਤਪਾਦ ਦੀ ਬਣਤਰ* (Structure of total domestic product)** : ਕਰਾਧਾਨ ਪੱਧਰ ਦਾ ਇੱਕ ਹੋਰ ਨਿਰਧਾਰਕ ਕੁੱਲ ਘਰੇਲੂ ਉਤਪਾਦ ਦੀ ਬਣਤਰ ਹੈ ਭਾਵ ਕੁੱਲ ਘਰੇਲੂ ਉਤਪਾਦ ਵਿੱਚ ਭਿੰਨ ਭਿੰਨ ਖੇ ਤਰਾਂ ਜਿਵੇ ਖੇਤੀਬਾੜੀ, ਉਦਯੋਗ ਅਤੇ ਸੇਵਾਵਾਂ ਖੇਤਰ ਦਾ ਕਿੰਨਾ ਕਿੰਨਾ ਯੋਗਦਾਨ ਹੈ। ਕੁੱਲ ਘਰੇਲੂ ਉਤਪਾਦ ਵਿੱਚ ਖੇਤੀਬਾੜੀ ਖੇਤਰ ਦਾ ਵੱਡਾ ਹਿੱਸਾ ਹੋਵੇ ਤਾਂ ਇਸ ਨੂੰ ਨੀਵੀਂ ਪ੍ਰਤਿ ਵਿਅਕਤੀ ਆਮਦਨ ਦਾ ਸੂਚਕ ਮੰਨਿਆ ਜਾਂਦਾ ਹੈ ਅਤੇ ਇਸ ਦਾ ਭਾਵ ਹੈ ਕਿ ਦੇਸ਼ ਆਰਥਿਕ ਵਿਕਾਸ ਦੇ ਨੀਵੇਂ ਪੜਾਅ ਉੱਤੇ ਹੈ। ਦੋ ਦੇਸ਼ਾਂ ਦੀ ਪ੍ਰਤਿ ਵਿਅਕਤੀ ਆਮਦਨ ਇੱਕੋ ਜਿੰਨੀ ਹੋ ਸਕਦੀ ਹੈ, ਪ੍ਰੰਤੂ ਉਹਨਾਂ ਦੀ ਰਾਸ਼ਟਰੀ ਪੈਦਾਵਾਰ ਦੀ ਬਣਤਰ ਵਿੱਚ ਭਿੰਨਤਾਵਾਂ ਉਹਨਾਂ ਦੀ ਕਰਯੋਗ ਸਮਰੱਥਾ ਅਤੇ ਕਰ-ਅਨੁਪਾਤ ਨੂੰ ਪ੍ਰਭਾਵਿਤ ਕਰਦੇ ਹਨ। ਖੇਤੀਬਾੜੀ ਖੇਤਰ ਦਾ ਵਧੇਰੇ ਯੋਗਦਾਨ ਹੋਣ ਤੋਂ ਭਾਵ ਹੈ ਉਦਯੋਗੀਕਰਣ ਦੀ ਕਮੀ, ਵੱਡੇ ਨਿਰਬਾਹ ਖੇਤਰ ਦੀ ਹੋਂਦ ਅਤੇ ਕਰ ਕਾਨੂੰਨ ਲਾਗੂ ਕਰਨ ਵਿੱਚ ਪ੍ਰਬੰਧਕੀ ਮੁਸ਼ਕਿਲਾਂ। ਇਸ ਤੋਂ ਇਲਾਵਾ ਖੇਤੀਬਾੜੀ ਖੇਤਰ ਉੱਤੇ ਕਰ ਲਗਾਉਣ ਸਬੰਧੀ ਕਈ ਰਾਜਨੀਤਿਕ ਰੋਕਾਂ ਹੁੰਦੀ ਆਂ ਹਨ। ਇਹ ਸਾਰੇ ਤੱਤ ਖੇਤੀਬਾੜੀ ਖੇਤਰ ਦਾ ਦੇਸ਼ ਦੀ ਕਰ ਅਨੁਪਾਤ ਉੱਤੇ ਰਿਣਾਤਮਕ ਪ੍ਰਭਾਵ ਜ਼ਾਹਰ ਕਰਦੇ ਹਨ।

ਇਸ ਤੋਂ ਉਲਟ ਜਿਹਨਾਂ ਦੇਸ਼ਾਂ ਵਿੱਚ ਉਦਯੋਗਿਕ ਉਤਪਾਦਨ ਦਾ ਰਾਸ਼ਟਰੀ ਆਮਦਨ ਵਿੱਚ ਵਧੇਰੇ ਯੋਗਦਾਨ ਹੈ ਉੱਥੇ ਕਰ ਸਮਰੱਥਾ ਵੱਧ ਹੁੰਦੀ ਹੈ। ਉਦਯੋਗੀਕਰਨ ਨਾਲ ਸ਼ਹਿਰੀਕਰਨ ਅਤੇ ਬੈਂਕਿੰਗ ਪ੍ਰਣਾਲੀ ਦਾ ਵਿਕਾਸ ਹੁੰਦਾ ਹੈ। ਜਿਸ ਨਾਲ ਕਰ ਇਕੱਤਰ ਕਰਨੇ ਸੌਖੇ ਹੋ ਸਕਦੇ ਹਨ। ਇਸ ਤੋਂ ਇਲਾਵਾ ਕੁਝ ਕਰ ਜਿਵੇਂ ਕਾਰਪੋਰੇਸ਼ਨ ਕਰ ਸਿੱਧਾ ਉਦਯੋਗਿਕ ਕ੍ਰਿਆਵਾਂ ਨਾਲ ਹੀ ਸਬੰਧਿਤ ਹਨ।

ਆਧੁਨਿਕ ਸਮੇਂ ਵਿੱਚ ਤੀਜਾ ਖੇਤਰ ਭਾਵ ਸੇਵਾਵਾਂ ਖੇਤਰ ਤੇਜੀ ਨਾਲ ਵਿਕਸਿਤ ਹੋ ਰਿਹਾ ਹੈ। ਇਸ ਦਾ ਰਾਸ਼ਟਰੀ ਆਮਦਨ ਵਿੱਚ ਤਾਂ ਹਿੱਸਾ ਵਧ ਰਿਹਾ ਹੈ ਪ੍ਰੰਤੂ ਇਸ ਖੇਤਰ ਤੋਂ ਵਧੇਰੇ ਕਰ ਉਗਰਾਹੁਣ ਦੇ ਢੰਗ ਅਜੇ ਲੱਭੇ ਜਾ ਰਹੇ ਹਨ। ਉਦਾਹਰਣ ਵਜੋਂ, ਭਾਰਤ ਵਿੱਚ ਇਸ ਖੇਤਰ ਦਾ ਰਾਸ਼ਟਰੀ ਆਮਦਨ ਵਿੱਚ ਤਾਂ ਵੱਡਾ ਯੋਗਦਾਨ ਹੈ, ਪ੍ਰੰਤੂ ਕਰ ਆਮਦਨ ਵਿੱਚ ਇਸ ਦਾ ਬਹੁਤ ਘੱਟ ਯੋਗਦਾਨ ਹੈ।

*3.* ***ਰਾਸ਼ਟਰੀ ਆਮਦਨ ਦੀ ਵੰਡ* (Distribution of National Income)** : ਭਾਵੇਂ ਦੋ ਦੇਸ਼ਾਂ ਦੀ ਪ੍ਰਤਿ ਵਿਅਕਤੀ ਆਮਦਨ ਸਮਾਨ ਹੋਵੇ ਪ੍ਰੰਤੂ ਜੇ ਉਹਨਾਂ ਦੀ ਰਾਸ਼ਟਰੀ ਆਮਦਨ ਦੀ ਵੰਡ ਵਿੱਚ ਭਿੰਨਤਾ ਹੈ ਤਾਂ ਉਹਨਾਂ

ਦੀ ਕਰਯੋਗ ਸਮਰੱਥਾ ਵੱਖੋ ਵੱਖਰੀ ਹੋਵੇਗੀ। ਸੋ ਅਸੀਂ ਕਹਿ ਸਕਦੇ ਹਾਂ ਕਿ ਆਮਦਨ ਦੀ ਵੰਡ ਕਰ ਅਨੁਪਾਤ ਦਾ ਮਹੱਤਵਪੂਰਣ ਨਿਰਧਾਰਕ ਹੈ। ਕੁਝ ਅਰਥਵਿਗਿਆਨੀਆਂ ਵੱਲੋਂ ਮੰਨਿਆ ਜਾਂਦਾ ਹੈ ਕਿ ਜੇਕਰ ਰਾਸ਼ਟਰੀ ਆਮਦਨ ਦੀ ਵੰਡ ਅਸਮਾਨ ਹੈ ਤਾਂ ਰਾਸ਼ਟਰ ਦੀ ਕਰਯੋਗ ਸਮਰੱਥਾ ਵੱਧ ਹੋਵੇਗੀ, ਕਿਉਂਕਿ ਕਰਯੋਗ ਸਮਰੱਥਾ ਮੁੱਖ ਤੌਰ ਤੇ ਬੱਚਤ ਉੱਤੇ ਨਿਰਭਰ ਕਰਦੀ ਹੈ ਅਤੇ ਅਮੀਰ ਵਰਗ ਦੀ ਬੱਚਤ ਵੱਧ ਹੁੰਦੀ ਹੈ। ਇਸ ਦਾ ਭਾਵ ਇਹ ਨਹੀਂ ਕਿ ਰਾਸ਼ਟਰੀ ਆਮਦਨ ਦੀ ਵੰਡ ਅਸਮਾਨ ਹੋਣੀ ਚਾਹੀਦੀ ਹੈ। ਇਸ ਨਾਲ ਤਾਂ ਸਗੋਂ ਵਪਾਰਕ ਚੱਕਰ ਆ ਸਕਦੇ ਹਨ, ਉਪਭੋਗ ਦੀ ਮਾਤਰਾ ਘਟ ਸਕਦੀ ਹੈ ਅਤੇ ਇਹ ਦੇਸ਼ ਵਿੱਚ ਰਾਜਨੀਤਿਕ ਅਸਥਿਰਤਾ ਦਾ ਕਾਰਣ ਬਣ ਸਕਦੀ ਹੈ। ਇਸ ਤੋਂ ਇਲਾਵਾ, ਅਮੀਰ ਲੋਕ ਰਾਜਨੀਤਿਕ ਦਬਾਅ ਪੁਆ ਕੇ ਕਰਾਂ ਦੇ ਘੇਰੇ ਵਿੱਚੋਂ ਬਚਣ ਦੀ ਵੀ ਕੋਸ਼ਿਸ਼ ਕਰਦੇ ਹਨ।

ਕੁਝ ਅਰਥਵਿਗਿਆਨੀਆਂ ਦਾ ਵਿਚਾਰ ਹੈ ਕਿ ਜੇ ਰਾਸ਼ਟਰੀ ਆਮਦਨ ਦੀ ਵੰਡ ਸਮਾਨ ਹੋਵੇ ਤਾ ਦੇਸ਼ ਦੀ ਵਧੇਰੇ ਜਨਸੰਖਿਆ ਕਰਾਂ ਦੇ ਘੇਰੇ ਵਿੱਚ ਆ ਜਾਵੇਗੀ ਅਤੇ ਇਸ ਤਰ੍ਹਾਂ ਵਧੇਰੇ ਕਰ ਆਮਦਨ ਪ੍ਰਾਪਤ ਕੀਤੀ ਜਾ ਸਕਦੀ ਹੈ।

4. ***ਪ੍ਰਤਿ ਵਿਅਕਤੀ ਉਪਭੋਗ ਖਰਚ* (Per Capita Consumption Expenditure)**: ਕਰਯੋਗ ਸਮਰੱਥਾ ਪ੍ਰਤਿ ਵਿਅਕਤੀ ਉਪਭੋਗ ਖਰਚੇ ਉੱਤੇ ਵੀ ਨਿਰਭਰ ਕਰਦੀ ਹੈ। ਇਹ ਮੰਨਿਆ ਜਾਂਦਾ ਹੈ ਕਿ ਜਿੰਨਾ ਪ੍ਰਤਿ ਵਿਅਕਤੀ ਉਪਭੋਗ ਖਰਚਾ ਵਧੇਰੇ ਹੋਵੇਗਾ ਉਨੀਂ ਹੀ ਕਰਯੋਗ ਸਮਰੱਥਾ ਵੱਧ ਹੋਵੇਗੀ। ਇਸ ਸਥਿਤੀ ਵਿੱਚ ਕੇਂਦਰੀ ਆਬਕਾਰੀ ਕਰ ਅਤੇ ਰਾਜਾਂ ਨੂੰ ਵਿਕਰੀ ਕਰ ਜਾਂ ਮੁੱਲ ਵਾਧਾ ਕਰ ਤੋਂ ਵਧੇਰੇ ਕਰ ਆਮਦਨ ਪ੍ਰਾਪਤ ਹੁੰਦੀ ਹੈ। ਪ੍ਰਤਿ ਵਿਅਕਤੀ ਉਪਭੋਗ ਖਰਚਾ ਲੋਕਾਂ ਦੇ ਰਹਿਣ ਸਹਿਣ ਦੇ ਪੱਧਰ ਤੇ ਨਿਰਭਰ ਕਰਦਾ ਹੈ। ਆਧੁਨਿਕ ਅਰਥਵਿਗਿਆਨੀਆਂ ਦਾ ਮਤ ਹੈ ਕਿ ਭਾਵੇਂ ਪ੍ਰਤਿ ਵਿਅਕਤੀ ਉਪਭੋਗ ਖਰਚ ਵੱਧ ਹੋਣ ਨਾਲ ਕਰਯੋਗ ਸਮਰੱਥਾ ਵੱਧ ਹੁੰਦੀ ਹੈ ਪ੍ਰੰਤੂ ਇਹ ਧਿਆਨ ਰੱਖਣਾ ਲਾਜ਼ਮੀ ਹੈ ਕਿ ਕਰ ਉਪਭੋਗ ਖਰਚ ਉੱਤੇ ਹੀ ਲੱਗਣ ਇਸ ਦੇ ਫਲਸਰੂਪ ਬੱਚਤ ਉੱਤੇ ਬੁਰਾ ਪ੍ਰਭਾਵ ਨਾ ਪਵੇ।

**5. *ਸਰਕਾਰੀ ਖਰਚੇ ਦੀ ਬਣਤਰ* (Composition of Government Expenditure)** : ਜੇ ਸਰਕਾਰੀ ਖਰਚਾ ਮੁੱਖ ਤੌਰ ਤੇ ਉਤਪਾਦਕ ਕੰਮਾਂ ਜਾਂ ਭਲਾਈ ਵਾਲੇ ਕਾਰਜਾਂ ਜਿਵੇਂ ਵਿਦਿਅਕ ਅਤੇ ਸਿਹਤ ਸੇਵਾਵਾਂ ਉੱਤੇ ਵਧੇਰੇ ਕੀਤਾ ਜਾਂਦਾ ਹੈ ਤਾਂ ਇਸ ਨਾਲ ਰਹਿਣ-ਸਹਿਣ ਦਾ ਆਮ ਪੱਧਰ ਪ੍ਰਭਾਵਿਤ ਹੋਵੇਗਾ ਅਤੇ ਇਸ ਤਰ੍ਹਾਂ ਦੇਸ਼ ਦੇ ਨਾਗਰਿਕਾਂ ਦੀ ਕਰ ਅਦਾ ਕਰਨ ਦੀ ਸਮਰੱਥਾ ਵੀ ਵਧੇਗੀ। ਭਾਵ ਜੇ ਸਰਕਾਰੀ ਖਰਚ ਲੋਕ ਭਲਾਈ ਵਾਲੇ ਕੰਮਾਂ ਉੱਤੇ ਵਧੇਰੇ ਹੋਵੇ ਤਾਂ ਲੋਕ ਇਹ ਮਹਿਸੂਸ ਕਰਦੇ ਹਨ ਕਿ ਸਰਕਾਰੀ ਖਰਚਾ ਉਹਨਾਂ ਦੇ ਹਿੱਤ ਵਿੱਚ ਹੈ ਤਾਂ ਉਹ ਵਧੇਰੇ ਕਰ ਦੇਣ ਤੋਂ ਸੰਕੋਚ ਨਹੀਂ ਕਰਨਗੇ। ਇਸ ਦੇ ਉਲਟ ਕਰਯੋਗ ਸਮਰੱਥਾ ਘੱਟ ਹੋਵੇਗੀ।

**6. *ਵਿਦੇਸ਼ੀ ਵਪਾਰ ਜਾਂ ਖੁੱਲ੍ਹ ਦੀ ਮਾਤਰਾ* (Foreign Trade or Degree of Openess)** :

ਕਿਸੇ ਦੇਸ਼ ਦੀ ਕਰਯੋਗ ਸਮਰੱਥਾ ਦਾ ਇੱਕ ਹੋਰ ਨਿਰਧਾਰਕ ਵਿਦੇਸ਼ੀ ਵਪਾਰ ਦਾ ਆਕਾਰ ਹੈ। ਇਹ ਮੰਨਿਆ ਜਾਂਦਾ ਹੈ ਕਿ ਵਿਦੇਸ਼ੀ ਵਪਾਰ ਵਧਣ ਨਾਲ ਕਰਯੋਗ ਸਮਰੱਥਾ ਵੀ ਵਧਦੀ ਹੈ। ਕਿਉਂਕਿ ਕੇਵਲ ਅੰਦਰੂਨੀ ਵਪਾਰ ਦੀ ਬਜਾਇ ਵਪਾਰਕ inflows ਅਤੇ outflows ਜਾਂ ਇਹ ਕਹਿ ਸਕਦੇ ਹਾਂ ਆਯਾਤ ਅਤੇ ਨਿਰਯਾਤ ਉੱਤੇ ਕਰ ਲਗਾਉਣਾ ਪ੍ਰਬੰਧਕੀ ਪੱਖ ਤੋਂ ਵਧੇਰੇ ਸੁਖਾਲਾ ਹੈ। ਇਸ ਤੋਂ ਇਲਾਵਾ, ਵਿਦੇਸ਼ੀ ਵਪਾਰ ਦਾ ਵੱਡਾ ਆਕਾਰ ਮੁਦਰੀਕਰਣ ਦੀ ਵਧੇਰੇ ਡਿਗਰੀ ਅਤੇ ਸੰਗਠਿਤ ਉਦਯੋਗਿਕ ਖੇਤਰ ਦਾ ਸੂਚਕ ਹੈ।

ਵਿਦੇਸ਼ੀ ਵਪਾਰ ਦੇ ਆਕਾਰ ਨੂੰ ਕੁੱਲ ਰਾਸ਼ਟਰੀ ਉਤਪਾਦਨ ਵਿੱਚ ਆਯਾਤ ਜਾਂ ਨਿਰਯਾਤ ਦੇ ਹਿੱਸੇ ਦੇ ਆਧਾਰ ਤੇ ਮਾਪਣ ਦੇ ਤਿੰਨ ਢੰਗ ਹਨ। ਇਹ ਹਨ :

(ੳ) ***ਆਯਾਤ ਅਨੁਪਾਤ*** (My) (Import Ratio)

(ਅ) ***ਨਿਰਯਾਤ ਅਨੁਪਾਤ*** (Xy) (Export Ratio) ਅਤੇ

(ੲ) ***ਖੁੱਲ੍ਹੇਪਨ ਦਾ ਅਨੁਪਾਤ*** (Openness Ratio)

ਇਸ ਦਾ ਭਾਵ ਹੈ ਕੁੱਲ ਰਾਸ਼ਟਰੀ ਪੈਦਾਵਾਰ ਵਿੱਚ ਆਯਾਤ ਅਤੇ ਨਿਰਯਾਤ ਦਾ ਅਨੁਪਾਤ। ਇਹਨਾਂ ਵਿੱਚੋਂ ਖੁਲ੍ਹੇਪਨ ਦੇ ਅਨੁਪਾਤ ਨੂੰ ਵਧੀਆ ਮੰਨਿਆ ਜਾਂਦਾ ਹੈ ਕਿਉਂਕਿ ਇਸ ਤੋਂ ਇਸ ਕਰਾਧਾਨ ਲਈ ਉਪਲਬਧ ਕੁੱਲ ਵਪਾਰਕ ਆਧਾਰ ਬਾਰੇ ਪਤਾ ਚੱਲਦਾ ਹੈ।

**II. *ਗੁਣਾਤਮਕ ਤੱਤ* (Qualitative Factors)** :

ਗੁਣਾਤਮਕ ਤੱਤਾਂ ਵਿੱਚੋਂ ਕਰ ਪ੍ਰਬੰਧ ਦੀ ਕਾਰਜਕੁਸ਼ਲਤਾ, ਨਾਗਰਿਕਾਂ ਦਾ ਸਰਕਾਰ ਅਤੇ ਇਸ ਦੇ ਕਾਨੂੰਨਾਂ ਪ੍ਰਤਿ

ਰਵੱਈਆ, ਸ਼ਾਸਨ ਕਰ ਰਹੀ ਪਾਰਟੀ ਦੀ ਵਿਚਾਰਧਾਰਾ (ਜਿਵੇਂ ਖੱਬੇ ਪੱਖੀ ਪਾਰਟੀਆਂ ਦੀ ਸਰਕਾਰ ਵੱਡੇ ਸਰਕਾਰੀ ਖੇਤਰ ਨੂੰ ਤਰਜ਼ੀਹ ਦੇਵੇਗੀ) ਆਦਿ ਮਹੱਤਵਪੂਰਣ ਸਮਝੇ ਜਾਂਦੇ ਹਨ।

ਆਧੁਨਿਕ ਅਰਥਵਿਗਿਆਨੀਆਂ ਜਿਵੇਂ ਵਿਟੋ ਤਾਂਜੀ (Vito Tanzi) ਨੇ ਕਰਯੋਗ ਸਮਰੱਥਾ ਅਤੇ ਸਮੂਹਿਕ ਆਰਥਿਕ ਨੀਤੀਆਂ ਵਿਚਾਲੇ ਸਬੰਧ ਨੂੰ ਵਿਚਾਰਨ ਤੇ ਵੀ ਜ਼ੋਰ ਦਿੱਤਾ ਹੈ। ਉਸ ਦਾ ਵਿਚਾਰ ਹੈ ਕਿ ਵਿਨਿਮਯ ਦਰ, ਆਯਾਤ ਸਥਾਨਾਪਨ, ਵਪਾਰਕ ਉਦਾਰਤਾ, ਮੁਦਰਾ ਸਫ਼ੀਤੀ ਸਰਕਾਰੀ ਰਿਣ ਅਤੇ ਵਿੱਤੀ ਨੀਤੀਆਂ ਵੀ ਕਰ ਪੱਧਰ ਨੂੰ ਨਿਰਧਾਰਤ ਕਰਦੀਆਂ ਹਨ। ਉਸ ਦਾ ਵਿਚਾਰ ਹੈ ਕਿ ਇਹਨਾਂ ਸਮੂਹਿਕ ਆਰਥਿਕ ਚਰਾਂ ਅਤੇ ਕਰ ਪੱਧਰ ਦੇ ਸਬੰਧਾਂ ਨੂੰ ਧਿਆਨ ਨਾਲ ਅਧਿਐਨ ਕਰਨਾ ਚਾਹੀਦਾ ਹੈ।

ਸੋ ਉਪਰੋਕਤ ਵਿਆਖਿਆ ਤੋਂ ਤੁਸੀਂ ਸਮਝ ਗਏ ਹੋਵੋਂਗੇ ਕਿ ਕਿਸੇ ਦੇਸ਼ ਦੀ ਕਰਯੋਗ ਸਮਰੱਥਾ ਨੂੰ ਬਹੁਤ ਸਾਰੇ ਮਾਤਰਾਤਮਕ ਅਤੇ ਕਈ ਗੁਣਾਤਮਕ ਤੱਤ ਪ੍ਰਭਾਵਿਤ ਕਰਦੇ ਹਨ।

**ਸਵੈ-ਮੁਲਾਂਕਣ ਅਭਿਆਸ - 3**

ਪ੍ਰਸ਼ਨ: ਕਰਯੋਗ ਸਮਰੱਥਾ ਨੂੰ ਪ੍ਰਭਾਵਿਤ ਕਰਨ ਵਾਲੇ ਕੋਈ ਦੋ ਮਾਤਰਾਤਮਕ ਤੱਤ ਲਿਖੋ।

ਉੱਤਰ ..............................................................................................................

..............................................................................................................

..............................................................................................................

### 2.8.8 ਭਾਰਤ ਵਿੱਚ ਕਰਯੋਗ ਸਮਰੱਥਾ (Taxable Capacity in India) :

ਭਾਰਤ ਬਹੁਤ ਲੰਬਾ ਸਮਾਂ ਵਿਦੇਸ਼ੀਆਂ ਦੀ ਹਕੂਮਤ ਹੇਠ ਰਿਹਾ ਹੈ। ਇਸ ਨੂੰ ਆਜਾਦ ਹੋਇਆਂ ਅਜੇ ਛੇ ਦਹਾਕੇ ਹੀ ਹੋਏ ਹਨ। ਇਹਨਾਂ ਛੇ ਦਹਾਕਿਆਂ ਵਿੱਚ ਇਸ ਨੇ ਕਾਫ਼ੀ ਖੇਤਰਾਂ ਵਿੱਚ ਤਰੱਕੀ ਲਈ ਹੈ। ਸਰਕਾਰ ਜਿੱਥੇ ਯੋਜਨਾਬੱਧ ਤਰੀਕੇ ਨਾਲ ਸਾਰੇ ਖੇਤਰਾਂ ਦੀ ਤਰੱਕੀ ਲਈ ਖਰਚ ਕਰ ਰਹੀ ਹੈ, ਉੱਥੇ ਆਪਣੀ ਆਮਦਨ ਨੂੰ ਵਧਾਉਣ ਲਈ ਕਰਾਂ ਦਾ ਘੇਰਾ ਵੀ ਵਿਸ਼ਾਲ ਕਰ ਰਹੀ ਹੈ। ਭਾਰਤ ਵਿੱਚ ਆਜ਼ਾਦੀ ਸਮੇਂ ਰਾਸ਼ਟਰੀ ਆਮਦਨ ਦਾ ਕੇਵਲ 6 ਪ੍ਰਤਿਸ਼ਤ ਹਿੱਸਾ ਕਰਾਂ ਵਜੋਂ ਦਿੱਤਾ ਜਾਂਦਾ ਸੀ ਉੱਥੇ ਹੁਣ ਇਹ ਪ੍ਰਤਿਸ਼ਤਤਾ ਵਧ ਕੇ ਤਕਰੀਬਨ 15-16 ਪ੍ਰਤਿਸ਼ਤ ਉੱਤੇ ਪਹੁੰਚ ਗਈ ਹੈ। ਕਰਯੋਗ ਸਮਰੱਥਾ ਦੇ ਨਿਰਧਾਰਕਾਂ ਵੱਲ ਨਜ਼ਰ ਮਾਰੀਏ ਤਾਂ ਸਭ ਤੋਂ ਪਹਿਲਾਂ ਵਿਕਾਸ ਦੇ ਪੜਾਅ ਦੇ ਆਧਾਰ ਤੇ ਵਿਸ਼ਲੇਸ਼ਣ ਕਰੀਏ ਤਾਂ ਪਤਾ ਚਲਦਾ ਹੈ ਕਿ ਭਾਰਤ ਦੀ ਰਾਸ਼ਟਰੀ ਆਮਦਨ ਵਿੱਚ ਸੇਵਾਵਾਂ ਖੇਤਰ ਦਾ ਹਿੱਸਾ ਵਧਦਾ ਜਾ ਰਿਹਾ ਹੈ। ਭਾਵ ਸੇਵਾਵਾਂ ਖੇਤਰ ਵੱਧ ਕਰ ਦੇਣ ਦੇ ਸਮਰੱਥ ਹੈ ਪ੍ਰੰਤੂ ਉਸ ਖੇਤਰ ਤੋਂ ਬਹੁਤ ਘੱਟ ਹਿੱਸਾ ਕਰ ਆਮਦਨ ਵੱਜੋਂ ਉਗਰਾਹਿਆ ਜਾ ਰਿਹਾ ਹੈ। ਸੋ ਇਸ ਖੇਤਰ ਤੇ ਹੋਰ ਕਰ ਲਗਾਏ ਜਾ ਸਕਦੇ ਹਨ। ਭਾਰਤ ਵਿੱਚ ਰਾਸ਼ਟਰੀ ਆਮਦਨ ਅਤੇ ਧਨ ਦੀ ਵੰਡ ਅਸਮਾਨ ਹੈ ਇਸ ਲਈ ਸਰਕਾਰ ਅਸਮਾਨ ਵੰਡ ਨੂੰ ਸਮਾਨ ਕਰਕੇ ਵਧੇਰੇ ਲੋਕਾਂ ਨੂੰ ਕਰਾਂ ਦੇ ਘੇਰੇ ਵਿੱਚ ਲਿਆ ਸਕਦੀ ਹੈ। ਕਰ ਪ੍ਰਬੰਧ ਦੀ ਕਾਰਜਕੁਸ਼ਲਤਾ ਦੇ ਪੱਖ ਤੋਂ ਵੀ ਭਾਰਤ ਵਿੱਚ ਸੁਧਾਰਾਤਮਕ ਕਦਮ ਚੁੱਕਣ ਦੀ ਲੋੜ ਹੈ। ਕਾਲਾ ਬਾਜ਼ਾਰੀ ਅਤੇ ਕਰ ਚੋਰੀ ਨੂੰ ਰੋਕ ਕੇ ਦੇਸ਼ ਵਿੱਚ ਉਪਲਬਧ ਕਰ ਸਮਰੱਥਾ ਦੇ ਬਰਾਬਰ ਕੁੱਲ ਰਾਸ਼ਟਰੀ ਆਮਦਨ ਵਿੱਚ ਕਰਾਂ ਦਾ ਅਨੁਪਾਤ ਵਧਾਇਆ ਜਾ ਸਕਦਾ ਹੈ।

### 2.8.9 ਸਾਰਾਂਸ਼ :

ਇਸ ਪਾਠ ਵਿੱਚ ਤੁਸੀਂ ਪੜ੍ਹ ਚੁੱਕੇ ਹੋ ਕਿ ਕਿਸੇ ਰਾਸ਼ਟਰ ਜਾਂ ਵਿਅਕਤੀ ਦੀ ਕਰਯੋਗ ਸਮਰੱਥਾ ਤੋਂ ਭਾਵ ਕਰ ਦੀ ਉਹ ਵੱਧ ਤੋਂ ਵੱਧ ਰਕਮ ਹੈ ਜੋ ਇੱਕ ਦੇਸ਼ ਦੇ ਨਾਗਰਿਕ ਬਿਨਾਂ ਕਿਸੇ ਬੁਰੇ ਪ੍ਰਭਾਵ ਤੋਂ ਸਰਕਾਰ ਨੂੰ ਅਦਾ ਕਰ ਸਕਦੇ ਹਨ। ਇਹ ਵੀ ਕਿਹਾ ਜਾ ਸਕਦਾ ਹੈ ਕਿ ਸਰਕਾਰ ਆਪਣੇ ਦੇਸ਼ ਦੀ ਜਨਤਾ ਤੋਂ ਬਿਨਾ ਜੀਵਨ ਪੱਧਰ ਅਤੇ ਉਤਪਾਦਕੀ ਸਮਰੱਥਾ ਘਟਾਏ ਅਤੇ ਕਾਰਜਕੁਸ਼ਲਤਾ ਘਟਾਏ ਕਿੰਨੀ ਰਾਸ਼ੀ ਕਰਾਂ ਵੱਜੋਂ ਉਗਰਾਹ ਸਕਦੀ ਹੈ। ਵੱਖ ਵੱਖ ਅਰਥਵਿਗਿਆਨੀਆਂ ਵੱਲੋਂ ਕਰਯੋਗ ਸਮਰੱਥਾ ਦੀਆਂ ਪ੍ਰੀਭਾਸ਼ਾਵਾਂ ਤੁਹਾਨੂੰ ਯਾਦ ਹੀ ਹੋਣਗੀਆਂ। ਜੋਸ਼ੀਹ ਸਟੈਂਪ ਅਨੁਸਾਰ ਉਪਭੋਗ ਲਈ ਲੋੜੀਂਦੀ ਰਕਮ ਨੂੰ ਛੱਡ ਕੇ ਬਾਕੀ ਕਰਯੋਗ ਸਮਰੱਥਾ ਹੈ। ਫਿੰਡਲੇ ਸ਼ਿਰਾਜ ਇਸ ਨੂੰ ਨਿਚੋੜਨ ਦੀ ਹੱਦ ਤੱਕ ਕਹਿੰਦਾ ਹੈ। ਭਾਰਤੀ ਕਰਾਧਾਨ ਖੋਜ ਕਮਿਸ਼ਨ ਇਸ ਨੂੰ ਉਹ ਹੱਦ ਤੱਕ ਦਸਦਾ ਹੈ ਕਿ ਜਿਸ ਤੋਂ ਬਾਦ ਉਤਪਾਦਨ ਸ਼ਕਤੀ ਅਤੇ ਕਾਰਜਕੁਸ਼ਲਤਾ ਘਟਣ ਲੱਗ ਜਾਵੇ। ਨਿਰਪੇਖਿਕ ਕਰਯੋਗ ਸਮਰੱਥਾ (ਭਾਵ ਸਮੁੱਚੇ ਦੇਸ਼ ਦੀ ਕਰਯੋਗ ਸਮਰੱਥਾ) ਦਾ ਪਤਾ ਲਗਾਉਣਾ ਬਹੁਤ ਮੁਸ਼ਕਿਲ ਹੈ, ਪ੍ਰੰਤੂ ਸਾਪੇਖਿਕ ਕਰਯੋਗ ਸਮਰੱਥਾ ਭਾਵ ਦੋ

*ਜਾਂ ਦੋ ਤੋਂ ਵਧੇਰੇ ਵਿਅਕਤੀਆਂ ਦੀ ਕਰਯੋਗ ਸਮਰੱਥਾ ਦੀ ਤੁਲਨਾ ਕਰਨੀ ਆਸਾਨ ਹੈ।*

*ਕਰਯੋਗ ਸਮਰੱਥਾ ਅਤੇ ਕਰ ਕੋਸ਼ਿਸ਼ ਵਿੱਚ ਅੰਤਰ ਵੀ ਤੁਸੀਂ ਪੜ੍ਹ ਚੁੱਕੇ ਹੋ। ਕਰ ਕੋਸ਼ਿਸ਼ ਅਸਲ ਵਿੱਚ ਇਕੱਤਰ ਕੀਤੀ ਕਰ ਆਮਦਨ ਨਾਲ ਸਬੰਧਿਤ ਧਾਰਨਾ ਹੈ ਜਦੋਂ ਕਿ ਕਰਯੋਗ ਸਮਰੱਥਾ ਇਕੱਤਰ ਕੀਤੀ ਜਾ ਸਕਣ ਵਾਲੀ ਮਾਤਰਾ ਹੈ। ਕਰਯੋਗ ਸਮਰੱਥਾ ਨੂੰ ਆਮਦਨ ਢੰਗ ਅਤੇ ਕਰ ਪ੍ਰਾਪਤੀ ਢੰਗ ਦੀ ਸਹਾਇਤਾ ਨਾਲ ਮਾਪਿਆ ਜਾ ਸਕਦਾ ਹੈ। ਕਰਯੋਗ ਸਮਰੱਥਾ ਨੂੰ ਸੰਖਿਆਤਮਕ ਤੱਤ ਅਤੇ ਗੁਣਾਤਮਕ ਤੱਤ ਪ੍ਰਭਾਵਿਤ ਕਰਦੇ ਹਨ। ਸੰਖਿਆਤਮਕ ਤੱਤਾਂ ਵਿੱਚ ਵਿਕਾਸ ਦਾ ਪੜਾਅ, ਕੁੱਲ ਘਰੇਲੂ ਉਤਪਾਦ ਦੀ ਬਣਤਰ, ਪ੍ਰਤਿ ਵਿਅਕਤੀ ਉਪਭੋਗ ਖਰਚਾ, ਸਰਕਾਰੀ ਖਰਚੇ ਦੀ ਬਣਤਰ, ਵਿਦੇਸ਼ੀ ਵਪਾਰ ਦੀ ਮਾਤਰਾ ਕਾਫ਼ੀ ਮਹੱਤਵਪੂਰਣ ਹਨ। ਭਾਰਤ ਦੀ ਕਰਯੋਗ ਸਮਰੱਥਾ ਉਗਰਾਹੀ ਜਾ ਰਹੀ ਕਰ ਆਮਦਨ ਨਾਲੋਂ ਵਧੇਰੇ ਹੈ। ਸੇਵਾਵਾਂ ਖੇਤਰ ਕੁੱਲ ਰਾਸ਼ਟਰੀ ਆਮਦਨ ਵਿੱਚ ਵੱਡਾ ਹਿੱਸਾ ਪਾ ਰਿਹਾ ਹੈ ਪ੍ਰੰਤੂ ਇਸ ਖੇਤਰ ਉੱਤੇ ਬਹੁਤ ਘੱਟ ਕਰ ਹਨ ਜਦੋਂ ਕਿ ਇਸ ਦੀ ਕਰਯੋਗ ਸਮਰੱਥਾ ਵੱਧ ਹੈ।*

### 2.8.10 ਛੋਟੇ ਉੱਤਰਾਂ ਵਾਲੇ ਪ੍ਰਸ਼ਨ

1. *ਕਰਯੋਗ ਸਮਰੱਥਾ ਦੀ ਕੀ ਸੀਮਾ ਹੈ?*
2. *ਕਰਯੋਗ ਸਮਰੱਥਾ ਦੀ ਮਹੱਤਤਾ ਦੱਸੋ।*
3. *ਕਰਯੋਗ ਸਮਰੱਥਾ ਅਤੇ ਕਰ ਕੋਸ਼ਿਸ਼ ਵਿੱਚ ਅੰਤਰ ਕਰੋ।*
4. *ਕਰਯੋਗ ਸਮਰੱਥਾ ਮਾਪਣ ਦੇ ਢੰਗ ਦੱਸੋ।*

### 2.8.11 ਵੱਡੇ ਉੱਤਰਾਂ ਵਾਲੇ ਪ੍ਰਸ਼ਨ

1. *ਕਰਯੋਗ ਸਮਰੱਥਾ ਦੀ ਪ੍ਰੀਭਾਸ਼ਾ ਲਿਖੋ। ਨਿਰਪੇਖਿਕ ਅਤੇ ਸਾਪੇਖਕ ਕਰਯੋਗ ਸਮਰੱਥਾ ਦਾ ਅਰਥ ਦੱਸੋ।*
2. *ਕਿਸੇ ਦੇਸ਼ ਦੀ ਕਰਯੋਗ ਸਮਰੱਥਾ ਕਿਹੜੇ ਤੱਤਾਂ ਤੇ ਨਿਰਭਰ ਕਰਦੀ ਹੈ? ਵਿਆਖਿਆ ਕਰੋ।*

### 2.8.12 ਤਕਨੀਕੀ ਸ਼ਬਦਾਵਲੀ :

***ਕਰਯੋਗ ਸਮਰੱਥਾ* (Taxable Capacity) :**

*ਇਹ ਉਹ ਰਾਸ਼ੀ ਹੈ ਜੋ ਸਰਕਾਰ ਲੋਕਾਂ ਤੋਂ ਉਹਨਾਂ ਦੀ ਕਾਰਜਕੁਸ਼ਲਤਾ ਤੇ ਬਿਨਾਂ ਕੋਈ ਪ੍ਰਭਾਵ ਪਾਏ ਕਰਾਂ ਵੱਜੋਂ ਵਸੂਲ ਕਰ ਸਕਦੀ ਹੈ।*

***ਨਿਰਪੇਖਿਕ ਕਰਯੋਗ ਸਮਰੱਥਾ* (Absolute Taxable Capacity) :**

*ਇਸ ਦਾ ਸਬੰਧ ਸਮੁੱਚੇ ਦੇਸ਼ ਦੀ ਇੱਕ ਨਿਸ਼ਚਿਤ ਰਕਮ ਜਾਂ ਅਨੁਪਾਤ ਨੂੰ ਕਰਾਂ ਵੱਜੋਂ ਨਿਰਧਾਰਤ ਕਰਨਾ ਹੈ ਜੋ ਕਿ ਬਹੁਤ ਹੀ ਮੁਸ਼ਕਿਲ ਹੈ।*

***ਸਾਪੇਖਿਕ ਕਰਯੋਗ ਸਮਰੱਥਾ* (Relative Taxable Capacity) :**

*ਇਹ ਇੱਕ ਕਰਦਾਤੇ ਜਾਂ ਵਰਗ ਜਾਂ ਦੇਸ਼ ਦੀ ਦੂਜੇ ਕਰਦਾਤੇ, ਵਰਗ ਜਾਂ ਦੇਸ਼ ਦੇ ਮੁਕਾਬਲੇ ਅਨੁਪਾਤਕ ਕਰਯੋਗ ਸਮਰੱਥਾ ਕਹੀ ਜਾ ਸਕਦੀ ਹੈ।*

***ਕਰ ਕੋਸ਼ਿਸ਼* (Tax Efforts) :**

*ਇਹ ਅਜਿਹਾ ਢੰਗ ਹੈ ਜੋ ਸਰਕਾਰ ਵੱਲੋਂ ਕਰਾਂ ਰਾਹੀਂ ਅਸਲ ਵਿੱਚ ਇਕੱਤਰ ਕੀਤੀ ਗਈ ਆਮਦਨ ਦੀ ਮਾਤਰਾ ਨੂੰ ਕਰਯੋਗ ਸਮਰੱਥਾ ਦੇ ਅਨੁਪਾਤ ਵਜੋਂ ਮਾਪਦਾ ਹੈ।*

### 2.8.13 ਪ੍ਰਕਾਸ਼ਿਤ ਪੁਸਤਕਾਂ


1. H. Dalton : Principles of Public Finance
2. Richard A. Musgrave : Theory of Public Finance
3. H.L. Bhatia : Public Finance
4. B.P. Tyagi : Public Finance
5. R.N. Bhargava : The Theory and Working of Union Finance in India

# Mandatory Student Feedback Form

https://forms.gle/KS5CLhvpwrpgjwN98

Note: Students, kindly click this google form link, and fill this feedback form once.